


**ਪੰਜਾਬ ਸਟੇਟ ਯੂਨੀਵਰਸਿਟੀ**

**ਟੈਕਸਟ-ਬੁਕ ਬੋਰਡ**

**ਚੰਡੀਗੜ੍ਹ**

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Kripal Singh.

Received on
30.7.1989.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਕੁਰਬਾਨੀ ਦੇ ਪੁੰਜ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਕੁਰਬਾਨੀ ਦੇ ਪੁੰਜ

ਸ. ਪ੍ਰੇਮ ਸਿੰਘ ਪ੍ਰੇਮ

1988

ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁੱਕ ਬੋਰਡ,
ਚੰਡੀਗੜ੍ਹ ।

Digitized by Panjab Digital Library | www.panjabdigilib.org

© Punjab State University Text-Book Board

# KURBANI DE PUNJ

(Biographies of Patriots in Punjabi)

Author : S. PREM SINGH PREM
Editor : RAVINDER RATTAN

"Published under the scheme of production of books and literature in regional languages for the Universities, sponsored by the Ministry of Education and Social Welfare, Government of India".

| | | |
|---|---|---|
| IInd Edition | : | 1988 |
| Copies | : | 1100 |
| Price | : | 17-00 |

Published by :

Dr. Atamjit Singh,
Director,
Punjab State University
Text-Book Board,
Chandigarh.

Printed at :

Swan Printing Press,
Adda Tanda,
Jalandhar City.

Digitized by Panjab Digital Library | www.panjabdigilib.org

## ਦੋ ਸ਼ਬਦ

ਪੁਸਤਕ 'ਕੁਰਬਾਨੀ ਦੇ ਪੁੰਜ' ਉਨ੍ਹਾਂ ਸੁਤੰਤਰਤਾ ਸੰਗਰਾਮੀਆਂ ਸੰਬੰਧੀ ਹੈ, ਜਿਨ੍ਹਾਂ ਨੇ ਆਜ਼ਾਦੀ ਦਾ ਸੁਪਨਾ ਹੀ ਨਹੀਂ ਲਿਆ ਸਗੋਂ ਸੁਪਨਾ ਸਾਕਾਰ ਵੀ ਕੀਤਾ ਤੇ ਆਜ਼ਾਦ ਦੇਸ਼ ਵਿਚ ਆਜ਼ਾਦ ਸਾਹ ਲੈਣ ਦੀ ਲਹਿਰ ਬਣਾਈ ਰੱਖਣ ਲਈ ਆਪਣੀ ਸਾਰੀ ਜ਼ਿੰਦਗੀ ਲਗਾ ਦਿੱਤੀ।

ਬਾਬਾ ਖੜਕ ਸਿੰਘ, ਸੈਫਉਦ-ਦੀਨ ਕਿਚਲੂ, ਮਾਸਟਰ ਤਾਰਾ ਸਿੰਘ, ਦਰਸ਼ਨ ਸਿੰਘ ਫੇਰੂਮਾਨ, ਸੋਹਨ ਸਿੰਘ ਜੋਸ਼, ਭਗਵਾਨ ਸਿੰਘ ਗੋਇੰਦੀ, ਗੁਰਮੁਖ ਸਿੰਘ ਮੁਸਾਫ਼ਿਰ, ਪ੍ਰਤਾਪ ਸਿੰਘ ਕੈਰੋਂ ਅਤੇ ਲਾਲ ਬਹਾਦਰ ਸ਼ਾਸਤਰੀ, ਕੁਰਬਾਨੀ ਦੇ ਪੁੰਜ ਹਨ ਜਿਨ੍ਹਾਂ ਦੇ ਜੀਵਨ ਸਮਾਚਾਰ ਹੱਥਲੀ ਪੁਸਤਕ ਵਿਚ ਸੰਕਲਿਤ ਕੀਤੇ ਗਏ ਹਨ। ਨੇੜਿਓਂ ਵੇਖਣ ਵਾਲੇ ਹੀ ਨਹੀਂ ਸਗੋਂ ਆਜ਼ਾਦੀ ਦੇ ਸੰਗਰਾਮ ਵਿਚ ਉਨ੍ਹਾਂ ਨਾਲ ਰਲ ਕੇ ਸੰਘਰਸ਼ ਕਰਨ ਵਾਲੇ ਸ. ਪ੍ਰੇਮ ਸਿੰਘ ਪ੍ਰੇਮ ਨੇ ਇਨ੍ਹਾਂ ਸ਼ਖਸੀਅਤਾਂ ਨੂੰ ਆਪਣੀ ਕਲਮ ਰਾਹੀਂ ਉਘਾੜਿਆ ਹੈ। ਉਨ੍ਹਾਂ ਦੇ ਸੁਭਾਅ ਦੀਆਂ ਬਾਰੀਕੀਆਂ ਅਤੇ ਅੰਤਰ-ਵਿਰੋਧਾਂ ਨੂੰ ਬਹੁਤ ਸੁਲਝੀ ਹੋਈ ਸ਼ੈਲੀ ਵਿਚ ਪੇਸ਼ ਕੀਤਾ ਹੈ।

ਇਹ ਪੁਸਤਕ ਜਿੱਥੇ ਵਿਦਿਆਰਥੀ ਵਰਗ ਲਈ ਆਪਣੇ ਇਤਿਹਾਸ ਨੂੰ ਦੇਖਣ ਲਈ ਸਹਾਇਕ ਹੋਏਗੀ ਉਥੇ ਆਪਣੇ ਵਿਰਸੇ ਦੀ ਮਾਨਸਿਕਤਾ ਨੂੰ ਸਮਝਣ ਵਿਚ ਵੀ ਮਦਦ ਕਰੇਗੀ। ਸੀਨੀਅਰ ਸੈਕੰਡਰੀ ਦੇ ਬੱਚਿਆਂ ਲਈ ਉਚੇਚੀ ਤਿਆਰ ਕੀਤੀ ਗਈ, ਇਹ ਉਹ ਅਨੁਪੂਰਕ ਪੁਸਤਕ ਹੈ ਜੋ ਨੌਜੁਆਨ ਪੀੜ੍ਹੀ ਅੰਦਰ ਆਪਣੇ ਦੇਸ਼ ਪ੍ਰਤੀ ਲਗਾਉ ਤੇ ਸਤਿਕਾਰ ਪੈਦਾ ਕਰਨ ਲਈ ਇਕ ਪ੍ਰੇਰਨਾਸ੍ਰੋਤ ਬਣੇਗੀ। ਇਹ ਮੇਰੀ ਆਸ਼ਾ ਵੀ ਹੈ ਤੇ ਸ਼ੁਭ ਕਾਮਨਾ ਵੀ। ਪੁਸਤਕ ਦੀ ਪਹਿਲੀ ਐਡੀਸ਼ਨ ਛਪਣਸਾਰ ਖਤਮ ਹੋ ਗਈ ਸੀ। ਹੁਣ ਪਾਠਕਾਂ ਦੀ ਮੰਗ ਤੇ ਇਹ ਨਵੀਂ ਐਡੀਸ਼ਨ ਛਾਪੀ ਗਈ ਹੈ।

ਪੁਸਤਕ ਦਾ ਟਾਈਟਲ-ਡੀਜ਼ਾਈਨ ਸ੍ਰੀ ਜਸਬੀਰ ਭੁੱਲਰ ਨੇ ਤਿਆਰ ਕੀਤਾ ਹੈ ਜਿਸਦੇ ਲਈ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ।

**ਆਤਮਜੀਤ ਸਿੰਘ**

12-4-88 ਡਾਇਰੈਕਟਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਤਰਤੀਬ


| | | ਪੰਨਾ |
|---|---|---|
| 1. | ਬੇਤਾਜ ਬਾਦਸ਼ਾਹ : ਬਾਬਾ ਖੜਕ ਸਿੰਘ | 9 |
| 2. | ਸੈਫ਼-ਉਦ-ਦੀਨ ਕਿਚਲੂ | 28 |
| 3. | ਮਾਸਟਰ ਤਾਰਾ ਸਿੰਘ | 37 |
| 4. | ਦਰਸ਼ਨ ਸਿੰਘ ਫੇਰੂਮਾਨ | 51 |
| 5. | ਸੋਹਣ ਸਿੰਘ ਜੋਸ਼ | 77 |
| 6. | ਭਗਵਾਨ ਸਿੰਘ ਗੋਇੰਦੀ | 98 |
| 7. | ਗੁਰਮੁਖ ਸਿੰਘ ਮੁਸਾਫ਼ਿਰ | 103 |
| 8. | ਫ਼ਿਰੋਜ਼ ਚੰਦ | 125 |
| 9. | ਪ੍ਰਤਾਪ ਸਿੰਘ ਕੈਰੋਂ | 138 |
| 10. | ਲਾਲ ਬਹਾਦਰ ਸ਼ਾਸਤਰੀ | 149 |


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਬੇਤਾਜ ਬਾਦਸ਼ਾਹ : ਬਾਬਾ ਖੜਕ ਸਿੰਘ

ਫਾਰਸੀ ਦੇ ਇਕ ਸ਼ਾਇਰ ਦਾ ਸ਼ੇਅਰ ਹੈ :—

'ਆਂ ਨ ਮਨ ਬਾਸ਼ਮ ਕਿ ਰੋਜ਼ੇ ਜੰਗ ਬੀਨੀ ਪੁਸ਼ਤੇ ਮਨ
ਆਂ ਮਨੱਮ ਕਿ ਦਰਮਿਆਨੇ ਖ਼ਾਕੋ-ਖ਼ੂਨ ਬੀਨੀ ਸਰੇ'

ਅਰਥਾਤ, ਮੈਂ ਉਹ ਨਹੀਂ ਹਾਂ ਕਿ ਜੰਗ ਵੇਲੇ ਮੇਰੀ ਤੂੰ ਪਿੱਠ ਵੇਖੇਂ, ਬਲਕਿ ਮੈਂ ਉਹ ਹਾਂ ਕਿ ਜਿਸਦਾ ਸਿਰ ਤੂੰ ਲਹੂ ਤੇ ਮਿੱਟੀ ਨਾਲ ਲੱਥ-ਪੱਥ ਵੇਖੇਂ।

ਇਹ ਸ਼ੇਅਰ ਬਾਬਾ ਖੜਕ ਸਿੰਘ ਤੇ ਹੂ-ਬ-ਹੂ ਘਟਦਾ ਹੈ। ਦਸੰਬਰ 1929 ਨੂੰ ਲਾਹੌਰ ਆਲ ਇੰਡੀਆ ਸਿੱਖ ਕਾਨਫਰੰਸ 'ਤੇ ਬੋਲਦਿਆਂ ਬਾਬਾ ਜੀ ਨੇ ਕਿਹਾ :— "ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਜੇ ਤੁਸੀਂ ਬੰਦੂਕ ਦੀ ਗੋਲੀ ਮੇਰੀ ਪਿੱਠ ਵਿਚ ਲੱਗੀ ਵੇਖੋ ਤਾਂ ਮੈਨੂੰ ਗੁਰੂ ਦੇ ਸਿੱਖਾਂ ਵਿਚ ਨਾ ਗਿਣਿਉ ਅਤੇ ਮੇਰਾ ਦਾਹ-ਸੰਸਕਾਰ ਸਿੱਖ ਮਰਯਾਦਾ ਅਨੁਸਾਰ ਨਾ ਕਰਿਉ।" ਮਹਾਨ ਗੁਰੂਅ ਦਾ ਸ਼ਿਸ਼ ਇਕ ਆਦਰਸ਼ਕ ਸੰਤ ਸਿਪਾਹੀ ਹੁੰਦਾ ਹੈ ਤੇ ਉਸ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਅਗਲੀ ਕਤਾਰ ਵਿਚ ਹੋ ਕੇ ਲੜੇ ਤੇ ਗੋਲੀ ਆਪਣੀ ਛਾਤੀ ਤੇ ਝੱਲੇ ਨਾ ਕਿ ਪਿੱਠ ਉਤੇ। ਅਸੀਂ ਸਿੱਖ ਕਿਸੇ ਬਦੇਸੀ ਨੂੰ ਇਹ ਆਗਿਆ ਨਹੀਂ ਦਿਆਂਗੇ ਕਿ ਉਹ ਸਾਡੇ ਮੁਲਕ ਤੇ ਰਾਜ ਕਰੇ। ਇਹ ਹੈ ਵੀ ਹਕੀਕਤ ਕਿ ਜੇ ਸਾਹਮਣੇ ਤੋਂ ਗੋਲੀ ਆਉਂਦੀ ਹੋਵੇ ਤਾਂ ਬਾਬਾ ਖੜਕ ਸਿੰਘ ਦੀ ਛਾਤੀ ਵਿਚ ਲਰਜ਼ਿਸ਼ ਨਹੀਂ ਸੀ ਆ ਸਕਦੀ।

ਬਾਬਾ ਖੜਕ ਸਿੰਘ ਦਾ ਜਨਮ ਜੂਨ 1868 ਵਿਚ ਸਿਆਲਕੋਟ (ਹੁਣ ਪਾਕਿਸਤਾਨ) ਦੇ ਇਕ ਸਿੱਖ ਸਰਦਾਰ ਸ. ਹਰੀ ਸਿੰਘ ਜੀ ਦੇ ਘਰ ਹੋਇਆ। ਸ. ਹਰੀ ਸਿੰਘ ਦਾ ਇਕ ਰਿਸ਼ਤੇਦਾਰ ਬਾਬਾ ਜਮੀਤ ਸਿੰਘ ਸੀ ਜੋ ਹਮੇਸ਼ਾ ਬੰਦਗੀ ਵਿਚ ਰਹਿੰਦਾ ਸੀ ਤੇ ਸਾਧਾਂ ਸੰਤਾਂ ਵਾਲਾ ਜੀਵਨ ਗੁਜ਼ਾਰਦਾ ਸੀ। ਸ. ਹਰੀ



Digitized by Panjab Digital Library | www.panjabdigilib.org

ਸਿੰਘ ਨੇ ਬਾਬਾ ਜਮੀਤ ਸਿੰਘ ਦੀ ਬੜੀ ਸੇਵਾ ਕੀਤੀ ਤੇ ਉਸ ਦੇ ਪੂਰਨਿਆਂ ਤੇ ਚੱਲੇ। ਕਿਹਾ ਜਾਂਦਾ ਹੈ ਕਿ ਇਕ ਦਿਨ ਬਾਬਾ ਜਮੀਤ ਸਿੰਘ ਨੇ ਸ. ਹਰੀ ਸਿੰਘ ਨੂੰ ਕਿਹਾ ਕਿ ਤੇਰੇ ਸਿਤਾਰੇ ਚੰਗੇ ਨਹੀਂ ਹਨ ਤੇ ਤੇਰੇ ਪਾਸੋਂ ਤੇਰੀ ਸਭ ਤੋਂ ਪਿਆਰੀ ਚੀਜ਼ ਖੁਸ ਜਾਣ ਵਾਲੀ ਹੈ। ਥੋੜ੍ਹੇ ਦਿਨਾਂ ਬਾਅਦ ਹੀ ਸ. ਹਰੀ ਸਿੰਘ ਦਾ ਇਕਲੌਤਾ ਬੇਟਾ ਸ. ਸੰਤ ਸਿੰਘ ਉਸਨੂੰ ਸਦੀਵੀ ਵਿਛੋੜਾ ਦੇ ਗਿਆ ਸ. ਹਰੀ ਸਿੰਘ ਨੂੰ ਸੱਟ ਤਾਂ ਬੜੀ ਭਾਰੀ ਵੱਜੀ ਪਰ ਉਹ ਭਾਣਾ ਮੰਨ ਕੇ ਅਡੋਲ ਰਿਹਾ ਤੇ ਸ਼ਰਧਾ ਨਾਲ ਬਾਬਾ ਜਮੀਤ ਸਿੰਘ ਦੀ ਸੇਵਾ ਕਰਦਾ ਰਿਹਾ। ਕੁਝ ਚਿਰ ਬਾਅਦ ਇਕ ਦਿਨ ਬਾਬਾ ਜਮੀਤ ਸਿੰਘ ਪ੍ਰਾਰਥਨਾ ਦੀ ਸਮਾਧੀ ਤੋਂ ਉੱਠੇ ਤਾਂ ਸ. ਹਰੀ ਸਿੰਘ ਨੂੰ ਕਹਿਣ ਲੱਗੇ, "ਪ੍ਰਮਾਤਮਾ ਤੈਨੂੰ ਜ਼ਿੰਦਗੀ ਵਿਚ ਬਹੁਤ ਧਨ ਦੌਲਤ ਬਖਸ਼ੇਗਾ। ਵਾਹਿਗੁਰੂ ਤੈਨੂੰ ਦੋ ਬੇਟੇ ਵੀ ਦੇਵੇਗਾ। ਤੂੰ ਉਹਨਾਂ ਦਾ ਨਾਂ ਸ਼ੇਰ ਸਿੰਘ ਤੇ ਖੜਕ ਸਿੰਘ ਰੱਖੀਂ। ਖੜਕ ਸਿੰਘ ਬੜੇ ਉੱਚੇ ਆਚਰਣ ਵਾਲਾ ਇਨਸਾਨ ਹੋਵੇਗਾ ਤੇ ਤੇਰੇ ਖ਼ਾਨਦਾਨ ਦਾ ਨਾਮ ਰੌਸ਼ਨ ਕਰੇਗਾ।"

ਸਮਾਂ ਪਾਕੇ ਬਾਬਾ ਜੀ ਦੀ ਭਵਿੱਖ ਬਾਣੀ ਠੀਕ ਨਿਕਲੀ ਤੇ ਸ. ਹਰੀ ਸਿੰਘ ਨੇ ਆਪਣੇ ਬੇਟਿਆਂ ਦੇ ਨਾਂ ਸ਼ੇਰ ਸਿੰਘ ਤੇ ਖੜਕ ਸਿੰਘ ਰੱਖੇ।

ਸ. ਹਰੀ ਸਿੰਘ ਸਿਆਲਕੋਟ ਦਾ ਇਕ ਬਹੁਤ ਵੱਡਾ ਮਾਲਦਾਰ ਸਰਮਾਏਦਾਰ ਹੋਇਆ ਤੇ ਅੰਗਰੇਜ਼ ਦੇ ਦਰਬਾਰ ਵਿਚ ਉਸਦਾ ਬੜਾ ਮਾਣ ਸੀ। ਉਸਨੂੰ ਰਾਏ ਬਹਾਦਰ ਦਾ ਖ਼ਿਤਾਬ ਮਿਲਿਆ। ਉਸ ਦੀ ਮੌਤ ਤੋਂ ਬਾਅਦ ਇਹ ਖ਼ਿਤਾਬ ਉਸਦੇ ਵੱਡੇ ਪੁੱਤਰ ਸ. ਸ਼ੇਰ ਸਿੰਘ ਨੂੰ ਹਾਸਲ ਹੋਇਆ। ਸ. ਸ਼ੇਰ ਸਿੰਘ 40 ਸਾਲ ਦੀ ਅਵਸਥਾ ਵਿਚ ਹੀ ਗੁਜ਼ਰ ਗਿਆ ਤੇ ਉਸ ਤੋਂ ਪਿਛੋਂ ਬਾਬਾ ਖ਼ੜਕ ਸਿੰਘ ਹੀ ਉਸ ਸਭ ਮਾਲ ਜਾਇਦਾਦ ਦੇ ਇਕੋ ਇਕ ਮਾਲਕ ਸਨ।

ਬਾਬਾ ਖੜਕ ਸਿੰਘ ਰਾਜਨੀਤੀ ਦੇ ਖੇਤਰ ਵਿਚ ਸਹੀ ਅਰਥਾਂ ਵਿਚ 1919-20 ਵਿਚ ਦਾਖਿਲ ਹੋਏ। ਪਰ ਕੁਝ ਸਾਲ ਉਸ ਤੋਂ ਪਹਿਲਾਂ ਵੀ ਆਪ ਨੂੰ ਇਕ ਦੋ ਵਾਰ ਇਸਦਾ ਮੌਕਾ ਪ੍ਰਦਾਨ ਕੀਤਾ ਗਿਆ। ਸੰਨ 1912 ਵਿਚ ਜਦੋਂ ਸਿੱਖ ਐਜੂਕੇਸ਼ਨ ਕਾਨਫਰੰਸ ਦਾ ਇਜਲਾਸ ਸਿਆਲਕੋਟ ਹੋਇਆ ਤਾਂ ਆਪ ਨੂੰ ਸੁਆਗਤੀ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। ਇਸ ਕਾਨਫਰੰਸ ਦਾ ਕਰਤਾ ਧਰਤਾ ਚੀਫ਼ ਖਾਲਸਾ ਦੀਵਾਨ ਸੀ। ਚੀਫ਼ ਖਾਲਸਾ ਦੀਵਾਨ ਵੱਡੇ-ਵੱਡੇ ਸਿੱਖ ਸਰਦਾਰਾਂ ਤੇ ਜਾਗੀਰਦਾਰਾਂ ਦੀ ਜਮਾਤ ਸੀ ਜਿਸ ਨੇ ਵਿਦਿਆ ਦੇ ਖੇਤਰ ਵਿਚ

Digitized by Panjab Digital Library | www.panjabdigilib.org

ਬੜਾ ਸ਼ਲਾਘਾਯੋਗ ਕੰਮ ਕੀਤਾ ਪਰ ਰਾਜਨੀਤਕ ਤੌਰ ਤੇ ਇਹ ਅੰਗਰੇਜ਼ ਸਰਕਾਰ ਪੱਖੀ ਜਥੇਬੰਦੀ ਸੀ। ਉਸ ਵੇਲੇ ਸਿੱਖਾਂ ਵਿਚ ਹੈ ਵੀ ਚੀਫ਼ ਖਾਲਸਾ ਦੀਵਾਨ ਹੀ ਸੀ, ਸ਼੍ਰੋਮਣੀ ਅਕਾਲੀ ਦਲ ਤਾਂ ਬਾਅਦ ਵਿਚ ਹੋਂਦ ਵਿਚ ਆਇਆ। ਸ: ਖੜਕ ਸਿੰਘ ਚੂੰਕਿ ਸਿਆਲਕੋਟ ਦਾ ਸਭ ਤੋਂ ਵੱਡਾ ਪੂੰਜੀਪਤੀ ਸਰਦਾਰ ਸੀ, ਸਰ ਸੁੰਦਰ ਸਿੰਘ ਮਜੀਠੀਆ ਤੇ ਹੋਰ ਦੀਵਾਨ ਦੇ ਅਧਿਕਾਰੀਆਂ ਦੀ ਨਜ਼ਰ ਉਸ ਤੇ ਪਈ ਤੇ 1912 ਵਿਚ ਉਸ ਨੂੰ ਸੁਆਗਤੀ ਕਮੇਟੀ ਦਾ ਚੇਅਰਮੈਨ ਤੇ 1915 ਵਿਚ ਤਰਨਤਾਰਨ ਸਿੱਖ ਐਜੂਕੇਸ਼ਨ ਕਾਨਫਰੰਸ ਦਾ ਪ੍ਰਧਾਨ ਬਣਾ ਕੇ ਮੈਦਾਨ ਵਿਚ ਲਿਆਂਦਾ। ਪਰ ਖੜਕ ਸਿੰਘ ਚੂੰਕਿ ਇਕ ਵੱਖਰੀ ਅਸਪਾਤ ਦਾ ਬਣਿਆ ਹੋਇਆ ਸੀ, ਸਰਕਾਰੀ ਸਰਦਾਰਾਂ ਤੇ ਸਿਆਲਕੋਟ ਦੇ ਇਸ ਸਰਦਾਰ ਦੇ ਰਾਹ ਅੱਡ-ਅੱਡ ਸਨ। ਚੀਫ਼ ਖਾਲਸਾ ਦੀਵਾਨ ਨੂੰ ਪਿੱਛੋਂ ਪੱਛਤਾਉਣਾ ਪਿਆ ਤੇ 1915 ਦੇ ਤਜ਼ਰਬੇ ਤੋਂ ਬਾਅਦ ਫਿਰ ਬਾਬਾ ਜੀ ਦੀ ਸਾਰੀ ਜ਼ਿੰਦਗੀ ਵਿਚ ਉਨ੍ਹਾਂ ਨੂੰ ਨੇੜੇ ਨਹੀਂ ਲੱਗਣ ਦਿੱਤਾ। ਤਰਨ ਤਾਰਨ ਜਦੋਂ ਪ੍ਰਧਾਨ ਦਾ ਜਲੂਸ ਨਿਕਲਣ ਲੱਗਾ ਤਾਂ ਹਸਬ ਮਾਮੂਲ ਛੇ ਘੋੜਿਆਂ ਵਾਲੀ ਬੱਘੀ ਪ੍ਰਧਾਨ ਜੀ ਦੀ ਸਵਾਰੀ ਲਈ ਪੇਸ਼ ਕੀਤੀ ਗਈ। ਬਾਬਾ ਜੀ ਨੇ ਕਿਹਾ ਕਿ ਇਹ ਜਲੂਸ ਦਰਬਾਰ ਸਾਹਿਬ ਮੱਥਾ ਟੇਕਣ ਲਈ ਜਾ ਰਿਹਾ ਹੈ, ਮੈਂ ਪੈਦਲ ਚਲ ਕੇ ਜਾਵਾਂਗਾ। ਸਾਰਾ ਜਲੂਸ ਗੁਰਦੁਆਰੇ ਤੱਕ ਬਾਬਾ ਜੀ ਨਾਲ ਪੈਦਲ ਗਿਆ। ਬਾਬਾ ਜੀ ਦੇ ਇਸ ਅਮਲ ਨਾਲ ਸੰਗਤਾਂ ਵਿਚ ਆਪ ਦੀ ਬੜੀ ਵਾਹ ਵਾਹ ਹੋ ਗਈ। ਉਨ੍ਹਾਂ ਦਿਨਾਂ ਵਿਚ ਪਹਿਲੀ ਵਿਸ਼ਵ ਜੰਗ ਚਲ ਰਹੀ ਸੀ। ਕਾਨਫਰੰਸ ਹਰ ਸਾਲ ਆਪਣੇ ਇਜਲਾਸ ਵਿਚ ਇਕ ਮਤਾ ਪਾਸ ਕਰਦੀ ਸੀ। ਜਿਸਦੇ ਸ਼ਬਦ ਇਹ ਸਨ :—

"ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਅੰਗਰੇਜ਼ ਸਰਕਾਰ ਨੂੰ ਜੰਗ ਵਿਚ ਜਿੱਤ ਪ੍ਰਾਪਤ ਹੋਵੇ ਤੇ ਹਿੰਦੁਸਤਾਨ ਵਿਚ ਉਨ੍ਹਾਂ ਦਾ ਰਾਜ ਹਮੇਸ਼ਾਂ-ਹਮੇਸ਼ਾਂ ਲਈ ਕਾਇਮ ਰਵ੍ਹੇ"।

ਇਹ ਮਤਾ ਸਦਰ ਅਥਵਾ ਪ੍ਰਧਾਨ ਵਲੋਂ ਪੇਸ਼ ਕੀਤਾ ਜਾਂਦਾ ਸੀ। ਜਦੋਂ ਬਾਬਾ ਜੀ ਨੂੰ ਇਹ ਮਤਾ ਪੇਸ਼ ਕਰਨ ਲਈ ਦਿੱਤਾ ਗਿਆ ਤਾਂ ਆਪ ਕਪੜਿਆਂ ਤੋਂ ਬਾਹਰ ਹੋ ਗਏ। ਆਪ ਨੇ ਐਸਾ ਮਤਾ ਪੇਸ਼ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ, "ਇਕ ਤਾਂ ਮੈਂ ਇਹ ਵਿਸ਼ਵਾਸ ਹੀ ਨਹੀਂ ਕਰ ਸਕਦਾ ਕਿ ਕੋਈ ਰਾਜ ਹਮੇਸ਼ਾਂ ਵਾਸਤੇ ਕਾਇਮ ਰਹਿ ਸਕਦਾ ਹੈ ਤੇ ਦੂਸਰਾ ਮੈਂ ਨਹੀਂ

Digitized by Panjab Digital Library | www.panjabdigilib.org

ਚਾਹੁੰਦਾ ਕਿ ਮੇਰਾ ਮੁਲਕ ਹਮੇਸ਼ਾਂ ਗੁਲਾਮੀ ਵਿਚ ਰਵ੍ਹੇ ਇਸ ਵਾਸਤੇ ਮੈਂ ਐਸੀ ਪ੍ਰਾਰਥਨਾ ਨਹੀਂ ਕਰ ਸਕਦਾ। ਮੈਂ ਇਹ ਮਤਾ ਪੇਸ਼ ਨਹੀਂ ਕਰਾਂਗਾ।" ਚੀਫ਼ ਖਾਲਸਾ ਦੀਵਾਨ ਦੇ ਸਰਦਾਰਾਂ ਨੂੰ ਬਾਬਾ ਜੀ ਦੇ ਅਸਲੀ ਸਰੂਪ ਦੀ ਸਮਝ ਆ ਗਈ ਤੇ ਮੁੜ ਕੇ ਉਹ ਉਸ ਰਾਹ ਤੇ ਨਹੀਂ ਤੁਰੇ।

ਅਪ੍ਰੈਲ 1919 ਵਿਚ ਜਲ੍ਹਿਆਂ ਵਾਲਾ ਬਾਗ ਦਾ ਸਾਕਾ ਹੋਇਆ। ਜਨਰਲ ਡਾਇਰ ਨੇ ਨਿਹੱਥੇ ਤੇ ਅਮਨ ਪਸੰਦ ਲੋਕਾਂ ਤੇ ਗੋਲੀਆਂ ਚਲਾਈਆਂ। ਮਾਰਸ਼ਲ ਲਾਅ ਦੇ ਨਾਂ ਹੇਠਾਂ ਜੋ ਜ਼ੁਲਮ ਕੀਤੇ ਗਏ ਇਸ ਨਾਲ ਸਾਰੇ ਮੁਲਕ ਵਿਚ ਬੇ-ਪਨਾਹ ਤੂਫ਼ਾਨ ਉੱਠਿਆ ਤੇ ਸਰਕਾਰ ਵਿਰੁਧ ਚੌਤਰਫ਼ੀ ਘਿਰਣਾ ਪੈਦਾ ਹੋ ਗਈ। ਸਿੱਖ ਜਿਨ੍ਹਾਂ ਨੇ ਚੀਫ਼ ਖਾਲਸਾ ਦੀਵਾਨ ਨਾਲ ਜੁੜਕੇ ਸਰਕਾਰ ਦੀ ਮਦਦ ਕੀਤੀ ਸੀ, ਸਰਕਾਰ ਵਿਰੁੱਧ ਭੜਕ ਗਏ। ਕੁਝ ਕੌਮ ਪ੍ਰਸਤ ਸਿੱਖ ਲੀਡਰਾਂ ਨੇ "ਸੈਂਟਰਲ ਸਿੱਖ ਲੀਗ" ਦੇ ਨਾਂ ਹੇਠਾਂ ਇਕ ਨਵੀਂ ਜਥੇਬੰਦੀ ਵੀ ਕਾਇਮ ਕੀਤੀ। ਇੰਡੀਅਨ ਨੈਸ਼ਨਲ ਕਾਂਗਰਸ ਨੇ ਆਪਣਾ ਸਲਾਨਾ ਇਜਲਾਸ ਅੰਮ੍ਰਿਤਸਰ ਰੱਖਿਆ ਹੋਇਆ ਸੀ ਜਿਸਦੀ ਪ੍ਰਧਾਨਗੀ ਪੰਡਤ ਮੋਤੀ ਲਾਲ ਨਹਿਰੂ ਕਰ ਰਹੇ ਸਨ। ਸੈਂਟਰਲ ਸਿੱਖ ਲੀਗ ਨੇ ਵੀ ਆਪਣਾ ਪਹਿਲਾ ਇਜਲਾਸ ਉਸੇ ਸਮੇਂ ਅੰਮ੍ਰਿਤਸਰ ਵਿਚ ਰੱਖ ਦਿੱਤਾ। ਕਾਂਗਰਸ ਦੇ ਚੋਟੀ ਦੇ ਲੀਡਰ ਮਹਾਤਮਾ ਗਾਂਧੀ, ਲੋਕ ਮਾਨਯ ਤਿਲਕ, ਹਕੀਮ ਅਜਮਲ ਖ਼ਾਨ, ਡਾਕਟਰ ਅਨਸਾਰੀ, ਪੰ: ਮਦਨ ਮੋਹਨ ਮਾਲਵੀਆ, ਅਲੀ ਭਾਈ ਤੇ ਡਾਕਟਰ ਕਿਚਲੂ ਜੋ ਕਾਂਗਰਸ ਸ਼ੈਸ਼ਨ ਕਰਕੇ ਅੰਮ੍ਰਿਤਸਰ ਮੌਜੂਦ ਸਨ, ਸੈਂਟਰਲ ਸਿੱਖ ਲੀਗ ਦੇ ਇਜਲਾਸ ਵਿਚ ਸ਼ਾਮਿਲ ਹੋਏ। ਬਾਬਾ ਖੜਕ ਸਿੰਘ ਵੀ ਇਕ ਆਮ ਸਰੋਤੇ ਦੀ ਤਰ੍ਹਾਂ ਇਸ ਇਕੱਠ ਵਿਚ ਮੌਜੂਦ ਸਨ। ਆਪ ਨੇ ਚਿੱਟ ਭੇਜ ਕੇ ਸਕੱਤਰ ਤੋਂ ਸਮਾਂ ਮੰਗਿਆ। ਜਦੋਂ ਸ: ਖੜਕ ਸਿੰਘ ਸਰਦਾਰੀ ਚੋਗਾ ਪਾ ਸਟੇਜ ਤੇ ਆਏ ਤਾਂ ਲੋਕ ਦੁਚਿੱਤੀ ਤੇ ਸ਼ਸ਼ੋਪੰਜ ਵਿਚ ਸਨ ਕਿ ਪਤਾ ਨਹੀਂ ਇਹ ਸਰਦਾਰ ਕੀ ਬੋਲੇਗਾ। ਦੇਸ਼ ਭਗਤ ਤਬਕਾ ਉਸ ਵੇਲੇ ਚੀਫ਼ ਖ਼ਾਲਸਾ ਦੀਵਾਨ ਨਾਲ ਨਾਰਾਜ਼ ਸੀ ਕਿਉਂਕਿ ਉਨ੍ਹਾਂ ਦੇ ਨੁਮਾਇੰਦੇ ਨੇ ਜਨਰਲ ਡਾਇਰ ਨੂੰ ਅਕਾਲ ਤਖ਼ਤ ਬੁਲਾ ਕੇ ਸਿਰੋਪਾ ਪੇਸ਼ ਕੀਤਾ ਸੀ। ਪਰ ਸ. ਖੜਕ ਸਿੰਘ ਵਿਚ ਤਾਂ ਦੇਸ਼ ਭਗਤੀ ਦੀ ਅੱਗ ਸੀ। ਉਨ੍ਹਾਂ ਦੀ ਤਕਰੀਰ ਵਿਦੇਸ਼ੀ ਸਰਕਾਰ ਵਿਰੁੱਧ ਜਜ਼ਬਾਤ ਨਾਲ ਭਰਪੂਰ ਸੀ, ਜਿਸਦਾ ਜੈਕਾਰਿਆਂ ਨਾਲ ਸੁਆਗਤ ਕੀਤਾ ਗਿਆ। ਇਹ ਸਹੀ ਅਰਥਾਂ ਵਿਚ ਪਹਿਲਾ

Digitized by Panjab Digital Library | www.panjabdigilib.org

ਅਵਸਰ ਸੀ ਜਦੋਂ ਬਾਬਾ ਖੜਕ ਸਿੰਘ ਰਾਜਨੀਤੀ ਦੇ ਮੈਦਾਨ ਵਿਚ ਬਾਹਮਣੇ ਆਏ ਪੰਜਾਬੀਆਂ ਅਤੇ ਖਾਸ ਕਰਕੇ ਸਿੱਖਾਂ ਨੂੰ ਬਾਬਾ ਜੀ ਦੀ ਸ਼ਖ਼ਸ਼ੀਅਤ ਵਿਚ ਇਕ ਐਸਾ ਨੇਤਾ ਦਿਸਿਆ ਜੋ ਉਸ ਭਿਆਨਕ ਤੂਫ਼ਾਨ ਵਿਚ ਉਨ੍ਹਾਂ ਦੀ ਬੇੜੀ ਨੂੰ ਬੰਨ੍ਹੇ ਲਾ ਸਕਦਾ ਸੀ।

ਸੰਨ 1920 ਵਿਚ ਕਾਂਗਰਸ ਦਾ ਇਜਲਾਸ ਲਾਲਾ ਲਾਜਪਤ ਰਾਏ ਦੀ ਪ੍ਰਧਾਨਗੀ ਹੇਠ ਕਲਕੱਤੇ ਹੋਇਆ ਜਿਸ ਵਿਚ ਮਹਾਤਮਾ ਗਾਂਧੀ ਨੇ ਨਾ-ਮਿਲਵਰਤਨ ਦਾ ਇਤਿਹਾਸਕ ਮਤਾ ਪੇਸ਼ ਕੀਤਾ। ਕਾਂਗਰਸ ਨੇ ਉਹ ਮਤਾ ਪਾਸ ਕੀਤਾ ਤੇ ਇਸ ਤਰ੍ਹਾਂ ਇਕ ਨਵੀਂ ਕਿਸਮ ਦੀ ਲੜਾਈ ਸ਼ੁਰੂ ਹੋਈ। ਕਾਂਗਰਸ ਦੇ ਫੈਸਲੇ ਤੋਂ ਪ੍ਰਭਾਵਤ ਹੋ ਕੇ ਸਿੱਖ-ਕੌਮੀ ਲੀਡਰਾਂ ਨੇ ਸੈਂਟਰਲ ਸਿੱਖ ਲੀਗ ਦਾ ਇਜਲਾਸ ਕਰਨ ਦਾ ਫੈਸਲਾ ਕੀਤਾ ਤੇ ਮਨ ਬਣਾਇਆ ਕਿ ਨਾ-ਮਿਲਵਰਤਣ ਦਾ ਮਤਾ ਪਾਸ ਕਰਕੇ ਸਿੱਖਾਂ ਨੂੰ ਵੀ ਦੇਸ਼ ਦੀ ਅਗਾਂਹ ਵਧੂ ਜਮਾਤ ਨਾਲ ਮੋਢੇ ਨਾਲ ਮੋਢਾ ਡਾਹ ਕੇ ਕੰਮ ਕਰਨਾ ਚਾਹੀਦਾ ਹੈ। ਕੌਮ ਦੇ ਇਸ ਇਜਲਾਸ ਦੀ ਪ੍ਰਧਾਨਗੀ ਲਈ ਬਾਬਾ ਖੜਕ ਸਿੰਘ ਨੂੰ ਬੇਨਤੀ ਕੀਤੀ ਗਈ ਜੋ ਉਨ੍ਹਾਂ ਨੇ ਖੁਸ਼ੀ ਨਾਲ ਕਬੂਲ ਕੀਤੀ। ਇਜਲਾਸ ਲਾਹੌਰ ਦੇ ਬ੍ਰੈਡਲਾ ਹਾਲ ਵਿਚ ਹੋਇਆ ਜਿਸ ਵਿਚ ਮਹਾਤਮਾ ਗਾਂਧੀ, ਅਲੀ ਭਾਈ ਤੇ ਡਾਕਟਰ ਕਿਚਲੂ ਸ਼ਾਮਿਲ ਹੋਏ। ਬਾਬਾ ਖੜਕ ਸਿੰਘ ਨੇ ਅੰਗਰੇਜ਼ੀ ਸਾਮਰਾਜ ਦੇ ਖਿਲਾਫ ਇਕ ਧੂੰਆਂ ਧਾਰ ਤਕਰੀਰ ਕਰਕੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਵਿਦੇਸ਼ੀ ਸਰਕਾਰ ਦਾ ਬਾਈਕਾਟ ਕਰਕੇ ਕੌਮੀ ਤਾਕਤਾਂ ਨਾਲ ਮੂਹਰਲੀ ਕਤਾਰ ਵਿਚ ਹੋ ਕੇ ਲੜਨ। ਬਾਬਾ ਜੀ ਦੀ ਤਕਰੀਰ ਦਾ ਬੜਾ ਅਸਰ ਹੋਇਆ ਤੇ ਮਤਾ ਸਰਬ ਸੰਮਤੀ ਨਾਲ ਪਾਸ ਹੋ ਗਿਆ। ਉਸ ਵੇਲੇ ਡਾਕਟਰ ਕਿਚਲੂ ਨੇ ਠੀਕ ਹੀ ਕਿਹਾ ਸੀ, ਕਿ ਸਿੱਖਾਂ ਨੂੰ ਕੌਮੀ ਤਹਿਰੀਕ ਵਿਚ ਸ਼ਾਮਿਲ ਕਰਨ ਦਾ ਸਿਹਰਾ ਬਾਬਾ ਖੜਕ ਸਿੰਘ ਦੇ ਸਿਰ ਤੇ ਹੈ।

ਸੰਨ 1921 ਵਿਚ ਨਨਕਾਣਾ ਸਾਹਿਬ ਦਾ ਸਾਕਾ ਹੋ ਗਿਆ। ਮਹੰਤ ਨਾਰਾਇਣ ਦਾਸ ਦੇ ਜ਼ੁਲਮ ਨੇ ਸਾਰੇ ਸਿੱਖ ਪੰਥ ਵਿਚ ਗੁੱਸੇ ਦੀ ਇਕ ਲਹਿਰ ਪੈਦਾ ਕਰ ਦਿੱਤੀ। ਸਿੱਖ ਨੇਤਾ ਇਕੱਠੇ ਹੋਏ ਤੇ ਉਨ੍ਹਾਂ ਫੈਸਲਾ ਕੀਤਾ ਕਿ ਗੁਰਦਵਾਰਿਆਂ ਦਾ ਪ੍ਰਬੰਧ ਸਰਕਾਰ ਨੇ ਪਿਠੂ ਮਹੰਤਾਂ ਪਾਸੋਂ ਖੋਹ ਕੇ ਪੰਥ ਦੇ ਹੱਥਾਂ ਵਿਚ ਆਉਣਾ ਚਾਹੀਦਾ ਹੈ। ਚੁਨਾਂਚਿ ਇਸ ਮੰਤਵ ਲਈ ਸ਼੍ਰੋ: ਗੁ: ਪ੍ਰੰ: ਕਮੇਟੀ ਕਾਇਮ ਕੀਤੀ ਗਈ ਜਿਸ ਦਾ ਮੋਢੀ ਪ੍ਰਧਾਨ ਬਾਬਾ ਖੜਕ ਸਿੰਘ ਨੂੰ ਚੁਣਿਆ

Digitized by Panjab Digital Library | www.panjabdigilib.org

ਗਿਆ। ਉਸੇ ਸਾਲ ਨਵੰਬਰ ਵਿਚ ਪੰਜਾਬ ਸਰਕਾਰ ਨੇ ਇਕ ਹੁਕਮ ਜਾਰੀ ਕੀਤਾ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਤੋਸ਼ਾ ਖ਼ਾਨਾ ਦੀਆਂ ਚਾਬੀਆਂ ਜ਼ਿਲੇ ਦੇ ਡਿਪਟੀ ਕਮਿਸ਼ਨਰ ਦੇ ਕਬਜ਼ੇ ਵਿਚ ਰਹਿਣਗੀਆਂ। ਨੌਕਰ ਸ਼ਾਹੀ ਨੇ ਇਹ ਫੈਸਲਾ ਦੇਸ਼ ਭਗਤ ਤੇ ਜੋਸ਼ੀਲੇ ਸਿੱਖਾਂ ਜਿਨ੍ਹਾਂ ਨੇ ਕਾਂਗਰਸ ਨਾਲ ਹੱਥ ਮਿਲਾ ਕੇ ਅੰਗਰੇਜ਼ਾਂ ਨੂੰ ਨਰਾਜ਼ ਕਰ ਲਿਆ ਸੀ, ਦੀਆਂ ਸਰਗਰਮੀਆਂ ਨੂੰ ਦਬਾਅ ਦੇਣ ਲਈ ਕੀਤਾ। ਸ਼੍ਰੋਮਣੀ ਕਮੇਟੀ ਨੇ ਬਾਬਾ ਜੀ ਦੀ ਪ੍ਰਧਾਨਗੀ ਹੇਠਾਂ ਇਸ ਫ਼ੈਸਲੇ ਵਿਰੁਧ ਰੋਸ ਪ੍ਰਗਟ ਕੀਤਾ ਤੇ ਚਾਬੀਆਂ ਹਾਸਲ ਕਰਨ ਲਈ ਮੋਰਚੇ ਦਾ ਐਲਾਨ ਕਰ ਦਿੱਤਾ। ਸਰਕਾਰ ਨੇ ਅੰਮ੍ਰਿਤਸਰ ਦੇ ਜ਼ਿਲੇ ਵਿਚ ਦਫ਼ਾ 144 ਲਗਾ ਦਿੱਤੀ ਤੇ ਜਲਸੇ ਦੇ ਖਿਲਾਫ਼ ਕਾਨੂੰਨ ਕਰਾਰ ਦੇ ਦਿੱਤੇ। ਅਜਨਾਲਾ ਵਿਖੇ ਇਕ ਜਲਸੇ ਵਿਚ ਤਕਰੀਰਾਂ ਕਰਨ ਕਰਕੇ ਕੁਝ ਨੇਤਾ ਗ੍ਰਿਫ਼ਤਾਰ ਕਰ ਲਏ ਗਏ ਜਿਸ ਤੇ ਬਾਬਾ ਜੀ ਨੇ ਡਿਪਟੀ ਕਮਿਸ਼ਨਰ ਨੂੰ ਸੁਨੇਹਾ ਭੇਜਿਆ ਕਿ ਉਹ ਆਪ ਦਫ਼ਾ 144 ਤੋੜਨ ਲਈ ਅਜਨਾਲਾ ਜਾ ਰਹੇ ਹਨ। ਚੁਨਾਂਚਿ ਉਨ੍ਹਾਂ ਨੇ ਉੱਥੇ ਪੁੱਜ ਕੇ ਕਾਨੂੰਨ ਤੋੜਿਆ ਤੇ ਗ੍ਰਿਫ਼ਤਾਰ ਹੋ ਗਏ। ਬਾਬਾ ਜੀ ਦੀ ਗ੍ਰਿਫ਼ਤਾਰੀ ਨੇ ਲੋਕਾਂ ਦੇ ਮਨਾਂ 'ਚ ਅੱਗ ਲਾ ਦਿੱਤੀ। ਮੋਰਚਾ ਗਰਮ ਹੋ ਗਿਆ ਤੇ ਸਿੱਖਾਂ ਨੇ ਕਾਨੂੰਨ ਦੀ ਖ਼ਿਲਾਫ਼ ਵਰਜ਼ੀ ਕਰਦਿਆਂ ਜੇਲ੍ਹਾਂ ਭਰ ਦਿੱਤੀਆਂ। ਜਿਸ ਮੈਜਿਸਟਰੇਟ ਦੇ ਸਾਹਮਣੇ ਬਾਬਾ ਜੀ ਨੂੰ ਪੇਸ਼ ਕੀਤਾ ਗਿਆ, ਉਸਦੇ ਅਧਿਕਾਰਾਂ ਨੂੰ ਸਵੀਕਾਰ ਕਰਨ ਤੋਂ ਬਾਬਾ ਜੀ ਨੇ ਇਨਕਾਰ ਕਰ ਦਿੱਤਾ ਤੇ ਕਿਹਾ ਕਿ "ਇਸ ਮੁਕੱਦਮੇ ਵਿਚ ਮੈਂ ਤੇ ਅੰਗਰੇਜ਼ੀ ਸਰਕਾਰ ਦੋ ਅੱਡ ਅੱਡ ਫ਼ਰੀਕ ਹਾਂ। ਮੈਂ ਸਿੱਖ ਪੰਥ ਦਾ ਚੁਣਿਆ ਹੋਇਆ ਪ੍ਰਧਾਨ ਹਾਂ ਮੇਰਾ ਮੁਕੱਦਮਾ ਅਮਰੀਕਾ, ਫਰਾਂਸ ਤੇ ਹੋਰ ਅਜ਼ਾਦ ਮੁਲਕਾਂ ਦੇ ਪ੍ਰਧਾਨਾਂ ਦੀ ਨਿਰਪੱਖ ਅਦਾਲਤ ਨੂੰ ਸੁਣਨਾ ਚਾਹੀਦਾ ਹੈ।"

ਬਾਬਾ ਜੀ ਨੂੰ ਕੈਦ ਦੀ ਸਜ਼ਾ ਸੁਣਾਈ ਗਈ ਤੇ ਜੇਲ੍ਹ ਭੇਜ ਦਿੱਤਾ ਗਿਆ। ਜ਼ਿਲ੍ਹਾ ਜੇਲ੍ਹ ਅੰਮ੍ਰਿਤਸਰ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਬਾਬਾ ਜੀ ਨੇ ਉਨ੍ਹਾਂ ਸੰਗਤਾਂ ਨੂੰ ਜੋ ਬਾਹਰ ਦਰਵਾਜ਼ੇ ਤੇ ਬਾਬਾ ਜੀ ਦੇ ਦਰਸ਼ਨਾਂ ਲਈ ਮੌਜੂਦ ਸਨ ਕਿਹਾ ਕਿ ਅੰਗਰੇਜ਼ੀ ਸਰਕਾਰ ਨੂੰ ਤੋਸ਼ਾਖਾਨਾ ਦੀਆਂ ਚਾਬੀਆਂ ਸਾਨੂੰ ਵਾਪਸ ਕਰਨੀਆਂ ਪੈਣਗੀਆਂ। ਇਨ੍ਹਾਂ ਚਾਬੀਆਂ ਨਾਲ ਨਾ ਕੇਵਲ ਤੋਸ਼ਾ ਖਾਨਾ ਹੀ ਖੁਲ੍ਹੇਗਾ ਬਲਕਿ ਮੇਰਾ ਯਕੀਨ ਹੈ ਕਿ ਇਹ ਚਾਬੀਆਂ ਮੁਲਕ ਦੀ ਆਜ਼ਾਦੀ ਦੇ ਦਰਵਾਜ਼ੇ ਖੋਲ੍ਹਣ ਦਾ ਵੀ ਸਾਧਨ ਬਣਨਗੀਆਂ।

Digitized by Panjab Digital Library | www.panjabdigilib.org

ਸਰਕਾਰ ਇਸ ਮੋਰਚੇ ਦੀ ਤਾਬ ਨਾ ਸਹਿ ਸਕੀ। ਬਾਬਾ ਜੀ ਤੇ ਹੋਰ ਹਜ਼ਾਰਾਂ ਸਿੱਖਾਂ ਨੂੰ ਰਿਹਾਅ ਕੀਤਾ ਗਿਆ। ਬਾਬਾ ਜੀ ਨੂੰ ਡੀ. ਸੀ. ਕੋਲੋਂ ਚਾਬੀਆਂ ਲੈਣ ਲਈ ਕਿਹਾ ਗਿਆ ਪਰ ਆਪ ਨੇ ਇਨਕਾਰ ਕਰ ਦਿੱਤਾ ਤੇ ਆਖਿਆ ਕਿ ਚਾਬੀਆਂ ਸਾਨੂੰ ਹਰਿਮੰਦਰ ਸਾਹਿਬ ਵਿਖੇ ਵਾਪਸ ਕੀਤੀਆਂ ਜਾਣ। ਚੁਨਾਂਚਿ ਜਨਵਰੀ 1932 ਵਿਚ ਕਈ ਲੱਖ ਸਿੱਖਾਂ ਦੀ ਹਾਜ਼ਰੀ ਵਿਚ, ਸਰਕਾਰ ਦੇ ਪ੍ਰਤੀ-ਨਿਧ ਨੇ ਅਕਾਲ ਤਖ਼ਤ ਸਾਹਿਬ ਹਾਜ਼ਰ ਹੋ ਕੇ ਚਾਬੀਆਂ ਬਾਬਾ ਜੀ ਦੇ ਹਵਾਲੇ ਕੀਤੀਆਂ। ਇਹ ਬਾਬਾ ਜੀ ਦੀ ਤੇ ਬਾਬਾ ਜੀ ਦੀ ਅਗਵਾਈ ਹੇਠਾਂ ਪੰਥ ਦੀ ਇਕ ਬੜੀ ਭਾਰੀ ਜਿੱਤ ਸੀ। ਇਸ ਜਿੱਤ ਤੇ ਮਹਾਤਮਾ ਗਾਂਧੀ ਨੇ ਬਾਬਾ ਜੀ ਨੂੰ ਹੇਠ ਲਿਖੀ ਤਾਰ ਭੇਜੀ।

"ਭਾਰਤ ਦੀ ਪਹਿਲੀ ਫ਼ੈਸਲਾਕੁਨ ਲੜਾਈ ਜਿੱਤੀ ਗਈ। ਵਧਾਈਆਂ।"

ਸਾਰੇ ਮੁਲਕ ਤੇ ਖਾਸ ਕਰਕੇ ਪੰਜਾਬ ਵਿਚ ਬਾਬਾ ਜੀ ਦੀ ਸ਼ੁਹਰਤ ਆਕਾਸ਼ ਤੇ ਪੁੱਜ ਗਈ ਤੇ ਸਿੱਖਾਂ ਨੇ ਪਿਆਰ ਤੇ ਸਤਿਕਾਰ ਵਜੋਂ ਬਾਬਾ ਜੀ ਨੂੰ ਸਿੱਖਾਂ ਦਾ "ਬੇਤਾਜ ਬਾਦਸ਼ਾਹ" ਆਖਣਾ ਸ਼ੁਰੂ ਕਰ ਦਿੱਤਾ।

ਇਸ ਸਮੇਂ ਲਾਲਾ ਲਾਜਪਤ ਰਾਏ ਜੋ ਪੰਜਾਬ ਕਾਂਗਰਸ ਦੇ ਪ੍ਰਧਾਨ ਸਨ, ਗ੍ਰਿਫ਼ਤਾਰ ਕਰ ਲਏ ਗਏ ਤੇ ਪੰਜਾਬ ਦੇ ਕਾਂਗਰਸੀਆਂ ਨੇ ਬਾਬਾ ਜੀ ਦੀ ਹਸਤੀ ਵਿਚ ਉਹ ਆਗੂ ਵੇਖਿਆ ਤੇ ਮਹਿਸੂਸ ਕੀਤਾ ਕਿ ਉਹ ਹੀ ਉਸ ਕਰੜੇ ਸਮੇਂ ਪੰਜਾਬ ਦੀ ਅਗਵਾਈ ਕਰ ਸਕਦੇ ਸਨ। ਚੁਨਾਂਚਿ ਉਹ ਬਾਬਾ ਜੀ ਪਾਸ ਬੇਨਤੀ ਲੈ ਕੇ ਗਏ ਕਿ ਉਹ ਪੰਜਾਬ ਕਾਂਗਰਸ ਜਿਹੜੀ ਉਸ ਵੇਲੇ ਕਾਨੂੰਨ-ਖਿਲਾਫ਼ ਕਰਾਰ ਦਿੱਤੀ ਹੋਈ ਸੀ, ਦੇ ਪ੍ਰਧਾਨਗੀ ਦੇ ਔਹਦੇ ਨੂੰ ਕਬੂਲ ਕਰਨ। ਆਪ ਨੇ ਬੜੀ ਖ਼ੁਸ਼ੀ ਨਾਲ ਉਨ੍ਹਾਂ ਦੀ ਬੇਨਤੀ ਪ੍ਰਵਾਨ ਕੀਤੀ ਤੇ ਇਸ ਤਰ੍ਹਾਂ ਆਪ ਪੰਜਾਬ ਕਾਂਗਰਸ ਦੇ ਪ੍ਰਧਾਨ ਥਾਪੇ ਗਏ। ਇਹ ਬਾਬਾ ਜੀ ਦੀ ਸਰਕਾਰ ਨੂੰ ਇਕ ਹੋਰ ਲਲਕਾਰ ਤੇ ਚੁਣੌਤੀ ਸੀ ਕਿ "ਮੈਂ ਤਾਂ ਮੁਲਕ ਦੀ ਆਜ਼ਾਦੀ ਲਈ ਮੈਦਾਨ ਵਿਚ ਨਿੱਤਰ ਖੜੋਤਾ ਹਾਂ। ਹੁਣ ਜੋ ਸਲੂਕ ਮੇਰੇ ਨਾਲ ਕਰਨਾ ਹੈ ਕਰ ਲੌ।" ਮਹਾਤਮਾ ਗਾਂਧੀ ਨੇ ਆਪਣੇ ਅਖ਼ਬਾਰ ਯੰਗ ਇੰਡੀਆ ਵਿਚ ਲਿਖਿਆ :—

"ਮੈਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੂੰ ਸ. ਖੜਕ ਸਿੰਘ ਨੂੰ ਪ੍ਰਧਾਨ ਚੁਣਨ ਤੇ ਵਧਾਈ ਦਿੰਦਾ ਹਾਂ। ਸ. ਸਾਹਿਬ ਦਾ ਉੱਚ ਚਰਿਤਰ ਤੇ ਬਹਾਦਰੀ ਦੀ ਸ਼ੁਹਰਤ ਇੰਡੀਅਨ ਨੈਸ਼ਨਲ ਕਾਂਗਰਸ ਦੇ ਉੱਦੇਸ਼ ਨੂੰ ਹੋਰ ਤਾਕਤ ਦੇਵੇਗੀ। ਇਸ ਤਰ੍ਹਾਂ

Digitized by Panjab Digital Library | www.panjabdigilib.org

ਕਰਕੇ ਪੰਜਾਬ ਕਾਂਗਰਸ ਨੇ ਸ. ਖੜਕ ਸਿੰਘ ਨੂੰ ਜੋ ਮਾਣ ਦਿੱਤਾ ਹੈ, ਉਸ ਨਾਲੋਂ ਵਧੇਰੇ ਆਪਣੇ ਆਪ ਨੂੰ ਦਿੱਤਾ ਹੈ। ਨਿਰਸੰਦੇਹ ਇਹ ਇਕ ਸ੍ਰੇਸ਼ਠ ਤੇ ਉੱਤਮ ਚੋਣ ਹੈ।"

ਗੁਰਦਵਾਰਾ ਲਹਿਰ ਤੇ ਸੁਤੰਤਰਤਾ ਸੰਗਰਾਮ ਵਿਚ ਬਾਬਾ ਖੜਕ ਸਿੰਘ ਕੋਈ ਪੰਦਰਾਂ ਵਾਰੀ ਜੇਲ੍ਹ ਗਏ ਤੇ 20 ਸਾਲ ਤੋਂ ਉਤੇ ਕੈਦ ਕੱਟੀ। ਕੈਦ ਵਿਚ ਰਹਿੰਦੇ ਹੋਇਆਂ ਕਈ ਵਾਰੀ ਜੇਲ੍ਹ ਦਾ ਕਾਨੂੰਨ ਤੋੜਨ ਦੇ ਜੁਰਮ ਵਿਚ ਆਪ ਦੀ ਸਜ਼ਾ ਵਧਾ ਦਿੱਤੀ ਗਈ।

ਚੂੰਕਿ ਬਾਬਾ ਖੜਕ ਸਿੰਘ ਇਕ ਸਰਦਾਰ ਖਾਨਦਾਨ ਵਿਚੋਂ ਸੀ, ਤੇ ਆਪ ਦੇ ਜੀਵਨ ਦਾ ਪੱਧਰ ਉਚੇਰਾ ਸੀ ਆਪ ਨੂੰ 'ਸਪੈਸ਼ਲ ਕਲਾਸ' ਵਿਚ ਰੱਖਣ ਦਾ ਫੈਸਲਾ ਕੀਤਾ ਗਿਆ, ਜਦੋਂ ਕਿ ਹੋਰ ਹਜ਼ਾਰਾਂ ਕੈਦੀ ਸਾਧਾਰਨ ਸ਼੍ਰੇਣੀ ਵਿਚ ਸਨ। ਆਪ ਨੇ ਸਪੈਸ਼ਲ ਕਲਾਸ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੇ ਸਾਥੀਆਂ ਨਾਲ ਉਹੋ ਖਾਣਾ ਜੋ ਬਾਹਰ ਡੰਗਰ ਵੀ ਨਹੀਂ ਖਾ ਸਕਦੇ, ਕਬੂਲ ਕੀਤਾ।

ਸਿਆਸੀ ਕੈਦੀਆਂ ਨੂੰ ਨੀਵਾਂ ਵਿਖਾਣ ਲਈ ਸਿੱਖਾਂ ਦੀ ਕਾਲੀ ਪਗੜੀ ਤੇ ਗਾਂਧੀ ਟੋਪੀ ਤੇ ਪਾਬੰਦੀ ਲਗਾ ਦਿੱਤੀ ਗਈ। ਜਦੋਂ ਬਾਬਾ ਜੀ ਦੀ ਕਾਲੀ ਪਗੜੀ ਜੇਲ੍ਹ ਕਰਮਚਾਰੀਆਂ ਨੇ ਜਬਰਦਸਤੀ ਉਤਾਰ ਦਿੱਤੀ ਤਾਂ ਆਪ ਨੇ ਰੋਸ ਵਜੋਂ ਫ਼ੈਸਲਾ ਕੀਤਾ ਕਿ ਮੈਂ ਇਕ ਕੱਛੇ ਤੋਂ ਬਿਨਾਂ ਕੋਈ ਕਪੜਾ ਵੀ ਨਹੀਂ ਪਾਵਾਂਗਾ। ਆਪ ਨੇ ਆਪਣੇ ਸਾਰੇ ਕਪੜੇ ਉਤਾਰ ਦਿੱਤੇ ਤੇ ਸਿਖਰ ਦੀ ਗਰਮੀ ਸਰਦੀ ਦਾ ਮੁਕਾਬਲਾ ਕੀਤਾ। ਇਸ ਤੇ ਬਾਹਰ ਬੜਾ ਭਾਰਾ ਅੰਦੋਲਨ ਹੋਇਆ ਥਾਂ ਥਾਂ ਜਲਸੇ ਜਲੂਸ ਤੇ ਹੜਤਾਲਾਂ ਹੋਈਆਂ। ਇਹ ਸਭ ਕੁਝ ਬਾਬਾ ਜੀ ਨਾਲ ਹੋਏ ਸਲੂਕ ਵਿਰੁੱਧ ਰੋਸ ਵਜੋਂ ਸੀ। ਸਰਕਾਰ ਇਸ ਤਹਿਰੀਕ ਅੱਗੇ ਝੁਕ ਗਈ ਤੇ ਕਾਲੀ ਪਗੜੀ ਤੋਂ ਪਾਬੰਦੀ ਵਾਪਸ ਲੈ ਲਈ। ਜਦੋਂ ਬਾਬਾ ਜੀ ਨੂੰ ਕਾਲੀ ਪਗੜੀ ਬੰਨ੍ਹਣ ਲਈ ਪੇਸ਼ ਕੀਤੀ ਗਈ ਤਾਂ ਆਪ ਨੇ ਬੰਨ੍ਹਣ ਤੋਂ ਇਨਕਾਰ ਕਰ ਦਿੱਤਾ। ਜਦੋਂ ਜੇਲ੍ਹ ਸੁਪਰਡੰਟ ਮੇਜਰ ਗੇਲਜ਼ ਨੇ ਆਪ ਨੂੰ ਸਵਾਲ ਕੀਤਾ ਕਿ ਆਪ ਪਗੜੀ ਕਿਉਂ ਨਹੀਂ ਬੰਨ੍ਹਦੇ ਤਾਂ ਬਾਬਾ ਜੀ ਨੇ ਕਿਹਾ, "ਜਦ ਤਕ ਮੇਰੇ ਸਾਥੀਆਂ ਨੂੰ ਗਾਂਧੀ ਟੋਪੀਆਂ ਵਾਪਸ ਨਹੀਂ ਦਿੱਤੀਆਂ ਜਾਣਗੀਆਂ ਮੈਂ ਪਗੜੀ ਨਹੀਂ ਬੰਨ੍ਹਾਂਗਾ।"

"ਇਹ ਹਿੰਦੂ ਤੇ ਸਿੱਖਾਂ ਵਿਚਕਾਰ ਪਾੜਾ ਪਾਣ ਦੀ ਸਰਕਾਰ ਦੀ ਕੁੱਟਲ

Digitized by Panjab Digital Library | www.panjabdigilib.org

ਨੀਤੀ ਹੈ ਕਿ ਪਗੜੀ ਤੋਂ ਪਾਬੰਦੀ ਹਟਾ ਲਈ ਗਈ ਹੈ। ਜਦ ਕਿ ਗਾਂਧੀ ਟੋਪੀ ਤੇ ਕਾਇਮ ਹੈ। ਦੁਰਾਚਾਰੀ ਸਰਕਾਰ ਦੀ ਪਾੜੋ ਤੇ ਰਾਜ ਕਰੋ ਸਾਜਿਸ਼ ਹੈ। ਮੈਂ ਕਪੜੇ ਨਹੀਂ ਪਾਵਾਂਗਾ।"

ਬਾਬਾ ਜੀ ਡੇਰਾ ਗਾਜ਼ੀਖਾਨ ਦੇ ਜੇਲ੍ਹ ਵਿਚ ਸਖ਼ਤ ਸਰਦੀ ਤੇ ਕਹਿਰਾਂ ਦੀ ਗਰਮੀ ਬਰਦਾਸ਼ਤ ਕਰਦੇ ਹੋਏ ਕਈ ਸਾਢੇ ਚਾਰ ਸਾਲ ਨਿਰਵਸਤਰ ਰਹੇ। ਜਦ ਤਕ ਗਾਂਧੀ ਟੋਪੀ ਤੋਂ ਪਾਬੰਦੀ ਨਹੀਂ ਹਟਾ ਲਈ ਗਈ ਉਦੋਂ ਤਕ ਆਪਣਾ ਵਿਰੋਧ ਨਹੀਂ ਛੱਡਿਆ। ਇਸ ਤਰ੍ਹਾਂ ਦੇ ਦ੍ਰਿੜ੍ਹ ਇਰਾਦੇ ਤੇ ਹੌਂਸਲੇ ਦਾ ਮਾਲਕ ਤੇ ਬਚਨ ਦਾ ਪੂਰਾ ਇਨਸਾਨ ਸੀ ਬਾਬਾ ਖੜਕ ਸਿੰਘ।

ਬਾਬਾ ਜੀ ਦੇ ਨੰਗ ਧੜੰਗ ਰਹਿਣ ਦੇ ਦੌਰਾਨ ਐਸਾ ਸਮਾਂ ਆਇਆ ਕਿ ਪੰਜਾਬ ਵਿਚ ਸਰਕਾਰ ਫ਼ਿਰਕੂ-ਨਫ਼ਾਕ ਪੈਦਾ ਕਰਨ ਵਿਚ ਕਾਮਯਾਬ ਹੋ ਗਈ। ਕਾਂਗਰਸ ਇਸ ਕਰਕੇ ਬਹੁਤ ਕਮਜ਼ੋਰ ਹੋ ਗਈ। ਪੰਜਾਬ ਕਾਂਗਰਸ ਨੇ ਬਾਬਾ ਜੀ ਨੂੰ ਚਿੱਠੀ ਲਿਖੀ ਕਿ ਕਾਂਗਰਸ ਆਪਣੀ ਕਮਜ਼ੋਰੀ ਦੇ ਕਾਰਨ ਇਸ ਵੇਲੇ ਕੋਈ ਤਹਿਰੀਕ ਨਹੀਂ ਚਲਾ ਸਕਦੀ। ਭਾਵੇਂ ਕਿ ਤੁਹਾਡਾ ਉਦੇਸ਼ ਬਹੁਤ ਠੀਕ ਤੇ ਉੱਚਾ ਹੈ ਤੇ ਅਸੀਂ ਉਸਦੀ ਸ਼ਲਾਘਾ ਕਰਦੇ ਹਾਂ। ਇਸ ਲਈ ਸਾਡੀ ਬੇਨਤੀ ਹੈ ਕਿ ਆਪ ਆਪਣਾ ਰੋਸ ਛੱਡ ਕੇ ਕਪੜੇ ਪਾ ਲਉ।

ਬਾਬਾ ਜੀ ਨੇ ਹੇਠ ਲਿਖਿਆ ਜਵਾਬ ਭੇਜਿਆ :—

"ਮੈਂ ਜੇਲ੍ਹ ਵਿਚ ਕਾਂਗਰਸ ਦੇ ਪ੍ਰਧਾਨ ਦੇ ਤੌਰ ਤੇ ਆਇਆ ਹਾਂ ਤੇ ਮੇਰਾ ਫ਼ਰਜ਼ ਹੈ ਕਿ ਮੈਂ ਕਾਂਗਰਸ ਦੇ ਇਕਬਾਲ ਤੇ ਪ੍ਰਤਿਸ਼ਟਾ ਨੂੰ ਉੱਚਾ ਕਰਾਂ। ਕਾਂਗਰਸ ਮੰਨਦੀ ਹੈ ਕਿ ਮੇਰਾ ਉੱਦੇਸ਼ ਠੀਕ ਹੈ ਪਰ ਹਾਲਾਤ ਦੀ ਮਜਬੂਰੀ ਦੇ ਕਾਰਨ ਮੇਰੀ ਸਹਾਇਤਾ ਕਰਨ ਤੋਂ ਅਸਮਰਥ ਹੈ ਤੇ ਤਜਵੀਜ਼ ਕਰਦੀ ਹੈ ਕਿ ਮੈਂ ਗਾਂਧੀ ਟੋਪੀ ਤੇ ਲੱਗੀ ਪਾਬੰਦੀ ਵਿਰੁੱਧ ਆਪਣਾ ਮੋਰਚਾ ਛੱਡ ਦਿਆਂ। ਜਦੋਂ ਤਕ ਮੈਨੂੰ ਇਹ ਨਿਸ਼ਚਾ ਹੈ ਕਿ ਮੇਰੀ ਮੰਗ ਠੀਕ ਹੈ, ਮੈਨੂੰ ਕਿਸੇ ਦੀ ਸਹਾਇਤਾ ਦੀ ਲੋੜ ਨਹੀਂ। ਮੈਂ ਕਾਂਗਰਸ ਜਮਾਤ ਤੇ ਆਪਣੇ ਸਾਥੀਆਂ ਦਾ ਸਤਿਕਾਰ ਕਰਦਾ ਹਾਂ ਪਰ ਸਭ ਤੋਂ ਵਧੀਕ ਧਰਵਾਸ ਮੈਨੂੰ ਮੇਰੇ ਅੰਤਹਿ-ਕਰਣ ਤੋਂ ਨਿਕਲ ਰਹੀ ਸੱਚ ਦੀ ਆਵਾਜ਼ ਦਾ ਹੈ ਜੋ ਮੈਨੂੰ ਮੇਰੇ ਉਠਾਏ ਹੋਏ ਕਦਮ ਤੇ ਕਾਇਮ ਰਹਿਣ ਦੀ ਪ੍ਰੇਰਨਾ ਕਰਦੀ ਹੈ। ਮੈਂ ਇਸ ਵਾਸਤੇ ਕੁਝ ਵੀ ਹੋਵੇ, ਇਕੱਲਿਆਂ ਹੀ ਲੜਨ ਦਾ ਫ਼ੈਸਲਾ ਕਰ

Digitized by Panjab Digital Library | www.panjabdigilib.org

ਲਿਆ ਹੈ, ਮੈਂ ਕਾਂਗਰਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਮੇਰੀ ਲੜਾਈ ਉਸਦੇ ਉੱਦੇਸ਼ ਲਈ ਸਤਿਕਾਰ ਪੈਦਾ ਕਰੇਗੀ ਅਤੇ ਮੇਰੀ ਮਿਸਾਲ ਉਨ੍ਹਾਂ ਲੋਕਾਂ ਨੂੰ ਜੋ ਦੁਸ਼ਮਣ ਦੀਆਂ ਸਾਜ਼ਸਾਂ ਤੇ ਕਾਰਸਾਜ਼ੀਆਂ ਕਰਕੇ ਕਮਜ਼ੋਰ ਪੈ ਗਏ ਹਨ, ਹੌਸਲਾ ਪ੍ਰਦਾਨ ਕਰੇਗੀ, ਮੇਰਾ ਫੈਸਲਾ ਅਟੱਲ ਹੈ ਅਤੇ ਪ੍ਰਮਾਤਮਾ ਵਿਚ ਸ਼ਰਧਾ ਰੱਖਦੇ ਹੋਇਆਂ, ਮੈਨੂੰ ਪੂਰਾ ਵਿਸ਼ਵਾਸ ਹੈ ਕਿ ਮੈਂ ਜਿੱਤ ਪ੍ਰਾਪਤ ਕਰਾਂਗਾ।"

ਇਸ ਸਮੇਂ ਵਿਚ ਕਈ ਵਾਰੀ ਬਾਬਾ ਜੀ ਉੱਤੇ ਜੇਲ੍ਹ ਦਾ ਕਾਨੂੰਨ ਤੋੜਨ ਦੇ ਮੁਕੱਦਮੇ ਚਲਾਏ ਗਏ ਤੇ ਉਨ੍ਹਾਂ ਦੀ ਕੈਦ ਵਿਚ ਵਾਧਾ ਕੀਤਾ ਗਿਆ ਪਰ ਜਦੋਂ ਉਸ ਫ਼ੌਲਾਦੀ ਇਨਸਾਨ ਤੇ ਕੋਈ ਨਾਂ ਮਾਤਰ ਵੀ ਅਸਰ ਨਾ ਹੋਇਆ ਤਾਂ ਸਰਕਾਰ ਨੇ ਜਬਰ ਤੋਂ ਹਟ ਕੇ ਪ੍ਰੇਰਨਾ ਦਾ ਢੰਗ ਅਪਣਾਇਆ। 1925 ਵਿਚ ਪੰਜਾਬ ਦਾ ਹੋਮ ਮੈਂਬਰ ਸਰ ਜਾਨ ਮੇਨਾਰਡ ਬਾਬਾ ਜੀ ਨੂੰ ਮਿਲਣ ਗਿਆ ਤੇ ਕਿਹਾ ਕਿ ਕਾਂਗਰਸ ਤਾਂ ਬਾਹਰ ਮਰ ਗਈ ਹੈ। ਕੌਮੀ ਤਹਿਰੀਕ ਖਤਮ ਹੋ ਗਈ ਹੈ। ਤੁਸੀਂ ਕਿਉਂ ਜੇਲ੍ਹਾਂ ਵਿਚ ਸੜ ਰਹੇ ਹੋ। ਤੁਸੀਂ ਆਪਣੀ ਜ਼ਿੱਦ ਛੱਡ ਦਿਓ ਤੇ ਕਪੜੇ ਪਾ ਲਉ। ਬਾਬਾ ਜੀ ਨੇ ਜਵਾਬ ਦਿੱਤਾ :—

"ਇਹ ਗੱਲ ਫ਼ਜ਼ੂਲ ਤੇ ਹਾਸੋ ਹੀਣੀ ਹੈ। ਇਹ ਸੋਚਣਾ ਹੀ ਵਿਅਰਥ ਹੈ ਕਿ ਮਹਾਨ ਲਹਿਰਾਂ ਇਸ ਤਰ੍ਹਾਂ ਮਰ ਸਕਦੀਆਂ ਹਨ। ਇਸ ਦੀ ਕੋਈ ਪ੍ਰਵਾਹ ਨਹੀਂ ਕਿ ਜੇ ਅੰਗਰੇਜ਼ ਦੀ ਜਾਬਰਾਨਾ ਨੀਤੀ ਕਰਕੇ ਕਾਂਗਰਸ ਕਮਜ਼ੋਰ ਹੋ ਗਈ ਹੈ। ਜਦ ਤਕ ਮੈਂ ਜੀਉਂਦਾ ਹਾਂ, ਮੈਂ ਉਸੇ ਤਰ੍ਹਾਂ ਮਜ਼ਬੂਤ ਹਾਂ ਤੇ ਮੈਂ ਆਪਣੀ ਗੱਲ ਤੋਂ ਨਹੀਂ ਫਿਰਾਂਗਾ ਅਤੇ ਜਦ ਤਕ ਸਰਕਾਰ ਗਾਂਧੀ ਟੋਪੀ ਤੋਂ ਪਾਬੰਦੀ ਵਾਪਸ ਲੈ ਕੇ ਪਛਤਾਵੇ ਦਾ ਇਜ਼ਹਾਰ ਨਹੀਂ ਕਰਦੀ, ਮੈਂ ਆਪਣਾ ਮੋਰਚਾ ਨਹੀਂ ਛਡਾਂਗਾ।" ਸਰ ਜਾਨ ਮੇਨਾਰਡ ਨਿਰਾਸ਼ ਵਾਪਸ ਚਲਾ ਗਿਆ।

ਇਸ ਉਪਰੰਤ ਜਬਰ ਦਾ ਹੋਰ ਢੰਗ ਵਰਤਿਆ ਗਿਆ। ਸਾਰੇ ਸਿਆਸੀ ਕੈਦੀ ਉਸ ਜੇਲ੍ਹ ਤੋਂ ਦੂਸਰੀਆਂ ਜੇਲ੍ਹਾਂ ਨੂੰ ਭੇਜ ਦਿੱਤੇ ਗਏ। ਬਾਬਾ ਜੀ ਇਕੱਲੇ ਰਹਿ ਗਏ ਤੇ ਆਪ ਨੂੰ ਫ਼ਾਂਸੀ ਦੀ ਕੋਠੜੀ ਵਿਚ ਬੰਦ ਕਰ ਦਿੱਤਾ ਗਿਆ। ਮੁਲਾਕਾਤਾਂ ਬੰਦ ਕਰ ਦਿੱਤੀਆਂ ਗਈਆਂ ਤੇ ਚਿੱਠੀਆਂ ਲਿਖਣ ਤੇ ਵੀ ਪਾਬੰਦੀ ਲਾ ਦਿੱਤੀ, ਕੋਈ ਗੱਲ ਤਕ ਕਰਨ ਵਾਲਾ ਬਾਬਾ ਜੀ ਪਾਸ ਨਾ ਰਿਹਾ। ਜੇਲ੍ਹ ਦੀ ਇਹ ਸਜ਼ਾ ਬਹੁਤ ਮਾਰੂ ਹੁੰਦੀ ਹੈ ਤੇ ਇਹ ਸਭ ਕੁਝ ਬਾਬਾ ਜੀ ਨੂੰ ਢਹਿੰਦੀਆਂ ਕਲਾਂ ਵਿਚ ਲੈ ਜਾਣ ਲਈ ਕੀਤਾ ਗਿਆ। ਕੁਝ ਚਿਰ ਬਾਦ ਇਕ ਵੱਡਾ ਅਫ਼ਸਰ

Digitized by Panjab Digital Library | www.panjabdigilib.org

ਬਾਬਾ ਜੀ ਦੇ ਮਨ ਦੀ ਅਵਸਥਾ ਦਾ ਅੰਦਾਜ਼ਾ ਲਾਣ ਲਈ ਆਪ ਨੂੰ ਮਿਲਣ ਗਿਆ ਤੇ ਪੁੱਛਿਆ, ਬਾਬਾ ਜੀ ਆਪ ਕੈਸੇ ਹੋ ? ਬਾਬਾ ਜੀ ਨੇ ਕਿਹਾ :—

"ਮੈਂ ਕਿਵੇਂ ਹਾਂ। ਫ਼ਾਂਸੀ ਦੀ ਕੋਠੜੀ ਵਿਚ ਬੰਦ ਕੈਦੀ ਕਿਸ ਤਰ੍ਹਾਂ ਦਾ ਹੋ ਸਕਦਾ ਹੈ। ਇਸ ਹਾਲਤ ਦਾ ਅੰਦਾਜ਼ਾ ਲਾਣਾ ਹੋਵੇ ਤਾਂ ਨਾਲ ਦੀ ਕੋਠੜੀ ਖਾਲੀ ਹੈ। ਤੂੰ ਉਸ ਵਿਚ ਬੰਦ ਹੋ ਜਾ ਤੇ ਫਿਰ ਇਕ ਮਹੀਨੇ ਪਿਛੋਂ ਮੈਂ ਤੇਰੇ ਕੋਲੋਂ ਪੁੱਛਾਂਗਾ ਕਿ ਆਪ ਕਿਵੇਂ ਹੋ ? ਤੁਸੀਂ ਲੋਕਾਂ ਨੇ ਮੈਨੂੰ ਫ਼ਾਂਸੀ ਦੀ ਕੋਠੜੀ ਵਿਚ ਬੰਦ ਕਰ ਦਿੱਤਾ ਹੈ ਤੇ ਫਿਰ ਮੈਨੂੰ ਸਤਾਉਣ, ਚਿੜ੍ਹਾਉਣ ਤੇ ਬੇ-ਇਜ਼ਤੀ ਕਰਨ ਲਈ ਪੁੱਛਦੇ ਹੋ ਕਿ ਮੈਂ ਕਿਵੇਂ ਹਾਂ ?"

ਕਹਿੰਦੇ ਨੇ ਮਹਾਰਾਜਾ ਰਣਜੀਤ ਸਿੰਘ ਨੇ ਇਕ ਵਾਰੀ ਗਵਰਨਰ ਜਨਰਲ ਤੋਂ ਪੁੱਛਿਆ, ਕੀ ਤੁਸੀਂ ਮੌਤ ਦੀ ਸਜ਼ਾ ਦਾ ਬਦਲ ਦੱਸ ਸਕਦੇ ਹੋ ? ਤਾਂ ਉਸ ਨੇ ਜਵਾਬ ਦਿੱਤਾ ਕਿ ਮੇਰੇ ਖਿਆਲ ਵਿਚ ਕੈਦ-ਏ-ਤਨਹਾਈ ਅਰਥਾਤ ਕਾਲ ਕੋਠੜੀ ਵਿਚ ਇਕੱਲਿਆਂ ਬੰਦ ਰੱਖਣਾ, ਮੌਤ ਦੀ ਸਜ਼ਾ ਦਾ ਸਹੀ ਬਦਲ ਹੈ।

ਮੁਸੱਮਮ ਅਥਵਾ ਮਜ਼ਬੂਤ ਇਰਾਦਾ, ਸਥਿਰ ਦਲੇਰੀ, ਅਡੋਲਤਾ, ਭਖਦੀ ਹੁਬ-ਉਲ-ਵਤਨੀ (ਦੇਸ਼ ਭਗਤੀ), ਨਿਡਰਤਾ, ਅਸੰਪਰਦਾਇਕਤਾ, ਨਿਸ਼ਕਾਮ ਕੁਰਬਾਨੀ ਤੇ ਕਹੀ ਹੋਈ ਗੱਲ ਤੋਂ ਪਿੱਛੇ ਨਾ ਹਟਣਾ, ਬਾਬਾ ਖੜਕ ਸਿੰਘ ਦੇ ਖ਼ਾਸ ਗੁਣ ਸਨ। ਹੇਠ ਲਿਖੇ ਕੁਝ ਪ੍ਰਮਾਣ ਬਾਬਾ ਜੀ ਦੇ ਇਹਨਾਂ ਗੁਣਾਂ ਦੀ ਪੁਸ਼ਟੀ ਕਰਨਗੇ।

ਇਕ ਵਾਰੀ ਬਾਬਾ ਜੀ ਦੇ ਭਤੀਜੇ ਸ. ਨਿਰਮਲ ਸਿੰਘ ਨੇ ਬਾਬਾ ਜੀ ਨੂੰ ਜੇਲ੍ਹ ਵਿਚ ਚਿੱਠੀ ਲਿਖੀ ਕਿ ਜਦੋਂ ਅਸੀਂ ਤੁਹਾਡੀਆਂ ਮੁਸੀਬਤਾਂ ਅਤੇ ਕਸ਼ਟਾਂ ਬਾਰੇ ਸੁਣਦੇ ਹਾਂ ਤਾਂ ਸਾਨੂੰ ਬੜਾ ਦੁੱਖ ਹੁੰਦਾ ਹੈ ਕਿ ਇਕ ਰਾਜਕੁਮਾਰ ਇਸ ਤਰ੍ਹਾਂ ਜੇਲ੍ਹ ਦੀ ਕਾਲ ਕੋਠੜੀ ਵਿਚ ਦੁੱਖ ਪਾ ਰਿਹਾ ਹੈ, ਕ੍ਰਿਪਾ ਕਰਕੇ ਆਪ ਕੋਈ ਰਸਤਾ ਲੱਭੋ ਜਿਸ ਨਾਲ ਆਪ ਬਾਹਰ ਆ ਕੇ ਸਾਡੇ ਨਾਲ ਆਪਣੇ ਆਲੀਸ਼ਾਨ ਬੰਗਲੇ ਵਿਚ ਰਹਿ ਸਕੋ। ਬਾਬਾ ਜੀ ਨੇ ਉਸਨੂੰ ਨਿਮਨਲਿਖਤ ਉੱਤਰ ਭੇਜਿਆ :—

"ਤੁਹਾਡੇ ਦੁਖੀ ਹੋਣ ਅਤੇ ਮੇਰੀ ਹਾਲਾਤ ਤੇ ਤਰਸ ਖਾਣ ਦਾ ਕੋਈ ਕਾਰਨ ਨਹੀਂ। ਜਦੋਂ ਮੈਂ ਸਿਆਲਕੋਟ ਆਪਣੇ ਆਲੀਸ਼ਾਨ ਬੰਗਲੇ ਵਿਚ ਰਹਿ ਕੇ ਹਰ ਤਰ੍ਹਾਂ ਦੇ ਸੁੱਖ ਭੋਗ ਰਿਹਾ ਸਾਂ ਤਾਂ ਮੈਂ ਗੁਰੂ ਜੀ ਦੀ ਬਾਣੀ ਦੇ ਅਰਥ ਨਹੀਂ ਸਾਂ

Digitized by Panjab Digital Library | www.panjabdigilib.org

ਸਮਝ ਸਕਿਆ। ਪ੍ਰਚਾਰਕਾਂ ਤੇ ਢਾਡੀਆਂ ਕੋਲੋਂ ਮੈਂ ਸੁਣਦਾ ਰਿਹਾ ਕਿ ਗੁਰੂ ਗੋਬਿੰਦ ਸਿੰਘ ਨੇ ਦੇਸ਼ ਤੇ ਪੰਥ ਦੀ ਖਾਤਰ ਮਾਤਾ ਪਿਤਾ, ਬੱਚੇ ਤੇ ਪਿਆਰੇ ਕੁਰਬਾਨ ਕਰਵਾਏ ਮੈਂ ਗੁਰੂ ਜੀ ਦਾ ਹੇਠ ਲਿਖਿਆ ਸ਼ਬਦ ਪੜ੍ਹਦਾ ਹੁੰਦਾ ਸਾਂ :—

"ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ
ਤੁਧ ਬਿਨ ਰੋਗ ਰਜ਼ਾਈਆਂ ਦਾ ਓਢਣ, ਨਾਗ ਨਿਵਾਸਾਂ ਦੇ ਰਹਿਣਾ
ਸੂਲ ਸੁਰਾਹੀ ਖੰਜਰ ਪਿਆਲਾ, ਬਿੰਗ ਕਸਾਈਆਂ ਦਾ ਸਹਿਣਾ
ਯਾਰੜੇ ਦਾ ਸਾਨੂੰ ਸਥਰ ਚੰਗਾ, ਭਠ ਖੇੜਿਆਂ ਦਾ ਰਹਿਣਾ।"

ਜਦੋਂ ਮੈਂ ਐਸ਼ ਆਰਾਮ ਵਿਚ ਰਹਿੰਦਾ ਸਾਂ, ਮੈਂ ਇਸ ਇਤਿਹਾਸਕ ਵਾਰ ਦੀ ਮਹਾਨਤਾ ਦੀ ਕਦਰ ਨਹੀਂ ਪਾ ਸਕਿਆ। ਹੁਣ ਜਦੋਂ ਮੈਂ ਭੁੰਞੇ ਸੌਂਦਾ ਹਾਂ, ਭੂਰੇ ਵਰਗੇ ਕੰਬਲ ਜੋ ਮੈਨੂੰ ਕੰਡਿਆਂ ਵਾਂਗ ਚੁਭਦੇ ਹਨ, ਉਤੇ ਕਰਦਾ ਹਾਂ, ਜੇਲ੍ਹ ਵਲੋਂ ਦਿੱਤੀ ਗਈ ਘਟੀਆ ਰੋਟੀ ਖਾਂਦਾ ਹਾਂ ਤੇ ਕੋਈ ਮੇਰੇ ਕੋਲ ਨਹੀਂ ਜੋ ਮੈਨੂੰ ਢਾਰਸ ਵੀ ਦੇ ਸਕੇ ਤਾਂ ਮੈਂ ਗੁਰੂ ਜੀ ਦੇ ਸ਼ਬਦ ਦੇ ਸਹੀ ਅਰਥਾਂ ਨੂੰ ਮਹਿਸੂਸ ਕਰਦਾ ਹਾਂ। ਗੁਰੂ ਜੀ ਦੇ ਉਪਦੇਸ਼ ਨੂੰ ਸਮਝਣ ਲਈ ਜੇਲ੍ਹ ਯਕੀਨਨ ਠੀਕ ਥਾਂ ਹੈ। ਮੈਂ ਪ੍ਰਮਾਤਮਾ ਦਾ ਮਸ਼ਕੂਰ ਹਾਂ ਜਿਸ ਨੇ ਮੈਨੂੰ ਇਕ ਸੱਚੇ ਸਿੱਖ ਦਾ ਜੀਵਨ ਜੀਣ ਵਾਸਤੇ ਤਜਰਬਾ ਕਰਨ ਲਈ ਇਹ ਮੌਕਾ ਬਖਸ਼ਿਆ ਹੈ। ਤੁਹਾਨੂੰ ਵੀ ਸਤਿਗੁਰਾਂ ਦਾ ਰਿਣੀ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਤੁਹਾਡੇ ਇਕ ਬਜ਼ੁਰਗ ਨੂੰ ਐਸਾ ਅਵਸਰ ਦਿੱਤਾ ਹੈ।"

ਇਕ ਵਾਰੀ ਗਵਰਨਰ, ਜੇਲ੍ਹ ਦਾ ਮੁਆਇਨਾ ਕਰਨ ਲਈ ਗਿਆ। ਜੇਲ੍ਹ ਦੇ ਦਾਰੋਗਾ ਨੇ ਬਾਬਾ ਜੀ ਨੂੰ ਕਿਹਾ ਕਿ ਗਵਰਨਰ ਸਾਹਿਬ ਆ ਰਹੇ ਹਨ, "ਤੁਸੀ ਖੜੇ ਹੋ ਕੇ ਉਨ੍ਹਾਂ ਨਾਲ ਗੱਲ ਕਰਨਾ।" ਬਾਬਾ ਜੀ ਨੇ ਉੱਤਰ ਵਿਚ ਕਿਹਾ :—

"ਗਵਰਨਰ ਨੇ ਮੂੰਹ ਨਾਲ ਗੱਲ ਕਰਨੀ ਹੈ ਤੇ ਮੈਂ ਕੰਨਾਂ ਨਾਲ ਸੁਣਨੀ ਹੈ। ਲੱਤਾਂ ਦਾ ਤਾਂ ਕੋਈ ਦਖਲ ਨਹੀਂ।"

ਜਦੋਂ ਜੇਲ੍ਹ ਦੇ ਅਫਸਰ ਤੇ ਅੰਗਰੇਜ਼ੀ ਸਰਕਾਰ ਦੇ ਹੋਰ ਅਧਿਕਾਰੀ ਕੈਦੀਆਂ ਨੂੰ ਹਕਾਰਤ ਦੀ ਨਜ਼ਰ ਨਾਲ ਵੇਖਦੇ ਤੇ ਜ਼ਲਾਲਤ ਭਰਿਆ ਸਲੂਕ ਕਰਦੇ ਸਨ ਤਾਂ ਬਾਬਾ ਜੀ ਨੇ ਵੀ ਉਹਨਾਂ ਦਾ ਬਾਈਕਾਟ ਕੀਤਾ ਹੋਇਆ ਸੀ। ਜਦੋਂ ਕੋਈ ਅਫਸਰ ਆਵੇ ਤਾਂ ਬਾਬਾ ਜੀ ਉਸ ਵੱਲ ਪਿੱਠ ਕਰਕੇ ਬੈਠ ਜਾਂਦੇ ਸਨ।

Digitized by Panjab Digital Library | www.panjabdigilib.org

ਸੰਨ 1929 ਵਿਚ ਇੰਡੀਅਨ ਨੈਸ਼ਨਲ ਕਾਂਗਰਸ ਨੇ ਡੋਮੀਨੀਅਨ ਸਟੇਟਸ ਭਾਵ ਅੰਗਰੇਜ਼ੀ ਰਾਜ ਵਿਚ ਇਕ ਬਸਤੀ ਦੇ ਅਸੂਲ ਨੂੰ ਮੁਕੰਮਲ ਆਜ਼ਾਦੀ ਦੀ ਇਕ ਪੌੜੀ ਸਮਝ ਕੇ ਪ੍ਰਵਾਨ ਕਰ ਲਿਆ। ਬਾਬਾ ਜੀ ਨੇ ਕਾਂਗਰਸ ਦੇ ਇਸ ਫੈਸਲੇ ਵਿਰੁਧ ਰੋਸ ਪ੍ਰਗਟ ਕੀਤਾ। ਸੈਂਟਰਲ ਸਿੱਖ ਲੀਗ ਦਾ ਇਜਲਾਸ ਅਕਤੂਬਰ 1929 ਵਿਚ ਗੁਜਰਾਂਵਾਲੇ ਬਾਬਾ ਜੀ ਦੀ ਪ੍ਰਧਾਨਗੀ ਹੇਠ ਹੋਇਆ, ਜਿਥੇ ਫੈਸਲਾ ਉਲਟ ਹੋਣਾ ਸੀ। ਪੰਡਤ ਮਦਨ ਮੋਹਨ ਮਾਲਵੀਆ ਬਾਬਾ ਜੀ ਕੋਲ ਆਏ ਤੇ ਬੇਨਤੀ ਕੀਤੀ ਕਿ ਉਹ ਵਿਰੋਧਤਾ ਨਾ ਕਰਨ ਤੇ ਇਸ ਫੈਸਲੇ ਨੂੰ ਪ੍ਰਵਾਨ ਕਰ ਲੈਣ। ਬਾਬਾ ਜੀ ਨੇ ਮੁਸਕਰਾ ਕੇ ਜਵਾਬ ਦਿੱਤਾ :—

"ਪੰਡਤ ਜੀ ਮੈਂ ਆਪ ਦਾ ਬਹੁਤ ਸਤਿਕਾਰ ਕਰਦਾ ਹਾਂ ਪਰ ਮੈਂ ਇਹ ਅਰਧ-ਗੁਲਾਮੀ ਚੁਪਚਾਪ ਕਿਵੇਂ ਮੰਨ ਸਕਦਾ ਹਾਂ। ਕਾਂਗਰਸ ਨੇ ਇਸ ਤਰ੍ਹਾਂ ਦਾ ਫੈਸਲਾ ਲੈ ਕੇ ਆਪਣੀ ਕਦਰ ਘਟਾਈ ਹੈ ਤੇ ਮੈਂ ਕੌਮੀ ਪੱਧਰ ਤੋਂ ਹੇਠਾਂ ਉਤਰ ਕੇ ਇਸ ਵਿਚ ਸ਼ਰੀਕ ਨਹੀਂ ਹੋ ਸਕਦਾ। ਮੈਂ ਆਪਣੀ ਕੌਮ ਦੇ ਮੱਥੇ ਤੇ ਇਹ ਕਲੰਕ ਨਹੀਂ ਚਾਹੁੰਦਾ। ਇਸ ਲਈ ਜਦ ਤਕ ਕਾਂਗਰਸ ਇਸ ਮਤੇ ਨੂੰ ਮਨਸੂਖ ਨਹੀਂ ਕਰਦੀ, ਮੈਂ ਲੜਾਈ ਲੜਾਂਗਾ।"

ਥੋੜ੍ਹੇ ਚਿਰ ਵਿਚ ਹੀ ਕਾਂਗਰਸ ਨੇ ਆਪਣਾ ਇਹ ਫ਼ੈਸਲਾ ਮਨਸੂਖ ਕਰ ਦਿੱਤਾ ਤੇ ਦਸੰਬਰ 1929 ਵਿਚ ਰਾਵੀ ਦੇ ਕੰਢੇ ਪੰਡਿਤ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਹੋਏ ਕਾਂਗਰਸ ਇਜਲਾਸ ਵਿਚ ਪੂਰਨ ਸਵੈਰਾਜ ਦਾ ਮਤਾ ਪਾਸ ਕੀਤਾ। ਇਜਲਾਸ ਤੋਂ ਪਹਿਲਾਂ ਮਹਾਤਮਾ ਗਾਂਧੀ, ਮੋਤੀ ਲਾਲ ਨਹਿਰੂ ਤੇ ਡਾਕਟਰ ਅਨਸਾਰੀ, ਬਾਬਾ ਜੀ ਨੂੰ ਸ਼੍ਰੋ: ਗੁ: ਪ੍ਰੰ: ਕਮੇਟੀ ਦੇ ਲਾਹੌਰ ਦੇ ਦਫ਼ਤਰ ਵਿਚ ਮਿਲ ਕੇ ਬਾਬਾ ਜੀ ਦੀ ਸਲਾਹ ਲਈ ਕਿ ਉਹ ਕੀ ਚਾਹੁੰਦੇ ਹਨ। ਬਾਬਾ ਜੀ ਨੇ ਪੂਰਨ ਸਵੈਰਾਜ ਤੇ ਘੱਟ ਗਿਣਤੀਆਂ ਦਾ ਮਸਲਾ ਰੱਖਿਆ। ਕਾਂਗਰਸ ਨੇਤਾਵਾਂ ਨੇ ਬਾਬਾ ਜੀ ਦੀ ਗੱਲ ਮੰਨ ਲਈ ਤੇ ਦੋਵੇਂ ਮਤੇ ਉਸ ਇਤਿਹਾਸਕ ਇਜਲਾਸ ਵਿਚ ਪਾਸ ਕੀਤੇ।

ਇਕ ਵਾਰੀ ਲਾਹੌਰ ਦਾ ਕਮਿਸ਼ਨਰ ਮਿ: ਹਰਨ ਲਾਹੌਰ ਸੈਂਟਰਲ ਜੇਲ੍ਹ ਦਾ ਮੁਆਇਨਾ ਕਰਨ ਲਈ ਆਇਆ। ਦਰੋਗਾ-ਜੇਲ੍ਹ ਨੇ ਬਾਬਾ ਜੀ ਨੂੰ ਕਿਹਾ ਕਿ ਕਮਿਸ਼ਨਰ ਆਵੇ ਤਾਂ ਖੜੇ ਹੋ ਕੇ ਮਿਲਣਾ। ਬਾਬਾ ਜੀ ਨੇ ਡੇਰਾ ਗਾਜ਼ੀਖਾਨ ਜੇਲ੍ਹ ਤੋਂ ਹੀ ਨਾ ਖੜੇ ਹੋਣ ਦਾ ਫ਼ੈਸਲਾ ਕੀਤਾ ਹੋਇਆ ਸੀ। ਬਾਬਾ ਜੀ ਨੇ ਜੇਲ੍ਹ

Digitized by Panjab Digital Library | www.panjabdigilib.org

ਵਾਰਡਨ ਨੂੰ ਕਹਿ ਦਿੱਤਾ ਕਿ ਜਦੋਂ ਕਮਿਸ਼ਨਰ ਮੇਰੇ ਵਾਰਡ ਵਿਚ ਦਾਖਲ ਹੋਣ ਲਗੇ, ਉਸ ਨੂੰ ਕਹਿ ਦੇਣਾ ਕਿ ਬਾਬਾ ਜੀ ਫ਼ਾਰਗ ਨਹੀਂ। ਉਹ ਇਸ਼ਨਾਨ ਕਰ ਰਹੇ ਹਨ। ਕਮਿਸ਼ਨਰ ਇਹ ਸੁਣ ਕੇ ਦਰਵਾਜ਼ੇ ਤੋਂ ਹੀ ਵਾਪਸ ਚਲਾ ਗਿਆ। ਜਦੋਂ ਦਰੋਗਾ ਨੇ ਬਾਬਾ ਜੀ ਨੂੰ ਕਿਹਾ ਕਿ ਉਨ੍ਹਾਂ ਨੇ ਚੰਗਾ ਨਹੀਂ ਕੀਤਾ ਤੇ ਉਹਨਾਂ ਜਵਾਬ ਦਿੱਤਾ ਕਿ ਮੈਂ ਅੰਗਰੇਜ਼ ਨੌਕਰਸ਼ਾਹੀ ਦੇ ਅਫਸਰਾਂ ਨੂੰ ਜੋ ਵੱਡੇ ਵੱਡੇ ਭਾਰਤੀਆਂ ਨੂੰ ਇਹ ਕਹਿਕੇ ਕਿ "ਉਹ ਵੇਹਲੇ ਨਹੀਂ ਹਨ", ਨਹੀਂ ਮਿਲਦੇ, ਮੈਂ ਉਹਨਾਂ ਨੂੰ ਸਬਕ ਸਿਖਾਣਾ ਚਾਹੁੰਦਾ ਹਾਂ।

ਜਦੋਂ 1935 ਵਿਚ ਸੂਬਕ ਖੁਦਮੁਖਤਾਰੀ ਦਾ ਕਾਨੂੰਨ ਪਾਸ ਹੋਇਆ ਤਾਂ ਬਾਬਾ ਜੀ ਨੇ ਇਸ ਫਿਰਕੂ ਫੈਸਲੇ ਦੀ ਵਿਰੋਧਤਾ ਕੀਤੀ। ਪੰਜਾਬ ਸਰਕਾਰ ਨੇ ਬਾਬਾ ਜੀ ਨੂੰ ਜੇਲ੍ਹ ਪਾ ਦਿੱਤਾ ਤੇ ਉਦੋਂ ਤੱਕ ਰਿਹਾਅ ਨਾ ਕੀਤਾ ਜਦੋਂ ਤਕ ਉਸ ਕਾਨੂੰਨ ਤਲੇ ਚੋਣਾਂ ਨਹੀਂ ਹੋ ਗਈਆਂ। ਬਾਬਾ ਜੀ ਨੇ ਜੇਲ੍ਹ ਵਿਚ ਬੈਠ ਕੇ ਇਸ ਅਰਧ-ਗੁਲਾਮੀ ਵਾਲੇ ਫੈਸਲੇ ਵਿਰੁਧ ਇਸ਼ਤਿਹਾਰ ਲਿਖ ਕੇ ਸਭ ਲੀਡਰਾਂ ਨੂੰ ਭੇਜੇ।

ਬਾਬਾ ਜੀ ਹਰ ਉਸ ਨੁਕਤੇ ਤੇ ਜਿਹੜਾ ਉਨ੍ਹਾਂ ਨੂੰ ਠੀਕ ਲੱਗੇ, ਮਦਦ ਕਰਨ ਲਈ ਤਿਆਰ ਰਹਿੰਦੇ ਸਨ। 1938 ਵਿਚ ਸਰਕਾਰ ਨੇ ਮਾਲ ਰੋਡ ਤੇ ਇਕ ਬੁੱਚੜਖਾਨਾ ਬਨਾਉਣ ਦਾ ਫੈਸਲਾ ਕੀਤਾ। ਹਿੰਦੂ, ਬਾਬਾ ਜੀ ਪਾਸ ਗਏ ਤਾਂ ਬਾਬਾ ਜੀ ਨੇ ਮੋਰਚੇ ਦੀ ਅਗਵਾਈ ਕਰਨਾ ਮੰਨ ਲਿਆ। ਜਦੋਂ ਸਰਕਾਰ ਨੂੰ ਬਾਬਾ ਜੀ ਦਾ ਪਤਾ ਲੱਗਾ ਤਾਂ ਉਹ ਆਪਣੇ ਇਰਾਦੇ ਤੋਂ ਹਟ ਗਈ।

ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਐਕਟ ਇੰਤਕਾਲ ਅਰਾਜ਼ੀ ਪਾਸ ਕੀਤਾ ਜਿਸ ਦੀ ਰੂ ਨਾਲ ਗੈਰ ਕਾਸ਼ਤਕਾਰ, ਕਾਸ਼ਤਕਾਰ ਤੋਂ ਜ਼ਮੀਨ ਨਹੀਂ ਸੀ ਖਰੀਦ ਸਕਦਾ ਤਾਂ ਵਿਉਪਾਰ ਮੰਡਲ ਨੇ ਬਾਬਾ ਜੀ ਨੂੰ ਮਦਦ ਲਈ ਬੇਨਤੀ ਕੀਤੀ। ਭਾਵੇਂ ਬਾਬਾ ਜੀ ਉਸੇ ਵੇਲੇ ਜੇਲ੍ਹ ਤੋਂ ਵਾਪਸ ਆਏ ਸਨ ਤੇ ਸਿਹਤ ਵੀ ਕਮਜ਼ੋਰ ਸੀ, ਆਪ ਤਹਿਰੀਕ ਦੀ ਅਗਵਾਈ ਕਰਨਾ ਮੰਨ ਗਏ। ਰਾਜਾ ਨਰਿੰਦਰਾ ਨਾਥ ਜੀ ਨੇ ਬਾਬਾ ਜੀ ਨੂੰ ਇਸ ਕਾਲੇ ਕਾਨੂੰਨ ਵਿਰੁਧ ਇਕ ਡੈਪੂਟੇਸ਼ਨ, ਜੋ ਵਜ਼ੀਰੇ ਆਜ਼ਮ ਨੂੰ ਮਿਲਣਾ ਸੀ, ਵਿਚ ਸ਼ਾਮਿਲ ਹੋਣ ਲਈ ਚਿੱਠੀ ਲਿਖੀ ਤਾਂ ਬਾਬਾ ਜੀ ਨੇ ਹੇਠ ਲਿਖੀ ਚਿੱਠੀ ਲਿਖ ਕੇ ਇਨਕਾਰ ਕਰ ਦਿੱਤਾ।

"ਕੌਣ ਨਹੀਂ ਇਹ ਜਾਣਦਾ ਕਿ ਸੂਬਕ ਖੁਦਮੁਖਤਾਰੀ ਮਹਿਜ਼ ਇਕ ਪਾਖੰਡ

Digitized by Panjab Digital Library | www.panjabdigilib.org

ਤੇ ਠੱਠਾ ਹੈ। ਇਹ ਇਕ ਪੁਤਲੀਆਂ ਦੀ ਖੇਡ ਹੈ। ਤਾਰ ਹਿਲਾਣ ਵਾਲੇ ਪਿੱਛੇ ਅੰਗਰੇਜ਼ ਅਧਿਕਾਰੀ ਹਨ।"

ਇਹ ਆਖਕੇ ਆਪ ਨੇ ਡੈਪੂਟੇਸ਼ਨ ਵਿਚ ਸ਼ਾਮਿਲ ਹੋਣ ਤੋਂ ਨਾਂਹ ਕਰ ਦਿੱਤੀ ਪਰ ਮੋਰਚੇ ਵਿਚ ਨਾਲ ਹੋਣ ਦੀ ਹਾਮੀ ਭਰੀ।

ਆਜ਼ਾਦੀ ਦੀ ਲੜਾਈ ਵਿਚ ਸਰਕਾਰ, ਕੌਮੀ ਲੀਡਰਾਂ ਦੀਆਂ ਹਰਕਤਾਂ ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾ ਦਿੰਦੀ ਸੀ। ਕਿਸੇ ਨੂੰ ਪਿੰਡ ਵਿਚ ਬੰਦ ਕਰ ਦੇਣਾ ਕਿਸੇ ਦੀ ਤਕਰੀਰ ਤੇ ਪਾਬੰਦੀ ਲਾ ਦੇਣੀ ਆਦਿ। ਪਰ ਸਰਕਾਰ ਬਾਬਾ ਜੀ 'ਤੇ ਕਦੇ ਕੋਈ ਐਸੀ ਪਾਬੰਦੀ ਨਹੀਂ ਸੀ ਲਾਉਂਦੀ। ਉਸ ਨੂੰ ਪਤਾ ਸੀ ਕਿ ਬਾਬਾ ਜੀ ਨੇ ਕਿਸੇ ਕਾਨੂੰਨੀ ਪਾਬੰਦੀ ਨੂੰ ਨਹੀਂ ਮੰਨਣਾ। ਇਕ ਵਾਰੀ ਬਾਬਾ ਜੀ ਨੇ ਆਪਣੇ ਘਰ ਵਾਲਿਆਂ ਨੂੰ ਕਿਹਾ :—

"ਸਰਕਾਰ ਬੜੀ ਹੁਸ਼ਿਆਰ ਹੈ ਉਸਨੂੰ ਪਤਾ ਹੈ ਕਿ ਖੜਕ ਸਿੰਘ ਨੂੰ ਕਿਸੇ ਪਾਬੰਦੀ ਹੇਠ ਨਹੀਂ ਬੰਨ੍ਹਿਆ ਜਾ ਸਕਦਾ। ਪਰ ਫਰਜ਼ ਕਰੋ ਮੈਂ ਕਦੇ ਸਖ਼ਤ ਬੀਮਾਰ ਹੋ ਕੇ ਬੇਹੋਸ਼ ਹੋ ਜਾਵਾਂ ਤਾਂ ਮੁਮਕਨ ਹੈ ਸਰਕਾਰ ਮੇਰੀ ਮਜਬੂਰੀ ਦਾ ਫ਼ਾਇਦਾ ਉਠਾ ਕੇ ਮੇਰੇ ਤੇ ਪਾਬੰਦੀਆਂ ਲਾ ਦੇਵੇ। ਉਸ ਸੂਰਤ ਵਿਚ ਮੈਂ ਆਪਣੇ ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਕਹਾਂਗਾ ਕਿ ਮੇਰੀ ਮੰਜੀ ਚੁੱਕ ਕੇ ਉਸ ਥਾਂ ਲੈ ਜਾਣ ਜਿਥੇ ਮੇਰਾ ਜਾਣਾ ਮਨ੍ਹਾਂ ਹੋਵੇ, ਤਾਂ ਜੋ ਕਾਨੂੰਨ ਦੀ ਉਲੰਘਣਾ ਹੋ ਜਾਵੇ। ਜੇ ਮੌਤ ਆਵੇ ਤਾਂ ਮੈਂ ਇਕ ਬਾਗ਼ੀ ਦੀ ਤਰ੍ਹਾਂ ਕਾਨੂੰਨ ਦਾ ਖੰਡਨ ਕਰਦਾ ਕਰਦਾ ਮਰਾਂਗਾ।"

ਬਾਬਾ ਜੀ ਨੇ ਕਦੇ ਕਿਸੇ ਦੁਨਿਆਵੀ ਸਹੂਲਤ ਲਈ ਪ੍ਰਾਰਥਨਾ ਨਹੀਂ ਕੀਤੀ ਪਰ ਇਕ ਵਾਰੀ ਜਦੋਂ ਉਹ ਡਾਢੇ ਬੀਮਾਰ ਹੋ ਗਏ ਤਾਂ ਆਪ ਨੇ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ, ਮੈਨੂੰ ਉਦੋਂ ਤਕ ਜੀਉਂਦਾ ਰੱਖ, ਜਦ ਤਕ ਮੇਰਾ ਦੇਸ਼ ਆਜ਼ਾਦ ਨਹੀਂ ਹੋ ਜਾਂਦਾ। ਆਪ ਦੀ ਇਹ ਅਰਦਾਸ ਮੰਨੀ ਗਈ।

ਬਾਬਾ ਜੀ ਨੇ ਇਕ ਵਾਰੀ ਆਪਣੇ ਸੁਰਗਵਾਸੀ ਪਿਤਾ ਦੀ ਯਾਦ ਵਿਚ ਪਾਠ ਰੱਖਿਆ ਤੇ ਲੰਗਰ ਵਰਤਾਇਆ। ਜਦੋਂ ਵੱਡੇ-ਵੱਡੇ ਸਰਦਾਰਾਂ ਤੇ ਸਵਰਨ ਜਾਤੀ ਦੇ ਚੌਧਰੀਆਂ ਨੇ ਵੇਖਿਆ ਕਿ ਬਾਬਾ ਜੀ ਨੇ ਹਰੀਜਨਾਂ ਨੂੰ ਵੀ ਖਾਣੇ ਤੇ ਬੁਲਾਇਆ ਹੋਇਆ ਹੈ ਤਾਂ ਉਨ੍ਹਾਂ ਬੁਰਾ ਮਨਾਇਆ। ਬਾਬਾ ਜੀ ਨੇ ਕੋਈ ਪ੍ਰਵਾਹ ਨਾ ਕੀਤੀ ਤੇ ਹਰੀਜਨਾਂ ਨੂੰ ਨਾਲ ਬਿਠਾ ਕੇ ਖਾਣਾ ਖੁਆਇਆ। ਉਨ੍ਹਾਂ ਕਿਹਾ ਜੋ

Digitized by Panjab Digital Library | www.panjabdigilib.org

ਨਹੀਂ ਪਸੰਦ ਕਰਦੇ, ਬੇਸ਼ਕ ਚਲੇ ਜਾਣ।

ਬਾਬਾ ਜੀ ਨਾਲ ਜੇਲ੍ਹ ਵਿਚ ਇਕ ਇਖਲਾਕੀ ਕੈਦੀ ਸੀ ਜੋ ਚਪੜਾਸੀ ਸੀ। ਉਹ ਚੋਰੀ ਦੇ ਮੁਕੱਦਮੇ ਵਿਚ ਕੈਦ ਹੋ ਗਿਆ ਸੀ। ਬਾਬਾ ਜੀ ਨੂੰ ਮਿਲ ਕੇ ਉਸ ਦੀ ਰੁਚੀ ਸੁਧਾਰ ਵੱਲ ਹੋ ਗਈ। ਉਸ ਨੇ ਬਾਬਾ ਜੀ ਪਾਸ ਬੇਨਤੀ ਕੀਤੀ ਕਿ ਜਦ ਉਹ ਬਾਹਰ ਆਉਣਗੇ ਤਾਂ ਮੇਰੇ ਕੋਲ ਖਾਣਾ ਖਾਣਗੇ। ਬਾਬਾ ਜੀ ਨੇ ਹਾਂ ਕਰ ਦਿੱਤੀ। ਜਦ ਬਾਬਾ ਜੀ ਰਿਹਾਅ ਹੋਏ ਤਾਂ ਇਕ ਆਲੀਸ਼ਾਨ ਜਲੂਸ ਕੱਢਿਆ ਗਿਆ ਜਿਸ ਵਿਚ ਬੇ-ਪਨਾਹ ਹਜੂਮ ਸੀ, ਜਲੂਸ ਦੇ ਖਾਤਮੇ ਤੇ ਜਦੋਂ ਬਾਬਾ ਜੀ ਵੱਡੇ ਵੱਡੇ ਲੋਕਾਂ ਨਾਲ ਘਿਰੇ ਹੋਏ ਸਨ ਤੇ ਉਨ੍ਹਾਂ ਦਾ ਅਗਲਾ ਪ੍ਰੋਗਰਾਮ ਤੈਅ ਹੋ ਰਿਹਾ ਸੀ ਤਾਂ ਉਹ ਚਪੜਾਸੀ ਬਾਬਾ ਜੀ ਕੋਲ ਪਹੁੰਚ ਗਿਆ ਤੇ ਖਾਣੇ ਦਾ ਵਾਅਦਾ ਯਾਦ ਕਰਾਇਆ। ਆਪਨੇ ਸਾਰੇ ਪ੍ਰੋਗਰਾਮ ਛੱਡ ਕੇ ਪਹਿਲਾਂ ਉਸਦਾ ਖਾਣਾ ਕਬੂਲ ਕੀਤਾ।

ਜਦੋਂ 'ਗੁਰਦਵਾਰਾ ਸੁਧਾਰ ਲਹਿਰ' ਕਾਮਯਾਬ ਹੋ ਗਈ, ਗੁਰਦਵਾਰਾ ਐਕਟ ਪਾਸ ਹੋ ਗਿਆ ਤਾਂ ਲੈਜਿਸਲੇਟਿਵ ਕੌਂਸਲ ਨੇ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਕਿ ਬਾਬਾ ਖੜਕ ਸਿੰਘ ਨੂੰ ਰਿਹਾਅ ਕਰ ਦਿੱਤਾ ਜਾਵੇ। ਪੰਜ ਸਾਲ ਦੀ ਕੈਦ ਤੋਂ ਬਾਅਦ ਬਾਬਾ ਜੀ ਰਿਹਾਅ ਹੋਏ। ਬਾਬਾ ਜੀ ਨੰਗੇ ਧੜ ਬਾਹਰ ਆਏ। ਉਸੇ ਹਾਲਤ ਵਿਚ ਉਨ੍ਹਾਂ ਦਾ ਜਲੂਸ ਕੱਢਿਆ ਗਿਆ ਜੋ ਡੇਰਾ ਗਾਜ਼ੀ ਖਾਨ ਦੀ ਜ਼ਿਲਾ ਕਾਂਗਰਸ ਕਮੇਟੀ ਦੇ ਦਫ਼ਤਰ ਆ ਕੇ ਖਤਮ ਕੀਤਾ ਗਿਆ। ਉਥੇ ਬਾਬਾ ਜੀ ਨੇ ਕਪੜੇ ਪਾਏ। ਅੰਮ੍ਰਿਤਸਰ ਪਹੁੰਚਣ ਤੇ ਬਹੁਤ ਭਾਰੀ ਜਲੂਸ ਤੋਂ ਪਿੱਛੋਂ ਜਲ੍ਹਿਆਂ ਵਾਲੇ ਬਾਗ ਵਿਚ ਜਲਸਾ ਹੋਇਆ ਜਿਸ ਦੀ ਪ੍ਰਧਾਨਗੀ ਡਾਕਟਰ ਕਿਚਲੂ ਨੇ ਕੀਤੀ। ਤਕਰੀਰਾਂ ਵਿਚ ਬਾਬਾ ਜੀ ਨੂੰ ਬੇਨਤੀ ਕੀਤੀ ਗਈ ਕਿ ਬਾਬਾ ਜੀ ਥੋੜ੍ਹੇ ਚਿਰ ਲਈ ਆਰਾਮ ਕਰਨ ਤਾਂ ਜੋ ਉਹਨਾਂ ਦੀ ਸੇਹਤ ਠੀਕ ਹੋ ਜਾਏ। ਆਪਣੀ ਤਕਰੀਰ ਵਿਚ ਬਾਬਾ ਜੀ ਨੇ ਕਿਹਾ :—

"ਆਪ ਨੇ ਜੋ ਮੈਨੂੰ ਮਾਣ ਬਖਸ਼ਿਆ ਹੈ, ਮੈਂ ਬਹੁਤ ਪ੍ਰਭਾਵਤ ਹੋਇਆ ਹਾਂ ਜੋ ਪਿਆਰ ਮੇਰੇ ਲੋਕਾਂ ਤੋਂ ਮੈਨੂੰ ਮਿਲਿਆ ਹੈ, ਉਹ ਵੇਖ ਕੇ ਮੈਂ ਇਰਾਦਾ ਕੀਤਾ ਹੈ ਕਿ ਮੈਂ ਅੰਤਲੇ ਦਮ ਤਕ ਉਨ੍ਹਾਂ ਦੀ ਸੇਵਾ ਕਰਾਂਗਾ। ਇਹ ਆਪ ਦੀ ਬੜੀ ਕ੍ਰਿਪਾ ਹੈ ਕਿ ਆਪ ਨੇ ਮੈਨੂੰ ਥੋੜ੍ਹੇ ਚਿਰ ਲਈ ਆਰਾਮ ਕਰਨ ਲਈ ਕਿਹਾ ਹੈ।

Digitized by Panjab Digital Library | www.panjabdigilib.org

ਪਰ ਜਦ ਤਕ ਮੇਰੀ ਭਾਰਤ ਮਾਤਾ ਆਜ਼ਾਦ ਨਹੀਂ ਹੋ ਜਾਂਦੀ, ਜਦ ਤਕ ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਦੀ ਇੱਜ਼ਤ ਬਹਾਲ ਨਹੀਂ ਹੋ ਜਾਂਦੀ, ਮੈਂ ਆਰਾਮ ਕਿਵੇਂ ਕਰ ਸਕਦਾ ਹਾਂ ? ਆਉ ਸਾਰੇ ਮਿਲ ਕੇ ਪਹਿਲਾਂ ਅੰਗਰੇਜ਼ਾਂ ਨੂੰ ਕੱਢੀਏ ਤੇ ਪਿੱਛੋਂ ਆਪਣੇ ਮਤ-ਭੇਦ ਦੂਰ ਕਰ ਲਵਾਂਗੇ। ਮੇਰੀ ਜ਼ਿੰਦਗੀ ਮੇਰੇ ਲੋਕਾਂ ਦੀ ਜਾਇਦਾਦ ਹੈ।"

ਬਾਬਾ ਜੀ ਦੀ ਫਿਤਰਤ ਇਹ ਸੀ ਕਿ ਭਾਵੇਂ ਉਹ ਵੇਖ ਰਹੇ ਹੋਣ ਕਿ ਸਾਹਮਣੇ ਤੋਂ ਗੋਲੀ ਆ ਰਹੀ ਹੈ ਤਾਂ ਵੀ ਉਹ ਉਸੇ ਤਰ੍ਹਾਂ ਛਾਤੀ ਤਾਣ ਕੇ ਖੜੇ ਰਹਿੰਦੇ ਤੇ ਉਨ੍ਹਾਂ ਦੀ ਛਾਤੀ ਵਿਚ ਕੋਈ ਲਰਜ਼ਿਸ਼ ਨਹੀਂ ਸੀ ਆ ਸਕਦੀ। ਆਪ ਰਾਜ-ਨੀਤੀ ਦੇ ਮੈਦਾਨ ਵਿਚ ਪੰਥ ਤੇ ਦੇਸ਼ ਦੀ ਆਜ਼ਾਦੀ ਲਈ ਸਨ ਨਾ ਕਿ ਕੋਈ ਜਾਤੀ ਲਾਭ ਲੈਣ ਲਈ। ਉਨ੍ਹਾਂ ਨੇ ਕਦੇ ਕੋਈ ਅਹੁਦਾ ਲੈਣ ਲਈ ਸਾਜ਼ਿਸ਼ ਜਾਂ ਤਿਆਰੀ ਨਹੀ ਕੀਤੀ, ਜਿਸ ਜਮਾਤ ਵਿਚ ਵੀ ਉਹ ਰਹੇ। ਰੁਤਬੇ ਆਪਣੇ ਆਪ ਉਨ੍ਹਾਂ ਦੀ ਝੋਲੀ ਵਿਚ ਪੈਂਦੇ ਰਹੇ। ਹਰ ਜਮਾਤ ਨੇ ਮਹਿਸੂਸ ਕੀਤਾ ਹੈ ਕਿ ਉਸ ਨੂੰ ਬਾਬਾ ਜੀ ਦੀ ਅਗਵਾਈ ਦੀ ਲੋੜ ਹੈ। ਬਾਬਾ ਜੀ ਨੇ ਉਸ ਉਦੇਸ਼ ਲਈ ਜਿਸ ਲਈ ਉਹ ਰਣ ਵਿਚ ਨਿਤਰੇ, ਵੱਡੀ ਤੋਂ ਵੱਡੀ ਕੁਰਬਾਨੀ ਨੂੰ ਵੀ ਕੁਝ ਨਹੀਂ ਸਮਝਿਆ, ਇਹੋ ਕਾਰਨ ਸੀ ਕਿ ਉਨ੍ਹਾਂ ਨੂੰ ਹਰ ਤਹਿਰੀਕ ਵਿਚ ਜਿੱਤ ਪ੍ਰਾਪਤ ਹੋਈ।

ਕਈ ਨੁਕਤਾ ਚੀਨ ਬਾਬਾ ਜੀ ਨੂੰ ਜ਼ਿੱਦੀ ਅੜੀਅਲ ਕਹਿ ਦੇਂਦੇ ਰਹੇ ਹਨ। ਮੈਂ ਉਸ ਜ਼ਿੱਦ ਦੀ ਜਿਹੜੀ ਅਸੂਲ ਤੇ ਨਿਰਭਰ ਹੋਵੇ ਤੇ ਜਿਸ ਲਈ ਇਨ-ਸਾਨ ਜਾਨ ਤਕ ਕੁਰਬਾਨ ਕਰਨ ਲਈ ਤਿਆਰ ਹੋਵੇ, ਤਾਰੀਫ਼ ਕਰੇ ਬਿਨਾਂ ਨਹੀਂ ਰਹਿ ਸਕਦਾ। ਬਾਬਾ ਖੜਕ ਸਿੰਘ ਇਸ ਨਿਰਸੁਆਰਥ ਮਿੱਟੀ ਦੇ ਬਣੇ ਹੋਏ ਸਨ ਤੇ ਇਹੋ ਕਾਰਨ ਹੈ ਕਿ ਜਿੱਤਾਂ ਪ੍ਰਾਪਤ ਹੋਣ ਤੋਂ ਬਾਅਦ ਵੀ ਆਪ ਅਹੁਦਿਆਂ ਤੋਂ ਪਰ੍ਹਾਂ-ਪਰ੍ਹਾਂ ਹੀ ਰਹੇ। ਸਮਝੌਤੇ ਦਾ ਸ਼ਬਦ ਉਨ੍ਹਾਂ ਦੀ ਡਿਕਸ਼ਨਰੀ ਵਿਚ ਹੈ ਹੀ ਨਹੀਂ ਸੀ। ਉਨ੍ਹਾਂ ਨੇ ਸਖਤ ਤੋਂ ਸਖਤ ਕੈਦ ਭੁਗਤ ਕੇ ਆਉਣਾ ਤੇ ਬਾਹਰ ਆ ਕੇ ਫਿਰ ਸਖਤ ਤਕਰੀਰ ਸਰਕਾਰ ਵਿਰੁਧ ਕਰਨੀ ਜਿਹੜੀ ਕਾਨੂੰਨ ਦੀ ਜ਼ੱਦ ਵਿਚ ਆ ਜਾਣੀ।

ਬਾਬਾ ਜੀ ਨੇ ਦੂਸਰੀ ਵਿਸ਼ਵ ਜੰਗ ਵੇਲੇ ਅੰਗਰੇਜ਼ੀ ਸਰਕਾਰ ਨੂੰ ਸਹਾਇਤਾ ਦੇਣ ਦੀ ਵਿਰੋਧਤਾ ਕੀਤੀ। ਆਪ ਦੇਸ਼ ਦੀ ਵੰਡ ਦੇ ਵੀ ਖ਼ਿਲਾਫ਼ ਸਨ।

ਦੇਸ਼ ਦੀ ਵੰਡ ਵੇਲੇ ਦਿੱਲੀ ਆਉਣ ਤੋਂ ਪਹਿਲਾਂ ਬਾਬਾ ਜੀ ਆਪਣੇ ਇਕ

Digitized by Panjab Digital Library | www.panjabdigilib.org

ਰਿਸ਼ਤੇਦਾਰ ਪਾਸ ਕੁਲੂ ਵਾਦੀ ਵਿਚ ਚਲੇ ਗਏ ਤੇ ਜਦੋਂ ਕੁਲੂ ਤੋਂ ਦਿੱਲੀ ਜਾ ਰਹੇ ਸਨ ਤਾਂ ਰਾਹ ਵਿਚ ਉਨ੍ਹਾਂ ਦਾ ਇਕਲੌਤਾ ਲੜਕਾ ਇਕ ਹਾਦਸੇ ਦਾ ਸ਼ਿਕਾਰ ਹੋ ਗਿਆ। ਬਾਬਾ ਜੀ ਨੂੰ ਇਹ ਅਸਹਿ ਸਦਮਾ ਵੀ ਝੱਲਣਾ ਪਿਆ।

ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਤੇ ਹੋਰ ਸਭ ਨੇ ਬਾਬਾ ਜੀ ਨਾਲ ਹਮਦਰਦੀ ਕੀਤੀ। ਜਦੋਂ ਇਕ ਸੱਜਣ ਨੇ ਬਾਬਾ ਜੀ ਨੂੰ ਕਿਹਾ ਕਿ ਪ੍ਰਮਾਤਮਾ ਨੇ ਤੁਹਾਡੇ ਨਾਲ ਬੜਾ ਜ਼ੁਲਮ ਕੀਤਾ ਹੈ ਤਾਂ ਆਪ ਨੇ ਕਿਹਾ :—

"ਨਹੀਂ ਨਹੀਂ, ਪ੍ਰਮਾਤਮਾ ਕੋਈ ਗਲਤੀ ਨਹੀਂ ਕਰਦਾ, ਉਹ ਸਭ ਠੀਕ ਕਰਦਾ ਹੈ। ਉਹ ਵੈਰ ਜਾਂ ਦਵੇਸ਼ ਨਾਲ ਕੋਈ ਗੱਲ ਨਹੀਂ ਕਰਦਾ। ਇਹ ਮੇਰੇ ਆਪਣੇ ਮੰਦੇ ਭਾਗ ਹੋਣਗੇ ਜੋ ਮੈਨੂੰ ਇਹ ਸਦਮਾ ਪੁੱਜਾ। ਮੈਂ ਅਰਦਾਸ ਕਰਦਾ ਹਾਂ ਕਿ ਪ੍ਰਮਾਤਮਾ ਮੈਨੂੰ ਇਸ ਸਦਮੇ ਨੂੰ ਬਰਦਾਸ਼ਤ ਕਰਨ ਦਾ ਹੌਂਸਲਾ ਦੇਵੇ।"

ਆਜ਼ਾਦ ਭਾਰਤ ਵਿਚ ਬਾਬਾ ਜੀ ਦਿੱਲੀ ਵਿਚ ਰਹੇ, ਆਪ ਹਰ ਮਸਲੇ ਤੇ ਆਪਣੀ ਰਾਏ ਦੇਂਦੇ ਰਹੇ। ਦੇਸ਼ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਆਪ ਦਾ ਬੜਾ ਸਤਿਕਾਰ ਕਰਦੇ ਸਨ ਤੇ ਜਦੋਂ ਵੀ ਬਾਬਾ ਜੀ ਦਾ ਜਨਮ ਦਿਨ ਮਨਾਇਆ ਜਾਂਦਾ ਆਪ ਸ਼ੁਭਕਾਮਨਾਵਾਂ ਭੇਂਟ ਕਰਨ ਲਈ ਸ਼ਾਮਿਲ ਹੁੰਦੇ, ਆਪ ਨੇ ਕਈ ਵਾਰੀ ਕਿਹਾ ਹੈ :—

"ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਇਕ ਮਹਾਨ ਸੁਤੰਤਰਤਾ ਸੰਗਰਾਮੀ ਸਾਡੇ ਦਰਮਿਆਨ ਮੌਜੂਦ ਹੈ, ਅਤੇ ਮੈਨੂੰ ਆਸ ਹੈ ਕਿ ਅਜੇ ਕਈ ਸਾਲ ਹੋਰ ਸਾਨੂੰ ਇਹ ਖੁਸ਼ੀ ਮਿਲਦੀ ਰਹੇਗੀ। ਜੋ ਕੁਝ ਵੀ ਹੋ ਜਾਵੇ, ਬਾਬਾ ਜੀ ਆਪਣੀ ਲੰਮੀ ਜ਼ਿੰਦਗੀ ਵਿਚ ਕਦੇ ਉਸ ਗੱਲ ਅੱਗੇ ਨਹੀਂ ਝੁਕੇ ਜਿਸ ਨੂੰ ਉਹ ਗਲਤ ਜਾਂ ਬੁਰਾ ਸਮਝਦੇ ਹੋਣ ਅਤੇ ਇਸ ਲਈ ਅੱਜ ਉਹ ਇਕ ਚਾਨਣ-ਮੁਨਾਰੇ ਦੀ ਤਰ੍ਹਾਂ ਸਾਡੇ ਸਾਹਮਣੇ ਹਨ ਤੇ ਲੋਕ ਉਨ੍ਹਾਂ ਦੀ ਮਿਸਾਲ ਤੋਂ ਰੌਸ਼ਨੀ ਤੇ ਹੌਂਸਲਾ ਹਾਸਲ ਕਰਦੇ ਹਨ।"

ਇਕ ਹੋਰ ਥਾਂ ਆਪ ਨੇ ਕਿਹਾ :—

"ਮੈਨੂੰ ਸਾਰੇ ਦੇਸ਼ ਵਿਚ ਹੋਰ ਕੋਈ ਐਸਾ ਵਿਅਕਤੀ ਨਜ਼ਰ ਨਹੀਂ ਆਉਂਦਾ ਜਿਸਦਾ ਦਲੇਰੀ, ਹੌਂਸਲਾ ਤੇ ਸੱਚਾਈ ਵਿਚ ਬਾਬਾ ਜੀ ਨਾਲ ਮੁਕਾਬਲਾ ਕੀਤਾ ਜਾਵੇ।"

ਇਕ ਵਾਰੀ ਇਕ ਸਮਾਰੋਹ ਵਿਚ ਪੰਡਤ ਜਵਾਹਰ ਲਾਲ ਨਹਿਰੂ ਨੂੰ ਬਾਬਾ

Digitized by Panjab Digital Library | www.panjabdigilib.org

ਜਾਂ ਹਥੋਂ ਸਰੋਪਾ ਭੇਂਟ ਕੀਤਾ ਗਿਆ। ਜਵਾਬੀ ਤਕਰੀਰ ਵਿਚ ਪੰਡਤ ਜੀ ਨੇ ਕਿਹਾ :—

"ਬਾਬਾ ਜੀ ਦੇ ਹੱਥੋਂ ਇਹ ਸਰੋਪਾ ਹਾਸਲ ਕਰਨਾ ਬੜੀ ਭਾਰੀ ਵਡਿਆਈ ਦੀ ਗੱਲ ਹੈ ਅਤੇ ਇਹ ਮਾਣ ਛੋਟੇ ਆਦਮੀ ਨੂੰ ਉੱਚਾ ਉਠਾ ਕੇ ਮਹਾਨ ਬਣਾ ਦੇਂਦਾ ਹੈ।"

ਇਕ ਵਾਰੀ ਪੰਡਤ ਜਵਾਹਰ ਲਾਲ ਨੇ ਬਾਬਾ ਜੀ ਨੂੰ ਕੌਮੀ ਝੰਡੇ ਦਾ ਚਾਂਦੀ ਵਿਚ ਬਣਿਆ ਹੋਇਆ ਚਰਖਾ ਪੇਸ਼ ਕਰਦਿਆਂ ਆਖਿਆ :—

"ਐਸੇ ਥੋੜੇ ਹੀ ਹੱਥ ਹਨ ਜੋ ਬਾਬਾ ਜੀ ਦੇ ਹੱਥਾਂ ਦੀ ਤਰ੍ਹਾਂ ਕੌਮੀ ਝੰਡੇ ਦੀ ਇਜ਼ਤ ਤੇ ਵਕਾਰ ਨੂੰ ਕਾਇਮ ਰੱਖ ਸਕਣ। ਬਾਬਾ ਖੜਕ ਸਿੰਘ ਜੀ ਦੀ ਪੂਰਣਤਾ ਤੇ ਈਮਾਨਦਾਰੀ ਦੇ ਰਿਕਾਰਡ ਦਾ ਮੁਕਾਬਲਾ ਆਸਾਨ ਨਹੀਂ। ਜਿਹੜੇ ਬਾਬਾ ਜੀ ਨਾਲ ਮਤ-ਭੇਦ ਵੀ ਰੱਖਦੇ ਸਨ, ਉਹ ਵੀ ਉਨ੍ਹਾਂ ਦੇ ਵਡੱਪਣ ਦੇ ਕਾਇਲ ਸਨ। ਬਾਬਾ ਖੜਕ ਸਿੰਘ ਪਾਣੀ ਦੀ ਤਰ੍ਹਾਂ ਸਾਫ ਤੇ ਚਟਾਨ ਦੀ ਤਰ੍ਹਾਂ ਮਜ਼ਬੂਤ ਹੈ। ਜਦੋਂ ਉਹ ਕੋਈ ਜ਼ਿਮਾ ਲੈਂਦੇ ਹਨ ਤਾਂ ਉਸ ਨੂੰ ਤੋੜ ਪਹੁੰਚਾ ਕੇ ਦਮ ਲੈਂਦੇ ਹਨ। ਇਹ ਸਭ ਤੋਂ ਵੱਡਾ ਸਬਕ ਹੈ ਜੋ ਸਾਡੀ ਨੌਜਵਾਨ ਪੀੜੀ ਨੂੰ ਇਸ ਮਹਾਨ ਸ਼ਖਸੀਅਤ ਪਾਸੋਂ ਹਾਸਲ ਕਰਨਾ ਚਾਹੀਦਾ ਹੈ।"

ਜਦੋਂ ਨੇਤਾ ਜੀ ਸੁਭਾਸ਼ ਚੰਦਰ ਬੋਸ ਫਾਰਵਰਡ ਬਲਾਕ ਕਾਇਮ ਕਰਨ ਲੱਗੇ ਤਾਂ ਬਾਬਾ ਜੀ ਪਾਸ ਆਸ਼ੀਰਵਾਦ ਲੈਣ ਲਈ ਗਏ। ਬਾਬਾ ਜੀ ਨੇ ਅਨੰਦ-ਮਈ ਅੰਦਾਜ਼ ਵਿਚ ਕਿਹਾ :—

"ਮੈਂ ਸੁਭਾਅ ਅਨੁਸਾਰ ਅਗਾੜੀ (forward) ਖੇਡਣ ਵਾਲਾ ਖਿਲਾੜੀ ਹਾਂ, ਪਿਛਾੜੀ (backward) ਵਾਲਾ ਨਹੀਂ।"

ਬਾਬਾ ਜੀ ਨੂੰ "ਬੇ-ਤਾਜ ਬਾਦਸ਼ਾਹ" ਦਾ ਖ਼ਿਤਾਬ ਦੇਣਾ ਜਨਤਾ ਦੀ ਆਵਾਜ਼ ਸੀ। 6 ਅਕਤੂਬਰ 1963 ਨੂੰ ਬਾਬਾ ਖੜਕ ਸਿੰਘ ਜੀ ਸਰੀਰਕ ਰੂਪ 'ਚ ਵਿਛੋੜਾ ਦੇ ਗਏ।

***

Digitized by Panjab Digital Library | www.panjabdigilib.org

# ਸੈਫ਼-ਉਦ-ਦੀਨ ਕਿਚਲੂ

1937-38 ਵਿਚ ਕਾਂਗਰਸ ਵਿਚ ਆਪਣੀ ਹੋਂਦ ਨੂੰ ਮੁਅੱਸਰ ਬਨਾਉਣ ਵਾਸਤੇ ਅਕਾਲੀਆਂ ਨੇ ਇਕ ਕਾਂਗਰਸ ਅਕਾਲੀ ਪਾਰਟੀ ਬਣਾਈ ਜਿਸ ਦੇ ਪ੍ਰਧਾਨ ਗਿ: ਕਰਤਾਰ ਸਿੰਘ ਥਾਪੇ ਗਏ। ਇਸ ਪਾਰਟੀ ਦਾ ਅਸਲ ਮਕਸਦ ਕਾਂਗਰਸ ਵਿਚ ਵੱਧ ਤੋਂ ਵੱਧ ਮੈਂਬਰ ਭਰਤੀ ਕਰਕੇ ਕਾਂਗਰਸ ਦੀਆਂ ਆਉਂਦੀਆਂ ਚੋਣਾਂ ਵਿਚ ਹਿੱਸਾ ਲੈਣਾ ਸੀ।

ਉਸ ਵੇਲੇ ਪੰਜਾਬ ਕਾਂਗਰਸ ਵਿਚ ਦੋ ਗਰੁੱਪ ਸਨ। ਇਕ ਡਾ. ਸੱਤਯ. ਪਾਲ ਦਾ ਜੋ ਕਾਂਗਰਸ ਤੇ ਕਾਬਿਜ਼ ਸੀ ਤੇ ਦੂਜਾ ਡਾ. ਗੋਪੀ ਚੰਦ ਭਾਰਗੋ ਦਾ। ਅਕਾਲੀ, ਕਾਫ਼ੀ ਮੈਂਬਰ ਪ੍ਰਦੇਸ਼ ਕਾਂਗਰਸ ਵਿਚ ਲੈ ਆਏ। ਪ੍ਰਧਾਨਗੀ ਦੀ ਚੋਣ ਵੇਲੇ ਡਾ. ਸੱਤਯਪਾਲ ਦੁਬਾਰਾ ਪ੍ਰਧਾਨ ਚੁਣੇ ਗਏ। ਹਰ ਵਾਰੀ ਡਾ: ਗੋਪੀ ਚੰਦ ਦਾ ਧੜਾ ਭਰਤੀ ਕਰਦਾ ਤੇ ਪ੍ਰਦੇਸ਼ ਕਾਂਗਰਸ ਵਿਚ ਉਸ ਦੇ ਕਈ ਮੈਂਬਰ ਆ ਜਾਂਦੇ ਪਰ ਚੋਣ ਵੇਲੇ ਡਾ. ਸੱਤਯਪਾਲ ਕਿਸੇ ਨਾ ਕਿਸੇ ਤਰ੍ਹਾਂ ਧਿੰਗੋ ਜ਼ੋਰੀ ਜਿੱਤ ਜਾਂਦੇ। ਜੇ ਮੈਂ ਇਹ ਆਖਾਂ ਕਿ ਡਾ. ਸੱਤਯਪਾਲ ਦਾ ਗਰੁੱਪ ਚੋਣ ਵੇਲੇ ਜ਼ਮਹੂਰੀ ਲੱਛਣਾਂ ਨੂੰ ਨਜ਼ਰ-ਅੰਦਾਜ਼ ਕਰਕੇ, ਕਿਸੇ ਮਾਪ-ਨਾਪ ਦੀ ਕੋਈ ਪ੍ਰਵਾਹ ਨਾ ਕਰਦੇ ਹੋਇਆਂ ਧੱਕਾ ਕਰਦਾ ਸੀ ਤਾਂ ਇਸ ਵਿਚ ਕੋਈ ਅਤਿ-ਕਥਨੀ ਨਹੀਂ ਹੋਵੇਗੀ। ਪਹਿਲੀ ਚੋਣ ਵੇਲੇ ਅਕਾਲੀ ਮੈਂਬਰਾਂ ਨੇ ਵੋਟਾਂ ਤਾਂ ਭਾਰਗੋ ਧੜੇ ਨੂੰ ਦਿੱਤੀਆਂ ਪਰ ਚੋਣ ਵਿਚ ਮੂਹਰੇ ਹੋ ਕੇ ਕੋਈ ਕੰਮ ਨਾ ਕੀਤਾ। ਅਗਲੇ ਸਾਲ ਜਦੋਂ ਫਿਰ ਚੋਣ ਆਈ ਤਾਂ ਅਕਾਲੀ ਹੋਰ ਵੀ ਤਾਕਤ ਵਿਚ ਆਏ। ਅਕਾਲੀ ਗਰੁੱਪ ਦੇ ਕੋਈ 85 ਮੈਂਬਰ ਚੁਣੇ ਹੋਏ ਆ ਗਏ ਤੇ ਉਹਨਾਂ ਨੇ ਫੈਸਲਾ ਕੀਤਾ ਕਿ ਇਸ ਵਾਰ ਕੋਈ ਧੱਕਾ ਨਹੀਂ ਹੋਣ ਦੇਣਾ। ਡਾਕਟਰ ਕਿਚਲੂ ਅੰਮ੍ਰਿਤਸਰ ਵਿਚ ਰਹਿੰਦੇ ਸਨ ਤੇ ਅਕਾਲੀਆਂ ਨਾਲ ਸ਼ੁਰੂ ਤੋਂ ਹੀ ਆਪ ਦੇ ਚੰਗੇ ਸੰਬੰਧ ਸਨ।



Digitized by Panjab Digital Library | www.panjabdigilib.org

ਚੁਨਾਂਚਿ, ਇਸ ਵਾਰੀ ਅਕਾਲੀਆਂ ਦੇ ਅਸਰ ਕਰਕੇ ਡਾ. ਕਿਚਲੂ ਨੂੰ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਖੜ੍ਹਾ ਕਰਨ ਦਾ ਫੈਸਲਾ ਕੀਤਾ ਗਿਆ। ਮੁਕਾਬਲਾ ਡਾ: ਸੱਤਯਪਾਲ ਤੇ ਡਾ. ਕਿਚਲੂ ਵਿਚ ਸੀ। ਅਕਾਲੀ ਮੈਂਬਰ ਖੂਬ ਤਿਆਰ ਹੋ ਕੇ ਗਏ ਤੇ ਨਾਲ ਹੀ ਆਪਣੇ ਕਈ ਸਮਰਥਕ ਬ੍ਰੈਡਲਾ ਹਾਲ ਦੀ ਉੱਪਰਲੀ ਗੈਲਰੀ ਵਿਚ ਵੀ ਬਿਠਾ ਦਿੱਤੇ। ਲਾਲਾ ਸ਼ਾਮ ਲਾਲ ਐਡਵੋਕੇਟ ਹਿਸਾਰ ਵਾਲੇ ਰੀਟਰਨਿੰਗ ਅਫ਼ਸਰ ਸਨ। ਚੋਣ ਵੇਲੇ ਬਕਸੇ ਇਕ ਗੁੱਠ ਵਿਚ ਰੱਖੇ ਗਏ ਪਰ ਜਦੋਂ ਪਰਚੀਆਂ ਦੀ ਗਿਣਤੀ ਹੋਣ ਲਗੀ ਤਾਂ ਪ੍ਰਧਾਨ ਡਾ. ਸੱਤਯਪਾਲ ਦੇ ਮੇਜ਼ 'ਤੇ ਰੱਖ ਕੇ ਸ਼ੁਰੂ ਕੀਤੀ। ਪਰਚੀਆਂ ਕੱਢ ਕੇ ਮੇਜ਼ 'ਤੇ ਹੀ ਰੱਖਦੇ ਗਏ। ਡਾ. ਸੱਤਯਪਾਲ ਦਾ ਇਕ ਹਾਮੀ ਜਵਾਨ ਲੜਕਾ ਗ਼ਾਲਬਨ ਉਸ ਦਾ ਨਾਂ ਦੇਵ ਦੱਤ ਸੀ ਮੇਜ਼ ਦੇ ਨਾਲ ਹੀ ਚਿਪਕ ਕੇ ਬੈਠਾ ਹੋਇਆ ਸੀ। ਉਹ ਸ਼ੋਸ਼ਲਿਸਟ ਗਰੁੱਪ ਦਾ ਸੀ ਜੋ ਡਾ. ਸੱਤਯ-ਪਾਲ ਦੀ ਮਦਦ ਕਰ ਰਿਹਾ ਸੀ। ਮੈਨੂੰ ਉਹਦੇ ਚਿਹਨ ਚੱਕਰਾਂ ਤੋਂ ਉਸ ਉਤੇ ਸ਼ੱਕ ਹੋ ਗਿਆ ਕਿ ਇਹ ਕੋਈ ਗੜਬੜ ਕਰੇਗਾ। ਕਿਉਂਕਿ ਇਹ ਤਾਂ ਬਿਲਕੁਲ ਸਾਫ਼ ਹੀ ਸੀ ਕਿ ਵੋਟਾਂ ਡਾਕਟਰ ਕਿਚਲੂ ਨੂੰ ਬਹੁਤ ਵਧੀਕ ਪਈਆਂ ਸਨ। ਗੱਲ ਉਹੋ ਹੋਈ, ਦੇਵ ਦੱਤ ਨੇ ਹੌਲੀ ਜਿਹੀ ਡਾ: ਕਿਚਲੂ ਦੀਆਂ ਵੱਖਰੇ ਪਈਆਂ ਪਰਚੀਆਂ ਚੁੱਕ ਕੇ ਮੂੰਹ ਵਿਚ ਪਾ ਲਈਆਂ। ਮੈਂ ਤੇ ਸ. ਗੋਪਾਲ ਸਿੰਘ ਕੌਮੀ ਨੇ ਉਸ ਨੂੰ ਫੜ ਲਿਆ ਤੇ ਪਰਚੀਆਂ ਉਹਦੇ ਮੂੰਹ ਵਿਚੋਂ ਕੱਢ ਲਈਆਂ। ਹਾਲ ਵਿਚ ਝਗੜਾ ਸ਼ੁਰੂ ਹੋ ਗਿਆ ਤੇ ਹਮੇਸ਼ਾਂ ਵਾਂਗ ਡਾ. ਸੱਤਯਪਾਲ ਦੇ ਬੰਦਿਆਂ ਨੇ ਘਸੁੰਨ ਮੁੱਕੇ ਸ਼ੁਰੂ ਕਰ ਦਿੱਤੇ। ਭਾਰਗੋ ਗਰੁੱਪ ਦੇ ਬੰਦੇ ਤਾਂ ਇਸ ਲੜਾਈ-ਝਗੜੇ ਦੇ ਕਦੇ ਯੋਗ ਹੀ ਨਹੀਂ ਹੋਏ ਤੇ ਹਮੇਸ਼ਾਂ ਉਨ੍ਹਾਂ ਨਾਲ ਏਦਾਂ ਹੀ ਹੁੰਦਾ ਸੀ। ਪਰ ਅਕਾਲੀਆਂ ਨੇ ਖੂਬ ਮੁਕਾਬਲਾ ਕੀਤਾ। ਗੈਲਰੀ ਚੋਂ ਵੀ ਬੰਦੇ ਉੱਤਰ ਆਏ ਖੁਦ ਮਾਸਟਰ ਤਾਰਾ ਸਿੰਘ ਨੂੰ ਵੀ ਮੈਂ ਮੁੱਕੇ ਚਲਾਂਦੇ ਵੇਖਿਆ ਤੇ ਇਸ ਹੱਫੜਾ ਦੱਫੜੀ ਵਿਚ ਸੱਤਯਪਾਲ ਗਰੁੱਪ ਦੇ ਆਦਮੀ ਹਾਲ ਛੱਡ ਕੇ ਚਲੇ ਗਏ। ਦੇਵ ਦੱਤ ਦੀ ਇਹ ਹਰਕਤ ਸਹਿਵਨ ਨਹੀਂ ਸੀ ਬਲਕਿ ਅਗੇਤਰੀ ਮਿੱਥੀ-ਮਿੱਥਾਈ ਸੀ।

ਜਦੋਂ ਦੇਵ ਦੱਤ ਦੇ ਮੂੰਹ ਵਿਚੋਂ ਕੱਢੀਆਂ ਪਰਚੀਆਂ ਕੌਮੀ ਜੀ ਨੇ ਲਾਲਾ ਸ਼ਾਮ ਲਾਲ ਜੀ ਨੂੰ ਦਿੱਤੀਆਂ ਤਾਂ ਉਹ ਕਹਿਣ ਲੱਗੇ, ਆਪਣੇ ਕੋਲ ਹੀ ਰੱਖੋ, ਮੈਥੋਂ ਤਾਂ ਇਹ ਖੋਹ ਲੈਣਗੇ। ਮੈਨੂੰ ਯਾਦ ਹੈ, ਲਾਲਾ ਸ਼ਾਮ ਲਾਲ ਉਦੋਂ ਕੰਬ ਰਹੇ ਸਨ। ਉਪਰੰਤ ਲਾਲਾ ਸ਼ਾਮ ਲਾਲ ਦੀ ਕੋਠੀ ਇਕੱਠੇ ਹੋਏ। ਕੋਈ ਦੋ ਘੰਟੇ

Digitized by Panjab Digital Library | www.panjabdigilib.org

ਬਾਅਦ ਦੁਬਾਰਾ ਬ੍ਰੈਡਲਾ ਹਾਲ ਵਿਚ ਜੁੜੇ ਤੇ ਚੂੰਕਿ, ਵੋਟਾਂ ਡਾ. ਕਿਚਲੂ ਦੀਆਂ ਵੱਧ ਸਨ, ਸ਼ਾਮ ਲਾਲ ਜੀ ਨੇ ਉਹਨਾਂ ਦੇ ਪ੍ਰਧਾਨ ਹੋਣ ਦਾ ਐਲਾਨ ਕਰ ਦਿੱਤਾ ।

ਡਾ. ਕਿਚਲੂ ਦੇ ਵੱਡੇ-ਵਡੇਰੇ ਕਸ਼ਮੀਰ ਦੇ ਸਨ । ਆਪ ਦੇ ਦਾਦਾ ਕੇਸਰ, ਕਸਤੂਰੀ, ਪਸ਼ਮੀਨਾ ਤੇ ਸ਼ਾਲ-ਦੁਸ਼ਾਲਿਆਂ ਦਾ ਵਪਾਰ ਕਰਦੇ ਸਨ । ਆਪ ਦੇ ਪਿਤਾ ਸ੍ਰੀ ਅਬਦੁਲ ਅਜ਼ੀਜ਼ ਕਸ਼ਮੀਰ ਛੱਡ ਕੇ ਰਾਵਲਪਿੰਡੀ ਜਾ ਕੇ ਆਬਾਦ ਹੋ ਗਏ ਸਨ । ਪਿੱਛੋਂ ਆਪ ਅੰਮ੍ਰਿਤਸਰ ਆਏ ਤੇ ਉਥੇ ਹੀ ਰਹਿ ਕੇ ਵਪਾਰ ਕਰਨ ਦਾ ਫੈਸਲਾ ਕਰ ਲਿਆ । ਚੁਨਾਂਚਿ, ਉਹ ਪਿੰਡੀ ਛੱਡ ਕੇ ਅੰਮ੍ਰਿਤਸਰ ਆ ਕੇ ਵਸ ਗਏ ।

ਡਾਕਟਰ ਸੈਫ਼-ਉਦ-ਦੀਨ ਕਿਚਲੂ ਬੜੇ ਹੋਣਹਾਰ ਵਿਦਿਆਰਥੀ ਸਨ । ਆਪ ਨੇ ਕੈਂਬਰਿਜ ਯੂਨੀਵਰਸਿਟੀ ਤੋਂ ਐਮ. ਏ. ਤੇ ਜਰਮਨੀ ਦੀ ਹੈਂਬਰਗ ਯੂਨੀ-ਵਰਸਿਟੀ ਤੋਂ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ ਤੇ ਉਪਰੰਤ ਇੰਗਲੈਂਡ ਤੋਂ ਬੈਰਿਸਟਰੀ ਦਾ ਇਮਤਿਹਾਨ ਪਾਸ ਕੀਤਾ । ਬੈਰਿਸਟਰੀ ਦੀ ਤਾਲੀਮ ਵੇਲੇ ਕਿਚਲੂ ਪੰ: ਜਵਾਹਰ ਲਾਲ ਨਹਿਰੂ ਤੇ ਇਨਕਲਾਬੀ ਕ੍ਰਿਸ਼ਨ ਲਾਲ ਵਰਮਾ ਦੇ ਸੰਪਰਕ ਵਿਚ ਆਏ । ਇਸ ਨੇੜਤਾ ਕਰਕੇ ਆਪ ਦੇਸ਼ ਭਗਤੀ ਤੇ ਹੁਬ-ਉਲ ਵਤਨੀ ਦੀ ਰੰਗਣ ਵਿਚ ਰੰਗੇ ਗਏ ਤੇ ਅੰਮ੍ਰਿਤਸਰ ਪਹੁੰਚ ਕੇ ਆਜ਼ਾਦੀ ਦੇ ਅੰਦੋਲਨ ਵਿਚ ਸਰਗਰਮੀ ਨਾਲ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ।

1919 ਵਿਚ ਪਹਿਲੀ ਵੱਡੀ ਜੰਗ ਵਿਚ ਵਧ ਚੜ੍ਹ ਕੇ ਦਿੱਤੀ ਹੋਈ ਸਹਾਇਤਾ ਦਾ ਬਦਲਾ ਹਿੰਦੁਸਤਾਨੀਆਂ ਨੂੰ ਅੰਗਰੇਜ਼ ਨੇ ਰੋਲਟ ਐਕਟ ਦੀ ਸ਼ਕਲ ਵਿਚ ਦਿੱਤਾ । ਇਸ ਐਕਟ ਦੀ ਵਿਰੋਧਤਾ ਸਾਰੇ ਭਾਰਤ ਵਿਚ ਫੈਲ ਗਈ । ਰੋਸ-ਜਲਸੇ ਤੇ ਹੜਤਾਲਾਂ ਹੋਈਆਂ । ਅੰਮ੍ਰਿਤਸਰ ਵਿਚ ਹੋਈਆਂ ਹੜਤਾਲਾਂ ਦੇ ਜਲਸਿਆਂ ਦੀ ਅਗਵਾਈ ਡਾ. ਕਿਚਲੂ ਅਤੇ ਡਾ. ਸੱਤਯਪਾਲ ਨੇ ਕੀਤੀ । 9 ਅਪ੍ਰੈਲ ਨੂੰ ਰਾਮ ਨੌਮੀ ਦਾ ਤਿਉਹਾਰ ਸੀ । ਹਿੰਦੂ ਮੁਸਲਮਾਨਾਂ ਨੇ ਇਨ੍ਹਾਂ ਦੋ ਆਗੂਆਂ ਦੀ ਅਗਵਾਈ ਹੇਠਾਂ ਜਲੂਸ ਕੱਢਿਆ । ਅਗਲੇ ਦਿਨ ਡੀ. ਸੀ. ਨੇ ਅੰਮ੍ਰਿਤਸਰ ਦੇ ਦੋਹਾਂ ਆਗੂਆਂ ਨੂੰ ਆਪਣੀ ਕੋਠੀ ਬੁਲਾਇਆ ਤੇ ਉਥੇ ਹੀ ਗ੍ਰਿਫਤਾਰ ਕਰਕੇ ਧਰਮਸ਼ਾਲਾ ਜੇਲ੍ਹ ਵਿਚ ਭੇਜ ਦਿੱਤਾ । ਇਨ੍ਹਾਂ ਗ੍ਰਿਫਤਾਰੀਆਂ ਵਿਰੁੱਧ ਸ਼ਹਿਰੀਆਂ ਵਿਚ ਬੜਾ ਗੁੱਸਾ ਭੜਕ

Digitized by Panjab Digital Library | www.panjabdigilib.org

ਉੱਠਿਆ ਤੇ ਇਕ ਬਹੁਤ ਵੱਡਾ ਜਲੂਸ "ਡਾ: ਕਿਚਲੂ ਤੇ ਸੱਤਯਪਾਲ ਜ਼ਿੰਦਾਬਾਦ" ਦੇ ਨਾਅਰੇ ਲਾਉਂਦਾ ਹੋਇਆ ਡੀ.ਸੀ. ਦੀ ਕੋਠੀ ਵੱਲ ਰਵਾਨਾ ਹੋ ਪਿਆ। ਜਦੋਂ ਪੁਲਸ ਤੋਂ ਲੋਕਾਂ ਦਾ ਠਾਠਾਂ ਮਾਰਦਾ ਹੜ੍ਹ ਨਾ ਰੁਕ ਸਕਿਆ ਤਾਂ ਪੁਲਸ ਨੇ ਗੋਲੀ ਚਲਾ ਦਿੱਤੀ। ਕਈ ਆਦਮੀ ਮਾਰੇ ਗਏ। ਇਸ ਨੇ ਉਲਟਾ ਅੱਗ 'ਤੇ ਤੇਲ ਦਾ ਕੰਮ ਕੀਤਾ, ਲੋਕਾਂ ਨੇ ਹਾਲ ਬਾਜ਼ਾਰ ਵਿਚ ਬੈਂਕਾਂ ਤੇ ਹਮਲਾ ਕਰਕੇ ਅੰਗਰੇਜ਼ ਮੈਨੇਜਰ ਮਾਰ ਦਿੱਤੇ ਤੇ ਬੈਂਕ ਨੂੰ ਅੱਗ ਲਾ ਕੇ ਲਾਸ਼ਾਂ ਵਿੱਚੇ ਸਾੜ ਦਿੱਤੀਆਂ।

ਅੰਗਰੇਜ਼ ਮੈਨੇਜਰਾਂ ਦੀ ਮੌਤ 'ਤੇ ਸਰਕਾਰ ਚਿੜ੍ਹ ਗਈ। ਸ਼ਹਿਰ ਵਿਚ ਕਰਫਿਊ ਲਾ ਦਿੱਤਾ। ਛੇਤੀ ਹੀ ਸਰਕਾਰ ਨੂੰ ਆਪਣਾ ਗੁੱਸਾ ਕੱਢਣ ਦਾ ਮੌਕਾ ਵੀ ਮਿਲ ਗਿਆ। 13 ਅਪ੍ਰੈਲ ਨੂੰ ਵਿਸਾਖੀ ਦਾ ਦਿਨ ਸੀ। ਅੰਮ੍ਰਿਤਸਰ ਵਿਸਾਖੀ ਤੇ ਬੜਾ ਭਾਰੀ ਮੇਲਾ ਲਗਦਾ ਹੈ। ਉਸ ਦਿਨ ਬਾਹਰੋਂ ਬਹੁਤ ਲੋਕ ਆਉਂਦੇ ਹਨ। ਸ਼ਹਿਰੀਆਂ ਨੇ ਫ਼ੈਸਲਾ ਕੀਤਾ ਕਿ ਉਸ ਦਿਨ ਜਲ੍ਹਿਆਂ ਵਾਲੇ ਬਾਗ ਵਿਚ ਰੋਸ ਵਜੋਂ ਜਲਸਾ ਕੀਤਾ ਜਾਏ। ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਕੱਠੇ ਹੋ ਗਏ ਤੇ ਜਲਸਾ ਸ਼ੁਰੂ ਹੋ ਗਿਆ। ਸਰ ਉਡਵਾਇਰ ਗਵਰਨਰ ਪੰਜਾਬ ਤੇ ਉਸ ਦੀ ਸਰਕਾਰੀ ਮਸ਼ਨੀਰੀ ਦੇ ਫ਼ੈਸਲੇ ਅਨੁਸਾਰ ਜਿਸਦਾ ਪਬਲਿਕ ਨੂੰ ਕੋਈ ਪਤਾ ਨਾ ਦਿੱਤਾ ਗਿਆ, ਜਨਰਲ ਡਾਇਰ ਆਪਣਾ ਫ਼ੌਜੀ ਦਸਤਾ ਲੈ ਕੇ ਜ਼ਲ੍ਹਿਆਂ ਵਾਲੇ ਬਾਗ਼ ਪਹੁੰਚ ਗਿਆ। ਜਲਸੇ ਵਿਚ ਪੁਰ-ਅਮਨ, ਰੋਸ-ਤਕਰੀਰਾਂ ਹੋ ਰਹੀਆਂ ਸਨ ਕਿ ਜਨਰਲ ਡਾਇਰ ਨੇ ਬਿਨਾਂ ਕੋਈ ਚਿਤਾਵਨੀ ਦਿੱਤੇ ਜਾਂ ਤਾੜਨਾ ਕੀਤੇ ਜਲਸੇ ਤੇ ਗੋਲੀ ਚਲਾਣ ਦਾ ਹੁਕਮ ਦੇ ਦਿੱਤਾ। ਨਿਹੱਥੇ ਲੋਕਾਂ ਤੇ ਅਚਾਨਕ ਗੋਲੀਆਂ ਦੀ ਵਾਛੜ ਨਾਲ ਅਨੇਕਾਂ ਆਦਮੀ ਮਾਰੇ ਗਏ। ਜਿਨ੍ਹਾਂ ਨੇ ਬਾਗ਼ ਦੇ ਤੰਗ ਦਰਵਾਜ਼ਿਆਂ ਰਾਹੀਂ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ, ਉਹਨਾਂ ਨੂੰ ਉਥੇ ਹੀ ਭੁੰਨ ਦਿੱਤਾ ਗਿਆ। ਕਈਆਂ ਨੇ ਖੂਹ ਵਿਚ ਛਾਲਾਂ ਮਾਰ ਕੇ ਜਾਨ ਬਚਾਣ ਦੀ ਕੋਸ਼ਿਸ਼ ਕੀਤੀ ਉਹ ਉਥੇ ਹੀ ਖਤਮ ਹੋ ਗਏ। ਜਨਰਲ ਡਾਇਰ ਨੇ 1600 ਰਾਊਂਡ ਚਲਾਏ, ਹਾਲਾਂਕਿ ਇਸ ਦੀ ਉੱਕੀ ਕੋਈ ਲੋੜ ਨਹੀਂ ਸੀ। ਇਸ ਖੂਨੀ ਸਾਕੇ ਨਾਲ ਸਾਰੇ ਦੇਸ਼ ਵਿਚ ਗੁੱਸੇ ਦੀ ਅੱਗ ਫੈਲ ਗਈ ਤੇ ਕਈ ਥਾਵਾਂ ਤੇ ਲੋਕਾਂ ਨੇ ਰੇਲ ਪੱਟੜੀਆਂ ਪੁੱਟ ਦਿੱਤੀਆਂ, ਸਟੇਸ਼ਨ ਫੂਕ ਦਿੱਤੇ ਤੇ ਸਰਕਾਰੀ ਇਮਾਰਤਾਂ ਨੂੰ ਅੱਗਾਂ ਲਾ ਦਿੱਤੀਆਂ। ਜਲਸੇ ਹੋਏ, ਜਲੂਸ ਕੱਢੇ ਗਏ। ਮਹਾਤਮਾ ਗਾਂਧੀ ਦਾ ਦਿਲ ਦਰਦ ਨਾਲ ਭਰ ਗਿਆ ਤੇ ਉਹ ਪੰਜਾਬ ਲਈ ਰਵਾਨਾ ਹੋ ਪਏ-

Digitized by Panjab Digital Library | www.panjabdigilib.org

ਪਰ ਰਾਹ ਵਿਚ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਗੁੱਜਰਾਂ ਵਾਲੇ ਕਚਹਿਰੀ ਤੇ ਲੋਕਾਂ ਨੇ ਕਬਜ਼ਾ ਕਰ ਲਿਆ। ਸਰਕਾਰ ਨੇ ਉਥੇ ਬੰਬ-ਬਾਰੀ ਕੀਤੀ। ਕਰਫਿਊ ਦੇ ਦਿਨਾਂ ਵਿਚ ਅੰਮ੍ਰਿਤਸਰ ਦੇ ਸ਼ਹਿਰੀਆਂ ਉਤੇ ਬਹੁਤ ਜ਼ੁਲਮ ਕੀਤੇ ਗਏ। ਲੋਕਾਂ ਨੂੰ ਪੇਟ ਭਾਰ ਚਲਾਇਆ ਗਿਆ। ਦੇਸ਼ ਭਰ ਵਿਚ ਐਸੇ ਜ਼ੁਲਮਾਂ ਦਾ ਪ੍ਰਤੀਕਰਮ ਐਸਾ ਹੋਇਆ ਕਿ ਸਰਕਾਰ ਵਿਰੁੱਧ ਲੋਕ-ਰਾਇ ਜ਼ੋਰ ਪਕੜ ਗਈ। ਮਜਬੂਰਨ ਸਰਕਾਰ ਨੂੰ ਰੋਲਟ ਐਕਟ ਵਾਪਸ ਲੈਣਾ ਪਿਆ ਤੇ ਡਾਕਟਰ ਕਿਚਲੂ ਤੇ ਸੱਤਯਪਾਲ ਨੂੰ ਰਿਹਾਅ ਕਰਨਾ ਪਿਆ। ਚੂੰਕਿ, ਇਹ ਘਟਨਾ ਸਾਰੇ ਦੇਸ਼ ਵਿਚ ਫੈਲ ਗਈ, ਡਾਕਟਰ ਕਿਚਲੂ ਸਥਾਨਕ ਆਗੂ ਤੋਂ ਉੱਭਰ ਕੇ ਕੌਮੀ ਨੇਤਾ ਦੇ ਪੱਧਰ ਤੇ ਆ ਗਏ। ਉਪਰੰਤ ਆਪ ਨੇ ਸਾਰੀਆਂ ਕੌਮੀ ਲਹਿਰਾਂ ਵਿਚ ਹਿੱਸਾ ਲਿਆ ਤੇ ਕਈ ਵਾਰੀ ਜੇਲ੍ਹ ਗਏ।

ਜਿਨ੍ਹਾਂ ਦਿਨਾਂ ਵਿਚ ਅਕਾਲੀ ਲਹਿਰ (ਗੁਰਦਵਾਰਾ ਸੁਧਾਰ ਲਹਿਰ) ਚਲ ਰਹੀ ਸੀ ਤਾਂ ਮਹਾਤਮਾ ਜੀ ਵਲੋਂ ਚਲਾਈ ਨਾ-ਮਿਲਵਰਤਨ ਲਹਿਰ ਵੀ ਜ਼ੋਰਾਂ ਤੇ ਸੀ। ਚੂੰਕਿ, ਦੋਹਾਂ ਲਹਿਰਾਂ ਦਾ ਆਸ਼ਾ ਅੰਗਰੇਜ਼ੀ ਸਰਕਾਰ ਵਿਰੁੱਧ ਸੀ। ਇਸ ਲਈ ਆਗੂ ਇਕ ਦੂਜੇ ਦੀਆਂ ਕਾਨਫਰੰਸਾਂ ਵਿਚ ਸ਼ਾਮਿਲ ਹੋ ਕੇ ਭਾਸ਼ਣ ਦੇਂਦੇ ਰਹੇ। ਅਕਾਲੀ ਲਹਿਰ ਸਰਕਾਰ ਵਿਰੋਧੀ ਹੋਣ ਕਰਕੇ ਦੇਸ਼ ਦੇ ਸੁਤੰਤਰਤਾ-ਸੰਗਰਾਮ ਦਾ ਇਕ ਹਿੱਸਾ ਹੀ ਬਣ ਗਈ ਸੀ। ਡਾ. ਕਿਚਲੂ ਇਸ ਲਹਿਰ ਸਦਕਾ ਹੀ ਅਕਾਲੀਆਂ ਦੇ ਬਹੁਤ ਨੇੜੇ ਹੋ ਗਏ। ਆਪ ਨੇ ਜੈਤੋ ਦੇ ਮੋਰਚੇ ਵਿਚ ਹਿੱਸਾ ਲਿਆ ਤੇ ਜੇਲ੍ਹ ਗਏ। ਖਿਲਾਫ਼ਤ ਅੰਦੋਲਨ ਵਿਚ ਆਪ ਨੇ ਸਰਗਰਮ ਹੋ ਕੇ ਹਿੱਸਾ ਲਿਆ ਤੇ 1923 ਵਿਚ ਆਲ ਇੰਡੀਆ ਖ਼ਿਲਾਫ਼ਤ ਕਮੇਟੀ ਦੇ ਪ੍ਰਧਾਨ ਚੁਣੇ ਗਏ।

'ਭਾਰਤ ਨੌਜਵਾਨ ਸਭਾ' ਦੀ ਸਥਾਪਨਾ ਤੋਂ ਸ. ਭਗਤ ਸਿੰਘ ਹੁਰਾਂ ਦੇ ਮੁਕੱਦਮੇ ਵਿਚ ਜਿਥੇ ਆਪ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਰਹੇ ਆਪ ਨੇ ਰੋਸ ਜਲਸਿਆਂ ਦੀ ਪ੍ਰਧਾਨਗੀ ਤੇ ਜਲੂਸਾਂ ਦੀ ਅਗਵਾਈ ਕੀਤੀ। ਗਦਰੀ ਬਾਬਿਆਂ ਦੀ 'ਕਿਰਤੀ ਕਿਸਾਨ ਪਾਰਟੀ' ਦੇ ਮੈਂਬਰ ਰਹਿ ਕੇ ਸੇਵਾ ਕੀਤੀ।

ਡਾਕਟਰ ਸਾਹਿਬ ਇਕ ਤੋਂ ਵੱਧ ਵਾਰੀ ਪੰਜਾਬ ਕਾਂਗਰਸ ਦੇ ਪ੍ਰਧਾਨ ਬਣੇ। ਜਿਨ੍ਹਾਂ ਆਦਮੀਆਂ ਨੂੰ ਕਦੇ ਡਾਕਟਰ ਕਿਚਲੂ ਨੂੰ ਮਿਲਣ ਜਾਂ ਨੇੜੇ ਤੋਂ

Digitized by Panjab Digital Library | www.panjabdigilib.org

ਵੇਖਣ ਦਾ ਇਤਫ਼ਾਕ ਹੋਇਆ ਹੋਵੇਗਾ ਉਹ ਮੇਰੀ ਇਸ ਗੱਲ ਦੀ ਸ਼ਾਹਦੀ ਭਰਨਗੇ ਕਿ ਡਾਕਟਰ ਸੈਫ਼-ਉਦ-ਦੀਨ ਕਿਚਲੂ ਆਪਣੀ ਸ਼ਾਨ ਤੇ ਸ਼ਾਖ਼ਤ ਦੇ ਇਕ ਸ਼ਾਨਦਾਰ ਵਿਅਕਤੀ ਸਨ। ਆਪ ਅਮੀਰ ਘਰਾਣੇ ਦੇ ਸਨ ਤੇ ਆਪਦਾ ਰਹਿਣ-ਸਹਿਣ ਬਹੁਤ ਉੱਚਾ ਸੀ। ਬੈਰਿਸਟਰ ਹੋਣ ਕਰਕੇ ਵਕਾਲਤ ਵੀ ਚੰਗੀ ਸੀ ਪਰ ਆਪ ਨੇ ਆਜ਼ਾਦੀ ਦੇ ਸੰਗਰਾਮ ਵਿਚ ਸਰਗਰਮ ਹੋ ਕੇ ਤੇ ਵਰਕਰਾਂ ਦੇ ਮੁਕੱਦਮੇ ਮੁਫ਼ਤ ਲੜ ਕੇ ਤੇ ਲਹਿਰਾਂ ਵਿਚ ਆਪਣੇ ਕੋਲੋਂ ਖ਼ਰਚ ਕਰਕੇ ਆਪਣਾ ਸਭ ਕੁਝ ਗੰਵਾ ਲਿਆ ਤੇ ਆਖ਼ਰੀ ਉਮਰ ਵਿਚ ਬਿਲਕੁਲ ਗਰੀਬ ਤੇ ਕੰਗਾਲ ਹੋ ਗਏ। ਆਪ ਨੇ ਹੱਥ ਅੱਡ ਕੇ ਕਦੇ ਕੋਈ ਅਹੁਦਾ ਜਾਂ ਮੈਂਬਰੀ ਨਹੀਂ ਮੰਗੀ। ਅਣਖ ਆਪ ਵਿਚ ਕੁੱਟ-ਕੁੱਟ ਕੇ ਭਰੀ ਹੋਈ ਸੀ। 1946 ਦੀਆਂ ਚੋਣਾਂ ਵਿਚ ਸਰਦਾਰ ਪਟੇਲ ਨੇ ਆਪ ਨੂੰ ਤਾਰ ਦਿੱਤੀ ਕਿ ਆਪ ਕੇਂਦਰੀ ਅਸੈਂਬਲੀ ਲਈ ਅੰਮ੍ਰਿਤਸਰ ਵਾਲ ਹਲਕੇ ਤੋਂ ਕਾਗਜ਼ ਨਾਮਜ਼ਦਗੀ ਦਾਖ਼ਲ ਕਰੋ ਤਾਂ ਆਪ ਨੇ ਜਵਾਬ ਦਿੱਤਾ ਕਿ ਮੈਂ ਪੰਜਾਬ ਅਸੈਂਬਲੀ ਦੀ ਸੀਟ ਲੜਾਂਗਾ, ਇਥੇ ਕਿਸੇ ਹੋਰ ਨੂੰ ਟਿਕਟ ਦੇ ਦਿੱਤਾ ਜਾਵੇ। ਨਾਲ ਹੀ ਇਹ ਖ਼ਬਰ ਅਖਬਾਰ ਵਿਚ ਨਿਕਲ ਗਈ ਤਾਂ ਸਰਦਾਰ ਪਟੇਲ ਆਪ ਨਾਲ ਨਾਰਾਜ਼ ਹੋ ਗਏ। ਮੌਲਾਨਾ ਸਾਹਿਬ ਪਹਿਲਾਂ ਹੀ ਆਪ ਨਾਲ ਨਾਰਾਜ਼ ਸਨ। ਚੁਨਾਂਚਿ ਨਤੀਜਾ ਇਹ ਹੋਇਆ ਕਿ ਆਜ਼ਾਦੀ ਤੋਂ ਬਾਅਦ ਇਤਨੇ ਵੱਡੇ ਸੁਤੰਤਰਤਾ ਸੰਗਰਾਮੀ ਨੂੰ ਬਿਲਕੁਲ ਨਜ਼ਰ-ਅੰਦਾਜ਼ ਕੀਤਾ ਗਿਆ ਤੇ ਉਸ ਦੀ ਕਿਧਰੇ ਰਾਜਨੀਤਕ ਸਮਾਈ ਨਾ ਕੀਤੀ ਗਈ। ਆਪ ਨੇ ਦਿੱਲੀ ਵਿਚ ਘੋਰ ਗ਼ਰੀਬੀ ਦੇ ਦਿਨ ਗੁਜ਼ਾਰੇ ਪਰ ਕਿਸੇ ਨੇਤਾ ਦੇ ਸਾਹਮਣੇ ਹੱਥ ਨਹੀਂ ਪਸਾਰਿਆ। ਨਾ ਕਿਸੇ ਨੂੰ ਮਿਲੇ; ਹਾਲਾਂਕਿ, ਆਪ ਕੇਂਦਰੀ ਨੇਤਾਵਾਂ ਦੇ ਪੱਧਰ ਦੇ ਨੇਤਾ ਸਨ। ਕਈ ਵਾਰੀ ਉਹਨਾਂ ਦੀ ਜ਼ਿੰਦਗੀ ਵਿਚ ਗਿ: ਗੁਰਮੁਖ ਸਿੰਘ ਮੁਸਾਫ਼ਿਰ ਨੇ ਉਹਨਾਂ ਨੂੰ ਦੱਸੇ ਬਿਨਾਂ ਉਹਨਾਂ ਦੇ ਘਰ ਆਟਾ ਭਿਜਵਾਇਆ। ਉਹਨਾਂ ਦੀ ਮੌਤ ਤੋਂ ਬਾਅਦ ਇਕ ਵਾਰੀ ਮੁਸਾਫ਼ਿਰ ਜੀ ਉਹਨਾਂ ਦੇ ਘਰ ਗਏ ਤਾਂ ਉਹਨਾਂ ਦੇ ਬੱਚਿਆਂ ਕੋਲ ਸਰਦੀਆਂ ਵਿਚ ਰਜਾਈਆਂ ਨਹੀਂ ਸਨ। ਉਹ ਠਰੂੰ-ਠਰੂੰ ਕਰ ਰਹੇ ਸਨ।

1951 ਵਿਚ ਆਪ ਭਾਰਤ ਦੀ ਅਮਨ ਕਮੇਟੀ ਦੇ ਪਹਿਲੇ ਪ੍ਰਧਾਨ ਥਾਪੇ ਗਏ ਤੇ ਆਪ ਵੀਆਨਾ ਦੀ ਅਮਨ ਕਾਨਫਰੰਸ ਵਿਚ ਸ਼ਾਮਿਲ ਹੋਏ। ਰੂਸ ਦੀ ਸਰਕਾਰ ਨੇ ਆਪ ਨੂੰ ਇਕ ਲੱਖ ਰੁਪਏ ਦਾ ਅਮਨ-ਇਨਾਮ (ਲੈਨਿਨ ਪੁਰਸਕਾਰ) ਤੇ ਇਕ

Digitized by Panjab Digital Library | www.panjabdigilib.org

ਸੋਨੇ ਦਾ ਤਮਗਾ ਪੇਸ਼ ਕੀਤਾ। ਆਪ ਨੇ ਉਹ ਆਪਣੇ ਪਾਸ ਨਹੀਂ ਰੱਖਿਆ। ਹਾਲਾਂਕਿ, ਘਰ ਆਟਾ ਤਕ ਨਹੀਂ ਸੀ; ਉਹਨਾਂ ਸਾਰੇ ਦਾ ਸਾਰਾ ਪੈਸਾ ਭਾਰਤ ਦੀ ਅਮਨ-ਕਮੇਟੀ ਨੂੰ ਦੇ ਦਿੱਤਾ।

ਡਾਕਟਰ ਕਿਚਲੂ ਇਕ ਖ਼ੂਬਸੂਰਤ, ਛਬੀਲੀ ਤੇ ਲੁਭਾਂਵੀ ਸ਼ਖਸੀਅਤ ਦਾ ਮਾਲਿਕ ਸੀ। ਮਿੱਠ ਬੋਲੜਾ ਤੇ ਉੱਚ ਆਚਰਨ ਇਕ ਮਿਸਾਲ ਸੀ। ਦ੍ਰਿੜ ਇਰਾਦਾ ਇਤਨਾ ਸੀ ਕਿ ਕੋਈ ਵੱਡੀ ਤੋਂ ਵੱਡੀ ਮੁਸੀਬਤ ਉਸ ਦੇ ਇਰਾਦੇ ਜਾਂ ਮਨੋਬਲ ਵਿਚ ਲਰਜਿਸ਼ ਨਹੀਂ ਸੀ ਲਿਆ ਸਕਦੀ। ਦੇਸ਼ ਦੀ ਆਜ਼ਾਦੀ ਦੀ ਖ਼ਾਤਰ ਆਪ ਨੇ ਆਪਣੀ ਸਾਰੀ ਦੌਲਤ, ਜਾਇਦਾਦ ਤੇ ਕਮਾਈ ਕੁਰਬਾਨ ਕਰ ਦਿੱਤੀ ਪਰ ਆਪਣੀ ਮੁੱਛ ਨੂੰ ਨੀਵਾਂ ਨਹੀਂ ਹੋਣ ਦਿੱਤਾ।

ਆਪਦਾ ਮਿਆਰ ਉੱਚਕੋਟੀ ਦੇ ਨੇਤਾਵਾਂ ਦਾ ਸੀ। ਆਪ ਇਹ ਖ਼ਿਆਲ ਕਰਦੇ ਸਨ ਕਿ ਜੇ ਮੇਰੀ ਕਿਸੇ ਥਾਂ ਲੋੜ ਹੋਵੇ ਤਾਂ ਜਮਾਤ ਨੂੰ ਆਪ ਕਹਿਣਾ ਚਾਹੀਦਾ ਹੈ ਕਿ ਤੁਸੀਂ ਅਮਕੀ ਥਾਂ ਤੇ ਸੇਵਾ ਕਰਨ ਲਈ ਅੱਗੇ ਆਓ। ਇਹ ਰਿਕਾਰਡ ਦੀ ਗੱਲ ਹੈ ਕਿ ਡਾਕਟਰ ਕਿਚਲੂ ਨੇ ਜ਼ਿੰਦਗੀ ਵਿਚ ਕਦੇ ਕਿਸੇ ਮੈਂਬਰੀ ਦੀ ਖ਼ਾਤਰ ਟਿਕਟ ਲਈ ਅਰਜ਼ੀ ਨਹੀਂ ਦਿੱਤੀ। ਉਹਨਾਂ ਦੀ ਇਸ ਖ਼ੁਦੀ ਦੇ ਕਾਰਨ ਉਹਨਾਂ ਦੀ ਕਿਸੇ ਰਾਜਨੀਤਕ ਪੱਧਰ ਤੇ ਸਮਾਈ ਨਹੀਂ ਕੀਤੀ ਗਈ। ਹਾਲਾਂਕਿ, ਉਹ ਹਰ ਲਿਹਾਜ਼ ਨਾਲ ਉੱਚੀ ਤੋਂ ਉੱਚੀ ਪਦਵੀ ਦੇ ਯੋਗ ਸਨ।

ਡਾਕਟਰ ਕਿਚਲੂ ਦਾ ਜਨਮ ਸੰਨ 1885 ਵਿਚ ਸ਼੍ਰੀ ਅਜ਼ੀਜ਼-ਉਦ-ਦੀਨ ਕਿਚਲੂ ਦੇ ਘਰ ਬੇਗਮ ਜਾਨ ਬੀਬੀ ਦੀ ਕੁਖੋਂ ਹੋਇਆ। ਆਪ ਦੀ ਸ਼ਾਦੀ ਅੰਮ੍ਰਿਤਸਰ ਦੇ ਪ੍ਰਸਿੱਧ ਵਕੀਲ ਮੀਆਂ ਹਫ਼ੀਜ਼ਉਲਾ ਦੀ ਲੜਕੀ ਸਆਦਤ ਬਾਨੋ ਨਾਲ ਹੋਈ। ਆਪ ਨੇ ਅਲੀਗੜ੍ਹ ਯੂਨੀਵਰਸਿਟੀ ਤੋਂ ਬੀ. ਏ. ਪਾਸ ਕੀਤੀ। ਕੈਂਬਰਿਜ ਤੋਂ ਐਮ. ਏ., ਜਰਮਨੀ ਤੋਂ ਪੀ. ਐਚ. ਡੀ. ਤੇ ਇੰਗਲੈਂਡ ਤੋਂ ਬੈਰਿਸਟਰੀ ਦੀ ਡਿਗਰੀ ਹਾਸਲ ਕੀਤੀ। ਆਪ ਨੇ ਸੁਤੰਤਰਤਾ ਸੰਗਰਾਮ ਦੀਆਂ ਅੱਡ ਅੱਡ ਲਹਿਰਾਂ ਵਿਚ ਕੋਈ 14 ਸਾਲ ਦੇ ਕਰੀਬ ਜੇਲ੍ਹ ਕੱਟੀ। 1915 ਵਿਚ ਬੰਗਾਲ ਦੀ ਸਰਕਾਰ ਨੇ ਆਪਦਾ ਬੰਗਾਲ ਵਿਚ ਦਾਖਲਾ ਬੰਦ ਕਰ ਦਿੱਤਾ। ਅੰਮ੍ਰਿਤਸਰ ਮਾਰਸ਼ਲ ਲਾਅ ਅਧੀਨ ਆਪ ਤੇ ਆਪਦੇ ਸਾਥੀਆਂ ਵਿਰੁੱਧ ਸਾਜ਼ਿਸ਼

Digitized by Panjab Digital Library | www.panjabdigilib.org

ਕੇਸ ਚਲਾਇਆ ਗਿਆ ਜਿਸ ਵਿਚ ਆਪ ਨੂੰ ਉਮਰ ਕੈਦ ਦੀ ਸਜਾ ਹੋਈ। ਪਰ ਆਮ ਰਿਹਾਈਆਂ ਦੇ ਨਾਲ ਆਪ ਨੂੰ ਦਸੰਬਰ 1919 ਵਿਚ ਰਿਹਾਅ ਕਰ ਦਿੱਤਾ ਗਿਆ। ਆਪ ਅੰਮ੍ਰਿਤਸਰ ਪਹੁੰਚੇ ਤੇ ਅੰਮ੍ਰਿਤਸਰ ਦਾ ਇਤਿਹਾਸਕ ਸ਼ੈਸ਼ਨ ਪੰ: ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਹੋ ਰਿਹਾ ਸੀ। ਆਪਦਾ ਨਿੱਘਾ ਸੁਆਗਤ ਕੀਤਾ ਗਿਆ। ਖ਼ਿਲਾਫ਼ਤ ਲਹਿਰ ਵਿਚ ਕਰਾਚੀ ਵਿਚ ਡਾਕਟਰ ਕਿਚਲੂ ਤੇ ਹੋਰ ਆਗੂਆਂ ਵਿਰੁੱਧ ਮੁਕੱਦਮਾ ਚਲਾਇਆ ਗਿਆ ਜਿਹੜਾ ਕਰਾਚੀ ਸਾਜਿਸ਼ ਕੇਸ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਸ ਮੁਕੱਦਮੇ ਵਿਚ ਆਪ ਦੇ ਨਾਲ ਮੌਲਾਨਾ ਮੁਹੰਮਦ ਅਲੀ, ਸ਼ੌਕਤ ਅਲੀ, ਹੁਸੈਨ ਅਹਿਮਦ ਮਦਨੀ ਆਦਿ ਨੂੰ ਦੋ ਦੋ ਸਾਲ ਸਖ਼ਤ ਕੈਦ ਦੀ ਸਜ਼ਾ ਹੋਈ।

ਅੰਮ੍ਰਿਤਸਰ ਵਿਚ ਡਾਕਟਰ ਸਾਹਿਬ ਨੇ ਇਕ ਸਵਰਾਜ ਆਸ਼ਰਮ ਦੀ ਸਥਾਪਨਾ ਕੀਤੀ। ਜਿਸ ਵਿਚ ਸ. ਭਗਤ ਸਿੰਘ ਨੇ ਵੀ ਰਾਜਨੀਤਕ ਗੁੜ੍ਹਤੀ ਲਈ।

ਆਪ ਕਾਂਗਰਸ ਵਿਚ ਸੂਬਕ ਪ੍ਰਧਾਨ ਤੋਂ ਇਲਾਵਾ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਵੀ ਰਹੇ।' ਆਪ ਮਿਉਂਸਪਲ ਕਮੇਟੀ ਅੰਮ੍ਰਿਤਸਰ ਤੇ ਪੰਜਾਬ ਅਸੈਂਬਲੀ ਦੇ ਮੈਂਬਰ ਰਹੇ। 1929 ਵਿਚ ਰਾਵੀ ਦੇ ਕੰਢੇ ਹੋਏ ਇਤਿਹਾਸਕ ਕਾਂਗਰਸ ਇਜਲਾਸ ਜਿਸ ਦੀ ਪ੍ਰਧਾਨਗੀ ਪੰਡਤ ਜਵਾਹਰ ਲਾਲ ਨਹਿਰੂ ਨੇ ਕੀਤੀ ਤੇ ਜਿਸ ਵਿਚ ਪੂਰਨ ਸਵਰਾਜ ਦਾ ਮਤਾ ਪਾਸ ਹੋਇਆ, ਦੀ ਸੁਆਗਤੀ ਕਮੇਟੀ ਦੇ ਪ੍ਰਧਾਨ ਡਾਕਟਰ ਕਿਚਲੂ ਸਨ।

ਆਪ ਦਾ ਨਿਸ਼ਕਾਮ ਤੇ ਸੰਘਰਸ਼ ਭਰਪੂਰ ਜੀਵਨ ਰਹਿੰਦੀ ਦੁਨੀਆਂ ਤਕ ਇਕ ਰੋਸ਼ਨ ਮੁਨਾਰੇ ਦਾ ਕੰਮ ਦਿੰਦਾ ਰਹੇਗਾ। ਜਿਸ 'ਚੋਂ ਹੁਬੁਲਵਤਨੀ, ਦਿਆਨਤ-ਦਾਰੀ, ਨਿਸ਼ਕਾਮਤਾ, ਅਸੰਪਰਦਾਇਕਤਾ ਤੇ ਖ਼ਲੂਸ ਦੀਆਂ ਕਿਰਨਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੇਸ਼ ਸੇਵਾ ਦਾ ਰਸਤਾ ਵਿਖਾਉਂਦੀਆਂ ਰਹਿਣਗੀਆਂ।

ਡਾਕਟਰ ਕਿਚਲੂ ਆਪਣੇ ਇਸ਼ਟ ਤੇ ਅਸੂਲ ਵਿਚ ਇਤਨੇ ਪੱਕੇ ਸਨ ਕਿ ਆਪਣੀ ਜਾਨ 'ਤੇ ਤਾਂ ਖੇਡ ਸਕਦੇ ਸਨ, ਪਰ ਆਪਣੇ ਅਸੂਲ ਕੁਰਬਾਨ ਨਹੀਂ ਸਨ ਕਰ ਸਕਦੇ।

Digitized by Panjab Digital Library | www.panjabdigilib.org

ਇਕ ਵਾਰ ਮੁਲਤਾਨ ਸ਼ਹਿਰ ਵਿਚ ਆਪ ਨੂੰ ਮੁਸਲਮ ਲੀਗ ਦੇ ਸਮਰਥਕਾਂ ਨੇ ਘੇਰ ਲਿਆ। ਉਨ੍ਹਾਂ ਦਿਨਾਂ ਵਿਚ ਲੀਗ ਦਾ ਬੜਾ ਜ਼ੋਰ ਸੀ। ਲੀਗੀਆਂ ਨੇ ਆਪ ਨੂੰ ਕਿਹਾ ਕਿ ਤੂੰ ਮੁਸਲਮਾਨ ਹੋ ਕੇ ਕਾਂਗਰਸ ਵਿਚ ਕਿਉਂ ਬੈਠਾ ਹੋਇਆ ਹੈ ? ਕਾਂਗਰਸ ਤੋਂ ਅਲਹਿਦਗੀ ਦਾ ਐਲਾਨ ਕਰ ਨਹੀਂ ਤੇ ਤੈਨੂੰ ਕਤਲ ਕਰ ਦਿਤਾ ਜਾਵੇਗਾ। ਡਾਕਟਰ ਸਾਹਿਬ ਦਾ ਕੋਈ ਮਦਦਗਾਰ ਉਥੇ ਮੌਜੂਦ ਨਹੀਂ ਸੀ, ਮੌਤ ਬਿਲਕੁਲ ਸਾਹਮਣੇ ਸੀ, ਪਰ ਆਪ ਕਿਸੇ ਵੀ ਸੂਰਤ ਆਪਣੀ ਜ਼ਮੀਰ ਦੇ ਵਿਰੁੱਧ ਐਲਾਨ ਕਰਨ ਨੂੰ ਤਿਆਰ ਨਹੀਂ ਹੋਏ, ਮੌਤ ਦਾ ਹੱਥ ਅੱਗੇ ਵਧਦਾ ਕਿ ਐਨ ਉਸ ਮੌਕੇ ਮਾਲਬਨ ਪੁਲਿਸ ਉਥੇ ਪਹੁੰਚ ਗਈ ਤੇ ਆਪ ਨੂੰ ਬਚਾ ਕੇ ਅੰਮਿਤਸਰ ਪਹੁੰਚਾਇਆ ਗਿਆ।

1953 ਵਿਚ ਡਾਕਟਰ ਕਿਚਲੂ ਨੇ ਮਾਸਕੋ ਵਿਚ ਮਾਰਸ਼ਲ ਸਟਾਲਿਨ ਨਾਲ ਮੁਲਾਕਾਤ ਕੀਤੀ। 9 ਅਕਤੂਬਰ 1963 ਵਾਲੇ ਦਿਨ ਭਾਰਤ ਦੀ ਰਾਜ-ਧਾਨੀ ਦਿੱਲੀ ਵਿਚ ਇਸ ਮਰਦੇ-ਮੁਜ਼ਾਹਦ ਅਤੇ ਮਹਾਨ ਸੁਤੰਤਰਤਾ ਸੰਗਰਾਮੀ ਨੇ ਅੰਤਮ ਸਾਹ ਲੈ ਕੇ ਆਪਣੇ ਪਿਆਰੇ ਵਤਨ ਨੂੰ ਅਲਵਿਦਾ ਕਿਹਾ।

***

Digitized by Panjab Digital Library | www.panjabdigilib.org

# ਮਾਸਟਰ ਤਾਰਾ ਸਿੰਘ

ਨਾਨਕ ਚੰਦ ਜੋ ਸੰਤ ਅਤਰ ਸਿੰਘ ਕੋਲੋਂ ਅੰਮ੍ਰਿਤਪਾਨ ਕਰਨ ਉਪਰੰਤ ਤਾਰਾ ਸਿੰਘ ਬਣ ਗਏ ਦਾ ਜਨਮ 24 ਜੂਨ ਸੰਨ 1885 ਨੂੰ ਰਾਵਲਪਿੰਡੀ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਹਰਿਆਲ ਵਿਚ ਭਾਈ ਗੋਪੀ ਚੰਦ ਮਲਹੋਤਰਾ ਦੇ ਘਰ ਹੋਇਆ ।

1907 ਵਿਚ ਤਾਰਾ ਸਿੰਘ ਨੇ ਬੀ.ਏ. ਪਾਸ ਕੀਤਾ ਤੇ ਲਾਹੌਰ ਐਮ.ਏ. ਪਾਸ ਕਰਨ ਲਈ ਸੈਂਟਰਲ ਟਰੇਨਿੰਗ ਕਾਲਜ ਵਿਚ ਦਾਖਲ ਹੋ ਗਏ । ਲਾਹੌਰ ਵਿਚ ਉਹਨੀਂ ਦਿਨੀਂ ਅੰਗਰੇਜ਼ੀ ਸਰਕਾਰ ਦੇ ਖ਼ਿਲਾਫ਼ ਬੜਾ ਜਜ਼ਬਾ ਸੀ । ਲਾਜਪਤ ਰਾਏ ਨੂੰ ਜਲਾ-ਵਤਨ ਕਰਕੇ ਰੰਗੂਨ ਭੇਜ ਦਿੱਤਾ ਗਿਆ ਸੀ ਤੇ ਭਗਤ ਸਿੰਘ ਦਾ ਚਾਚਾ ਅਜੀਤ ਸਿੰਘ ਭੇਸ ਬਦਲ ਕੇ ਮੁਲਕ 'ਚੋਂ ਬਾਹਰ ਚਲਾ ਗਿਆ ਸੀ । ਬਾਂਕੇ ਦਿਆਲ ਦੀ ਕਵਿਤਾ "ਪਗੜੀ ਸੰਭਾਲ ਓਇ ਜੱਟਾ" ਨੌਜਵਾਨ ਤਬਕੇ ਵਿਚ ਬੜੀ ਪ੍ਰਚਲਤ ਸੀ । ਨਾਲ ਹੀ ਆਰੀਆ ਸਮਾਜੀਆਂ ਨੇ ਆਪਣੇ ਸਕੂਲ ਖੋਲ੍ਹ ਲਏ ਸਨ ਤੇ ਉਹਨਾਂ ਵਿਚ ਇਤਨਾ ਉਤਸ਼ਾਹ ਸੀ ਕਿ ਉਹ ਸਕੂਲਾਂ ਨੂੰ ਚਲਾਉਣ ਲਈ ਮੁਫ਼ਤ ਸੇਵਾ ਕਰਦੇ ਸਨ । ਕਈ ਅਧਿਆਪਕ ਆਨਰੇਰੀ ਜਾਂ ਮਾਮੂਲੀ ਤਨਖਾਹ 'ਤੇ ਕੰਮ ਕਰਦੇ ਰਹੇ ਸਨ । ਨੌਜਵਾਨਾਂ 'ਤੇ ਵੀ ਇਸ ਵਾਤਾਵਰਣ ਦਾ ਅਸਰ ਪਿਆ । ਉਹਨਾਂ ਦਿਨਾਂ ਵਿਚ ਆਮ ਤੌਰ ਤੇ ਪੜ੍ਹਾਈ ਨੌਕਰੀ ਕਰਨ ਲਈ ਕੀਤੀ ਜਾਂਦੀ ਸੀ । ਪ੍ਰੰਤੂ ਇਸ ਪ੍ਰਭਾਵ ਨੇ ਪੜ੍ਹ ਚੁੱਕੇ ਸਿੱਖ ਮੁੰਡਿਆਂ ਵਿਚ ਨੌਕਰੀ ਦੀ ਲਾਲਸਾ ਕਾਫ਼ੀ ਹੱਦ ਤਕ ਖਤਮ ਕਰ ਦਿੱਤੀ । ਤਾਰਾ ਸਿੰਘ ਨੇ ਉਧਰੋਂ ਐਮ. ਏ. ਕੀਤੀ ਤੇ ਝੱਟ ਹੀ ਲਾਇਲਪੁਰ ਚਲੇ ਗਏ । ਲਾਹੌਰ ਦੀ ਤਰ੍ਹਾਂ ਲਾਇਲਪੁਰ ਵਿਚ ਵੀ ਅੰਗਰੇਜ਼ੀ ਸਰਕਾਰ ਵਿਰੁੱਧ ਲਹਿਰ ਜਿਹੀ ਸੀ ਉਥੋਂ ਦੇ ਸਿੱਖ ਜ਼ਿਮੀਂਦਾਰ ਬੜੇ ਖੁਸ਼ਹਾਲ ਸਨ ਤੇ ਤਾਰਾ ਸਿੰਘ ਨੂੰ ਉਹ ਥਾਂ ਕੰਮ ਕਰਨ ਲਈ ਕੁਝ ਜ਼ਰਖੇਜ਼ ਜਿਹੀ ਲੱਗੀ । ਉਥੇ ਪਹੁੰਚ ਕੇ ਆਪ ਬੈਰਿਸਟਰ ਸ: ਖਜਾਨ ਸਿੰਘ ਸੂਰੀ ਜੋ ਪਿਛੋਂ ਰਾਵਲਪਿੰਡੀ ਦੇ ਇਲਾਕੇ ਦੇ ਹੀ ਸਨ, ਨੂੰ ਮਿਲੇ ਤੇ ਉਥੇ ਖਾਲਸਾ ਸਕੂਲ ਚਾਲੂ ਕਰਨ ਦੀ ਤਜਵੀਜ਼ ਰੱਖੀ । ਸੂਰੀ



Digitized by Panjab Digital Library | www.panjabdigilib.org

ਸਾਹਿਬ ਤੇ ਹੋਰ ਸਿੱਖ ਸਰਦਾਰਾਂ ਨੂੰ ਇਹ ਗੱਲ ਪਸੰਦ ਆਈ ਤੇ ਇਕ ਕਮੇਟੀ ਬਣ ਗਈ ਜਿਸ ਨੇ ਬਿਲਡਿੰਗ ਕਿਰਾਏ 'ਤੇ ਲੈ ਕੇ ਖਾਲਸਾ ਹਾਈ ਸਕੂਲ ਖੋਲ੍ਹ ਦਿੱਤਾ। ਤਾਰਾ ਸਿੰਘ ਨੂੰ ਹੈੱਡ ਮਾਸਟਰ ਥਾਪਿਆ ਗਿਆ। ਆਪ ਨੇ ਸੇਵਾ-ਭਾਵ ਕਰਕੇ ਕੇਵਲ ਪੰਦਰਾਂ ਰੁਪਏ ਮਹੀਨਾ ਤਨਖਾਹ ਸਵੀਕਾਰ ਕੀਤੀ। ਇਥੋਂ ਤਾਰਾ ਸਿੰਘ ਦਾ ਨਾਂ ਮਾਸਟਰ ਤਾਰਾ ਸਿੰਘ ਪਿਆ। ਲੋਕ ਭਲਾਈ ਦੇ ਕੰਮ ਤਿਆਗ ਅਤੇ ਕੁਰਬਾਨੀ ਬਿਨਾਂ ਨਹੀਂ ਚਲਦੇ। ਮਾਸਟਰ ਤਾਰਾ ਸਿੰਘ ਨੇ ਜਿਸ ਜੋਸ਼ ਤੇ ਲਗਨ ਨਾਲ ਕੰਮ ਕੀਤਾ ਕਿ ਛੇਤੀ ਹੀ ਸਕੂਲ ਵਧੀਆ ਚੱਲ ਪਿਆ। ਮਾਸਟਰ ਤਾਰਾ ਸਿੰਘ ਨੇ ਹਿੰਮਤ ਕਰਕੇ ਬਾਹਰ ਪਿੰਡਾਂ ਵਿਚ ਵੀ ਸਕੂਲ ਦੀਆਂ ਬ੍ਰਾਂਚਾਂ ਖੋਲ੍ਹੀਆਂ। ਇਸ ਮਿਹਨਤ ਕਰਕੇ ਮਾਸਟਰ ਜੀ ਲਾਇਲਪੁਰ ਦੇ ਸਿੱਖਾਂ ਵਿਚ ਬੜੇ ਹਰਮਨ ਪਿਆਰੇ ਹੋ ਗਏ। ਚੀਫ਼ ਖਾਲਸਾ ਦੀਵਾਨ ਵਲੋਂ ਚਲਾਏ ਹੋਏ ਤੇ ਹੋਰ ਪ੍ਰਾਈਵੇਟ ਸਕੂਲਾਂ ਨੂੰ ਸਰਕਾਰ ਗ੍ਰਾਂਟ ਦੇਂਦੀ ਸੀ ਪਰ ਸ: ਤਾਰਾ ਸਿੰਘ ਦੇ ਅੰਗਰੇਜ਼ ਵਿਰੋਧੀ ਸੁਭਾਅ ਕਰਕੇ ਡੀ. ਸੀ. ਲਾਇਲਪੁਰ ਨੇ ਸਕੂਲ ਨੂੰ ਗ੍ਰਾਂਟ ਨਾ ਦੇਣ ਦਿੱਤੀ ਤੇ ਅਖੀਰ ਇਸ ਜ਼ਿਦ ਤੇ ਆ ਗਿਆ ਕਿ ਤਾਰਾ ਸਿੰਘ ਨੂੰ ਹੈੱਡ ਮਾਸਟਰੀ ਤੋਂ ਹਟਾ ਦਿੱਤਾ ਜਾਏ। ਸਕੂਲ ਨੂੰ ਵਧੇਰੇ ਨੁਕਸਾਨ ਨਾ ਪਹੁੰਚੇ ਦੇ ਖਿਆਲ ਨਾਲ ਮਾਸਟਰ ਜੀ ਨੇ ਅਸਤੀਫ਼ਾ ਦੇ ਦਿੱਤਾ ਤੇ ਲਾਇਲਪੁਰ ਛੱਡ ਕੇ ਚਲੇ ਗਏ। ਆਪ ਨੇ ਜ਼ਿਲ੍ਹਾ ਰਾਵਲਪਿੰਡੀ ਵਿਚ ਕਲੱਰ ਖਾਲਸਾ ਸਕੂਲ ਦੀ ਹੈੱਡ ਮਾਸਟਰੀ ਕਬੂਲ ਕਰ ਲਈ। ਮਾਸਟਰ ਜੀ ਦੀ ਅਗਵਾਈ ਵਿਚ ਕਲੱਰ ਸਕੂਲ ਨੇ ਪੰਥ ਨੂੰ ਐਸੇ ਨੇਤਾ ਦਿੱਤੇ ਜਿਨ੍ਹਾਂ ਨੇ ਬੜੀ ਸੇਵਾ ਕੀਤੀ ਤੇ ਦੇਸ਼ ਅਤੇ ਪੰਥ ਦੀ ਖਾਤਿਰ ਜੀਵਨ ਲਾ ਦਿੱਤੇ। ਉਸ ਵੇਲੇ ਮਾਸਟਰ ਜੀ ਦੇ ਸਟਾਫ ਵਿਚ ਸ: ਲਾਲ ਸਿੰਘ ਕਮਲਾ ਅਕਾਲੀ, ਗਿ: ਗੁਰਮੁਖ ਸਿੰਘ ਮੁਸਾਫ਼ਿਰ, ਗਿ: ਹੀਰਾ ਸਿੰਘ ਦਰਦ ਤੇ ਮਾਸਟਰ ਸੁਜਾਨ ਸਿੰਘ ਸਰਹਾਲੀ ਕੰਮ ਕਰਦੇ ਸਨ। ਕਲੱਰ 'ਚ ਆਪ ਕੋਈ ਤਿੰਨ ਸਾਲ ਰਹੇ। ਪਰ ਲਾਇਲਪੁਰ ਵਾਲੇ ਆਪ ਨੂੰ ਹਮੇਸ਼ਾਂ ਯਾਦ ਕਰਦੇ ਰਹੇ ਉਹਨਾਂ ਨੂੰ ਤਾਰਾ ਸਿੰਘ ਵਰਗਾ ਨਿਸ਼ਕਾਮ ਤੇ ਸਿਰੜੀ ਆਦਮੀ ਚਾਹੀਦਾ ਸੀ। ਲਾਇਲਪੁਰ ਰਹਿਣ ਕਰਕੇ ਮਾਸਟਰ ਜੀ ਦਾ ਇਕ ਗਰੁੱਪ ਬਣ ਗਿਆ ਸੀ ਜਿਹੜਾ ਪਿਛੋਂ ਹਮੇਸ਼ਾ ਮਾਸਟਰ ਜੀ ਦੇ ਨਾਲ ਰਿਹਾ। ਉਸ ਗਰੁੱਪ ਨੇ ਆਪ ਨੂੰ ਲਾਇਲਪੁਰ ਵਾਪਸ ਬੁਲਾ ਕੇ ਪਹਿਲਾਂ ਆੜ੍ਹਤ ਦੀ ਦੁਕਾਨ ਖੋਲ੍ਹ ਕੇ ਦਿੱਤੀ ਜਿਹੜੀ ਆਪ ਦੇ ਵੱਸ ਦਾ ਰੋਗ ਨਹੀਂ ਸੀ। ਅਖੀਰ ਉਹ ਸਕੂਲ

Digitized by Panjab Digital Library | www.panjabdigilib.org

ਵਿਚ ਆ ਗਏ। ਨਨਕਾਣਾ ਸਾਹਿਬ ਦਾ ਸਾਕਾ ਹੋ ਜਾਣ ਤੋਂ ਪਿਛੋਂ ਲਾਇਲਪੁਰ ਛੱਡ ਕੇ ਅੰਮ੍ਰਿਤਸਰ ਆ ਗਏ ਤੇ ਕੁਝ ਚਿਰ 'ਅਕਾਲੀ' ਅਖਬਾਰ ਦੇ ਸੰਪਾਦਕ ਰਹੇ।

## ਅਕਾਲੀ ਲਹਿਰ

ਨਨਕਾਣਾ ਸਾਹਿਬ ਤੇ ਸ਼ਹੀਦੀ ਸਾਕੇ ਨਾਲ ਸਿੱਖਾਂ ਵਿਚ ਗੁੱਸੇ ਦੀ ਅੱਗ ਭੜਕ ਉੱਠੀ ਤੇ ਨੇਤਾਵਾਂ ਨੇ ਫੈਸਲਾ ਕੀਤਾ ਕਿ ਗੁਰਦਵਾਰੇ ਮਹੰਤਾਂ ਤੋਂ ਆਜ਼ਾਦ ਕਰਾਉਣੇ ਚਾਹੀਦੇ ਹਨ। ਜਦੋਂ ਬਾਬਾ ਖੜਕ ਸਿੰਘ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ ਤਾਂ ਮਾਸਟਰ ਤਾਰਾ ਸਿੰਘ ਨੂੰ ਸਕੱਤਰ ਥਾਪਿਆ ਗਿਆ। ਇਸ ਕਮੇਟੀ ਵਿਚ ਸਰਕਾਰ ਨਾਲ ਨਾ-ਮਿਲਵਰਤਣ ਦਾ ਮਤਾ ਪਾਸ ਕੀਤਾ ਗਿਆ ਤੇ ਇਸ ਤਰ੍ਹਾਂ ਅਕਾਲੀਆਂ ਦੀ ਸਰਕਾਰ ਨਾਲ ਸਿੱਧੀ ਟੱਕਰ ਹੋ ਗਈ। ਮਾਸਟਰ ਜੀ ਨੇ ਅੰਮ੍ਰਿਤਸਰ ਰਹਿ ਕੇ ਦਫ਼ਤਰ ਚਲਾਇਆ ਤੇ ਦਿਨ-ਰਾਤ ਇਕ ਕਰਕੇ ਕੰਮ ਕੀਤਾ। ਏਥੇ ਉਹ ਖਾਲਸਾ ਕਾਲਜ ਵਿਚ ਪ੍ਰੋ: ਨਿਰੰਜਨ ਸਿੰਘ ਪਾਸ ਰਹਿੰਦੇ ਸਨ ਤੇ ਉਥੋਂ ਪੈਦਲ ਸ਼ਹਿਰ 'ਚ ਦਫ਼ਤਰ ਆਉਂਦੇ-ਜਾਂਦੇ ਸਨ। ਪ੍ਰੋ: ਨਿਰੰਜਨ ਸਿੰਘ ਕਰਕੇ ਬਾਬਾ ਹਰਕਿਸ਼ਨ ਸਿੰਘ ਤੇ ਪ੍ਰੋ: ਤੇਜਾ ਸਿੰਘ ਮਾਸਟਰ ਜੀ ਦੇ ਨੇੜੇ ਹੋ ਗਏ ਤਾ ਉਹਨਾਂ ਨੇ ਪ੍ਰਚਾਰ ਤੇ ਪਬਲਿਸਟੀ ਦਾ ਕੰਮ ਆਪਣੇ ਹੱਥਾਂ ਵਿਚ ਲੈ ਲਿਆ। ਹਰ ਤਰ੍ਹਾਂ ਦੇ ਇਸ਼ਤਿਹਾਰ, ਪੈਂਫਲਟ ਤੇ ਟਰੈਕਟ ਲਿਖ ਕੇ ਥਾਂ-ਥਾਂ ਭੇਜੇ ਜਾਣ ਲੱਗੇ ਤੇ ਸਮੁੱਚੇ ਪੰਥ ਵਿਚ ਇਕ ਜਾਗ੍ਰਤੀ ਪੈਦਾ ਹੋ ਗਈ। ਪ੍ਰੋ: ਸਾਹਿਬਾਨ ਕਰਕੇ ਕਮ ਵਿਚ ਬਾ-ਕਾਇਦਗੀ ਆ ਗਈ। ਸਭ ਤੋਂ ਪਹਿਲਾਂ ਚਾਬੀਆਂ ਦਾ ਮੋਰਚਾ ਲੱਗਾ ਜਿਸ ਵਿਚ ਬਾਬਾ ਖੜਕ ਸਿੰਘ ਤੇ ਮਾਸਟਰ ਤਾਰਾ ਸਿੰਘ ਅੱਗੇ ਹੋ ਕੇ ਗ੍ਰਿਫਤਾਰ ਹੋ ਗਏ। ਉਹ ਮੋਰਚਾ ਜਿੱਤਣ ਤੋਂ ਬਾਅਦ 'ਗੁਰੂ ਦਾ ਬਾਗ' ਦਾ ਤੇ 'ਜੈਤੋ' ਦਾ ਮੋਰਚਾ ਲੱਗ ਗਿਆ। 'ਗੁਰੂ ਕੇ ਬਾਗ' ਤੇ 'ਜੈਤੋ' ਦੇ ਮੋਰਚਿਆਂ ਵਿਚ ਜੱਥਿਆਂ 'ਤੇ ਬੁਰੀ ਤਰ੍ਹਾਂ ਲਾਠੀ ਚਾਰਜ ਕੀਤਾ ਗਿਆ ਤੇ ਗੋਲੀਆਂ ਚਲਾਈਆਂ ਗਈਆਂ। ਸ਼੍ਰੋਮਣੀ ਕਮੇਟੀ, ਕਾਨੂੰਨ ਵਿਰੁਧ ਕਰਾਰ ਦੇ ਦਿੱਤੀ ਗਈ ਤੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿਗ ਮੈਂਬਰਾਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਤੇ ਮੁਕੱਦਮਾ ਚਲਾ ਦਿੱਤਾ। ਪਹਿਲਾਂ ਨੇਤਾਵਾਂ ਨੂੰ ਅੰਮ੍ਰਿਤਸਰ ਤੇ ਫਿਰ ਲਾਹੌਰ ਕਿਲ੍ਹੇ ਵਿਚ ਬੰਦ ਰੱਖਿਆ। ਕਿੱਲ੍ਹੇ ਵਿਚ ਹੀ ਅਦਾਲਤ ਲਾ ਕੇ ਉਹਨਾਂ ਦਾ ਮੁਕੱਦਮਾ ਸੁਣਿਆ ਗਿਆ।

Digitized by Panjab Digital Library | www.panjabdigilib.org

ਕਿਲ੍ਹੇ ਵਿਚ ਬੰਦ ਨੇਤਾਵਾਂ ਵਿਚ ਮਾਸਟਰ ਤਾਰਾ ਸਿੰਘ ਤੋਂ ਇਲਾਵਾ ਸ. ਬ. ਮਹਿਤਾਬ ਸਿੰਘ, ਗਿ. ਸ਼ੇਰ ਸਿੰਘ, ਸ. ਤੇਜਾ ਸਿੰਘ ਸਮੁੰਦਰੀ, ਬਾਬਾ ਹਰਕਿਸ਼ਨ ਸਿੰਘ, ਪ੍ਰੋ. ਤੇਜਾ ਸਿੰਘ, ਪ੍ਰੋ. ਨਿਰੰਜਨ ਸਿੰਘ ਤੇ ਭਗਤ ਜਸਵੰਤ ਸਿੰਘ ਆਦਿ ਸ਼ਾਮਿਲ ਸਨ। ਇਹ ਸਾਰੇ ਨੇਤਾ ਰਿਹਾਅ ਉਦੋਂ ਹੋਏ ਜਦੋਂ ਸਰਕਾਰ ਅਕਾਲੀਆਂ ਦੀ ਤਾਕਤ ਅੱਗੇ ਝੁਕ ਗਈ ਤੇ ਉਸ ਨੇ ਗੁਰਦਵਾਰਾ ਕਾਨੂੰਨ ਪਾਸ ਕਰ ਦਿੱਤਾ। ਇਸ ਦੇ ਨਾਲ ਗੁਰਦਵਾਰਿਆਂ ਦਾ ਪ੍ਰਬੰਧ ਸਿੱਖ ਪ੍ਰਤੀਨਿਧਾਂ ਪਾਸ ਆ ਜਾਣਾ ਸੀ।

ਜਦੋਂ ਗੁਰਦਵਾਰਿਆਂ ਦੇ ਮਸਲੇ ਤੇ ਅੰਗਰੇਜ਼ਾਂ ਨਾਲ ਲੜਾਈ ਬੰਦ ਹੋ ਗਈ ਤਾਂ ਅਕਾਲੀ ਨੇਤਾ ਆਪੋ ਵਿਚ ਲੜਣ ਲੱਗ ਪਏ।

"ਜਾਤ ਪਾਤ ਸਿੰਘਨ ਕੀ ਦੰਗਾ
ਦੰਗਾ ਹੀ ਇਨ ਗੁਰ ਤੇ ਮੰਗਾ"

ਗੁਰਦਵਾਰਾ ਐਕਟ ਪਾਸ ਹੋਣ ਤੇ ਗਵਰਨਰ ਨੇ ਐਲਾਨ ਕੀਤਾ ਕਿ ਜਿਹੜੇ ਆਗੂ ਇਸ 'ਤੇ ਅਮਲ ਕਰਨ ਦਾ ਭਰੋਸਾ ਦਿਵਾਣ ਉਹਨਾਂ ਨੂੰ ਰਿਹਾਅ ਕਰ ਦਿੱਤਾ ਜਾਏ। ਬਾਬਾ ਹਰਕਿਸ਼ਨ ਤੇ ਉਹਨਾਂ ਦੇ ਸਾਥੀਆਂ ਦੀ ਇਹ ਦਲੀਲ ਸੀ ਕਿ ਜਦ ਕਾਨੂੰਨ ਸਾਡੀ ਸਲਾਹ ਨਾਲ ਹੀ ਬਣਿਆ ਹੈ ਤਾਂ ਇਸ 'ਤੇ ਅਮਲ ਕਰਨ ਵਾਸਤੇ ਵਿਸ਼ਵਾਸ ਦਿਲਾਣ ਦਾ ਕੀ ਹਰਜ਼ ਹੈ। ਚੁਨਾਂਚਿ ਉਹਨਾਂ ਨੇ ਅਦਾਲਤ ਵਿਚ ਇਸ ਤਰ੍ਹਾਂ ਦਾ ਬਿਆਨ ਦੇ ਦਿੱਤਾ। ਗਰਮ ਧੜਾ ਇਸ ਦੇ ਖ਼ਿਲਾਫ਼ ਸੀ ਤੇ ਕਹਿੰਦੇ ਸੀ ਕਿ ਕੋਈ ਸ਼ਰਤ ਮੰਨ ਕੇ ਰਿਹਾਅ ਨਹੀਂ ਹੋਣਾ। ਇਸ ਧੜੇ ਦੇ ਆਗੂ ਮਾਸਟਰ ਤਾਰਾ ਸਿੰਘ ਤੇ ਸ. ਤੇਜਾ ਸਿੰਘ ਸਮੁੰਦਰੀ ਸਨ। ਇਨ੍ਹਾਂ ਨਾਲ 12 ਹੋਰ ਆਗੂ ਅੰਦਰ ਹੀ ਰਹਿ ਗਏ ਤੇ ਇਥੋਂ ਸਿੱਖ ਪੰਥ ਵਿਚ ਪਾਰਟੀਬਾਜ਼ੀ ਸ਼ੁਰੂ ਹੋ ਗਈ, ਹੌਲੀ ਹੌਲੀ ਦੋ ਧੜੇ ਹੋ ਗਏ। ਇਕ ਦੇ ਨੇਤਾ ਮਾਸਟਰ ਤਾਰਾ ਸਿੰਘ ਤੇ ਦੂਜੇ ਦਾ ਗਿ: ਸ਼ੇਰ ਸਿੰਘ। ਦੋਹਾਂ ਧੜਿਆਂ ਦੇ ਕੋਲ ਅਖ਼ਬਾਰਾਂ ਸਨ ਜੋ ਇਕ ਦੂਜੇ ਵਿਰੁੱਧ ਚਿੱਕੜ ਉਛਾਲਦੀਆਂ ਸਨ। ਇਹ ਲੜਾਈ ਜਿਸ ਨੀਵੇਂ ਪੱਧਰ ਤਕ ਪਹੁੰਚ ਗਈ, ਉਸਨੇ ਸਿੱਖ ਕੌਮ ਦਾ ਬੜਾ ਨੁਕਸਾਨ ਕੀਤਾ। ਚੂੰਕਿ ਆਮ ਸਿੱਖਾਂ ਦਾ ਰੁਝਾਨ ਤੱਤੇ ਪਾਸੇ ਵੱਲ ਹੁੰਦਾ ਹੈ, ਹੌਲੀ ਹੌਲੀ ਗਿਆਨੀ ਸ਼ੇਰ ਸਿੰਘ ਦਾ ਧੜਾ ਕਮਜ਼ੋਰ ਪੈਂਦਾ ਗਿਆ। ਗੁਰਦਵਾਰੇ ਮਾਸਟਰ ਤਾਰਾ ਸਿੰਘ ਦੇ ਧੜੇ ਦੇ ਕਬਜ਼ੇ ਵਿਚ ਆ ਗਏ ਤੇ ਮਾਸਟਰ ਤਾਰਾ ਸਿੰਘ ਸਿੱਖਾਂ ਦਾ ਵਾਹਿਦ ਆਗੂ ਬਣ ਗਿਆ। ਮਾਸਟਰ ਤਾਰਾ ਸਿੰਘ ਦੇਸ਼ ਭਗਤ ਤਾਂ ਹੈ ਹੀ ਸੀ। ਉਸਦੀ ਤੀਬਰ ਇੱਛਾ ਸੀ ਕਿ

Digitized by Panjab Digital Library | www.panjabdigilib.org

ਦੇਸ਼ ਵਿਦੇਸ਼ੀ ਰਾਜ ਤੋਂ ਆਜ਼ਾਦ ਹੋ ਜਾਏ ਪਰ ਸਿੱਖਾਂ ਦਾ ਹਿੱਤ ਹਰ ਵੇਲੇ ਉਸਦੇ ਸਿਰ ਤੇ ਸਵਾਰ ਰਹਿੰਦਾ ਸੀ, ਉਹ ਕਹਿੰਦਾ ਹੁੰਦਾ ਸੀ, "ਮੈਂ ਮਰਾਂ, ਪੰਥ ਜੀਵੇ" "ਸਿੱਖੋ ਮੈਂ ਜੇ ਮਾੜਾ ਹਾਂ ਤਾਂ ਮੈਨੂੰ ਮਾਰ ਦਿਓ, ਪੰਥ ਨੂੰ ਨਾ ਮਾਰੋ" ਸਾਰੀ ਜ਼ਿੰਦਗੀ ਉਹ ਹਮੇਸ਼ਾਂ ਸਿੱਖ ਹੱਕਾਂ ਲਈ ਲੜਦਾ ਰਿਹਾ।

ਸੰਨ 1937 ਦੀਆਂ ਅਸੈਂਬਲੀ ਚੋਣਾਂ ਵਿਚ ਸਰ ਸੁੰਦਰ ਸਿੰਘ ਮਜੀਠੀਆ ਦੀ ਸਿੱਖ ਨੈਸ਼ਨਲਿਸਟ ਪਾਰਟੀ ਅਕਾਲੀਆਂ ਦੇ ਮੁਕਾਬਲੇ ਵਧੇਰੇ ਸੀਟਾਂ ਜਿੱਤ ਗਈ। ਸਰ ਮਜੀਠੀਆ ਯੂਨੀਅਨਿਸਟ ਸਰਕਾਰ ਵਿਚ ਵਜ਼ੀਰ ਬਣ ਗਏ ਤੇ ਮਾਸਟਰ ਤਾਰਾ ਸਿੰਘ ਤੇ ਉਸਦੇ ਸਾਥੀਆਂ ਵਿਰੁੱਧ ਗ਼ਬਨ ਦਾ ਮੁਕੱਦਮਾ ਚਲਾ ਦਿੱਤਾ ਸੀ। ਅਕਾਲੀ ਭਾਵੇਂ ਖ਼ਾਸੀ ਢਹਿੰਦੀਆਂ ਕਲਾਂ ਵਿਚ ਸਨ ਪਰ ਸਿਰ ਜੋੜ ਕੇ ਲੱਗੇ ਰਹੇ। ਜਿਸਦੇ ਨਤੀਜੇ ਵਜੋਂ ਅਗਲੀਆਂ ਗੁਰਦਵਾਰਾ ਚੋਣਾਂ ਇਤਨੇ ਜ਼ੋਰ ਸ਼ੋਰ ਨਾਲ ਜਿੱਤੇ ਕਿ ਫਿਰ ਮੁੜ ਚੜ੍ਹਦੀ ਕਲਾ ਵਿਚ ਹੋ ਗਏ। 1937 ਵਿਚ ਅਕਾਲੀਆਂ ਨੇ ਫ਼ੈਸਲਾ ਕੀਤਾ ਕਿ ਕਾਂਗਰਸ ਵਿਚ ਸ਼ਾਮਿਲ ਹੋ ਕੇ ਪੁਰਜ਼ੋਰ ਕੰਮ ਕੀਤਾ ਜਾਏ। ਬਹੁ ਗਿਣਤੀ ਅਕਾਲੀ ਪੀ. ਸੀ. ਸੀ. ਦੇ ਮੈਂਬਰ ਬਣ ਕੇ ਆਏ। 1940 ਵਿਚ ਪ੍ਰਦੇਸ਼ ਕਾਂਗਰਸ ਦੀ ਚੋਣ ਅਕਾਲੀ ਗਰੁੱਪ ਦੀ ਮੱਦਦ ਨਾਲ ਜਿੱਤੀ ਗਈ। ਡਾਕਟਰ ਕਿਚਲੂ ਪ੍ਰਧਾਨ ਚੁਣੇ ਗਏ ਤੇ ਮਾਸਟਰ ਤਾਰਾ ਸਿੰਘ ਤੇ ਉਹਨਾਂ ਦੇ ਸਾਥੀ ਸ. ਪ੍ਰਤਾਪ ਸਿੰਘ ਕੈਰੋਂ, ਮੁਸਾਫਿਰ ਤੇ ਹੋਰ ਕਿੰਨੇ ਹੀ ਅਕਾਲੀ ਪੰਜਾਬ ਕਾਂਗਰਸ ਦੀ ਵਰਕਿੰਗ ਕਮੇਟੀ ਦੇ ਮੈਂਬਰ ਬਣੇ। ਉਹਨਾਂ ਹੀ ਦਿਨਾਂ ਵਿਚ ਵਾਇਸਰਾਏ ਵਲੋਂ ਮਾਸਟਰ ਜੀ ਨੂੰ ਤਾਰ ਰਾਹੀਂ ਦਾਅਵਤਨਾਮਾ ਆਇਆ। ਭਾਰਤ ਦੇ ਸਿਆਸੀ ਮਸਲੇ 'ਤੇ ਵਿਚਾਰ ਕਰਨ ਲਈ ਹੋਰ ਫਿਰਕਿਆਂ ਦੇ ਆਗੂਆ ਨੂੰ ਵੀ ਸੱਦਿਆ ਗਿਆ। ਗ਼ਾਲਬਨ ਵਿਲਾਇਤ ਤੋਂ ਕੋਈ ਅਧਿਕਾਰੀ ਵੀ ਆਇਆ ਸੀ। ਸਿੱਖ ਮਿਸ਼ਨਰੀ ਕਾਲਜ ਵਿਚ ਵਿਚਾਰ ਹੋ ਰਹੀ ਸੀ। ਪ੍ਰੋਗਰਾਮ ਬਣ ਰਿਹਾ ਸੀ ਕਿ ਮੁਲਾਕਾਤ ਵਿਚ ਕੀ ਕਿਹਾ ਜਾਏ? ਮੈਂ ਅਜੇ ਨਾ ਤਜਰਬਾਕਾਰ ਹੀ ਸੀ ਪਰ ਮੈਂ ਆਪਣੀ ਰਾਏ ਦੇਣ ਦੀ ਜੁਰਅਤ ਕੀਤੀ ਤੇ ਕਿਹਾ ਕਿ ਮਾਸਟਰ ਜੀ ਤੁਸੀਂ ਪੰਜਾਬ ਕਾਂਗਰਸ ਦੀ ਵਰਕਿੰਗ ਕਮੇਟੀ ਦੇ ਮੈਂਬਰ ਹੋ, ਤਾਰ ਦਾ ਜਵਾਬ ਦੇ ਦਿਉ ਕਿ ਕਾਂਗਰਸ ਦਾ ਨੇਤਾ ਮਹਾਤਮਾ ਗਾਂਧੀ ਜੋ ਕਰੇਗਾ ਮੈਨੂੰ ਮਨਜ਼ੂਰ ਹੋਵੇਗਾ। ਤਾਂ ਮਾਸਟਰ ਜੀ ਗੁੱਸੇ ਵਿਚ ਆ ਗਏ ਤੇ ਕਹਿਣ ਲੱਗੇ, "ਤੂੰ ਮੈਨੂੰ ਸਿੱਖਾਂ ਦੀ ਵੱਖਰੀ ਹਸਤੀ ਖ਼ਤਮ ਕਰਨ ਦੀ ਸਲਾਹ ਦੇਂਦਾ ਹੈਂ?"

Digitized by Panjab Digital Library | www.panjabdigilib.org

ਮਾਸਟਰ ਜੀ ਨੇ ਬੜੀਆਂ ਕੈਦਾਂ ਕੱਟੀਆਂ ਹਰ ਵਾਰੀ ਜਦੋਂ ਮਹਾਤਮਾ ਗਾਂਧੀ ਕੋਈ ਤਹਿਰੀਕ ਸ਼ੁਰੂ ਕਰਦੇ ਤਾਂ ਆਪ ਸਭ ਤੋਂ ਪਹਿਲਾਂ ਜੇਲ੍ਹ ਜਾਂਦੇ ਤੇ ਆਪਦੀ ਅਗਵਾਈ ਹੇਠਾਂ ਵੱਧ ਤੋਂ ਵੱਧ ਸਿੱਖ ਗ੍ਰਿਫ਼ਤਾਰੀ ਦੇਂਦੇ। ਪਰ 1940-41 ਵਿਚ ਜਦੋਂ ਮਹਾਤਮਾ ਗਾਂਧੀ ਨੇ ਵਿਅਕਤੀਗਤ ਸੱਤਿਆਗ੍ਰਹਿ ਦੀ ਲਹਿਰ ਚਲਾਈ ਤਾਂ ਮਾਸਟਰ ਜੀ ਨੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਨਾ ਪੇਸ਼ ਕੀਤਾ। ਕਾਰਨ ਕੀ ਸੀ ? ਉਹੀ ਸਿੱਖ ਮੁਫ਼ਾਦ। ਸੱਤਿਆ ਗ੍ਰਹਿ ਵਿਚ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰਨ ਲੱਗਿਆਂ ਇਹ ਨਾਅਰਾ ਲਾਉਣਾ ਪੈਂਦਾ ਸੀ ਕਿ ਲੜਾਈ 'ਚ ਸਰਕਾਰ ਦੀ ਕੋਈ ਸਹਾਇਤਾ ਨਾ ਕੀਤੀ ਜਾਵੇ ਤੇ ਫ਼ੌਜ ਵਿਚ ਭਰਤੀ ਨਾਂਹ ਦਿੱਤੀ ਜਾਵੇ। ਇਨ੍ਹਾਂ ਨਾਅਰਿਆਂ ਦਾ ਕੁਝ ਅਸਰ ਵੀ ਹੋਇਆ। ਇਕ ਸਿੱਖ ਰਸਾਲੇ ਨੇ ਇਕ ਥਾਂ ਬਗ਼ਾਵਤ ਕਰ ਦਿੱਤੀ। ਸਰਕਾਰ ਨੂੰ ਫ਼ਿਕਰ ਹੋਇਆ ਤੇ ਉਹਨਾਂ ਨੇ ਇਕ ਕਮਿਸ਼ਨ ਨੀਅਤ ਕੀਤਾ ਜਿਸਦੇ ਦੋ ਮੈਂਬਰ ਅੰਗਰੇਜ਼ ਸਨ, ਤੇ ਇੱਕ ਸਿੱਖ। ਉਹਨਾਂ ਨੇ ਰੀਪੋਰਟ ਕਰਨੀ ਸੀ ਕਿ ਸਿੱਖਾਂ ਦੀ ਫ਼ੌਜ ਵਿਚ ਭਰਤੀ ਜਾਰੀ ਰੱਖੀ ਜਾਏ ਜਾਂ ਬੰਦ ਕਰ ਦਿੱਤੀ ਜਾਏ। ਸਿੱਖ ਮੈਂਬਰ ਮਾਸਟਰ ਜੀ ਨੂੰ ਮਿਲਿਆ। ਅੰਗਰੇਜ਼ ਨੇ ਕੁਝ ਹੋਰ ਹੁਸ਼ਿਆਰ ਆਦਮੀ ਵੀ ਵਿਚ ਪਾਏ। ਮੇਜਰ ਸ਼ਾਰਟ ਇਸੇ ਕੰਮ ਤੇ ਹੋ ਗਿਆ ਤੇ ਕੁਝ ਸਿੱਖ ਅਫ਼ਸਰਾਂ ਰਾਹੀਂ ਮਾਸਟਰ ਤਾਰਾ ਸਿੰਘ 'ਤੇ ਪ੍ਰਭਾਵ ਪਾਇਆ ਗਿਆ ਕਿ ਜੇ ਸਿੱਖਾਂ ਦੀ ਭਰਤੀ ਬੰਦ ਹੋ ਗਈ ਤਾਂ ਕੌਮ ਦਾ ਬੜਾ ਨੁਕਸਾਨ ਹੈ। ਗਿ: ਕਰਤਾਰ ਸਿੰਘ ਜੋ ਆਪ ਵੀ ਇਸ ਵਾਰੀ ਜੇਲ੍ਹ ਨਹੀਂ ਸੀ ਗਿਆ ਤੇ ਮਾਸਟਰ ਜੀ ਦੇ ਨਾਲ ਸੀ ਸਗੋਂ ਹੋਰ ਵੀ ਅੱਗੇ ਸੀ। ਉਹ ਸੋਚਦਾ ਸੀ ਕਿ ਜੰਗ ਵਿਚ ਅੰਗਰੇਜ਼ ਨੇ ਹਾਰ ਜਾਣਾ ਹੈ ਤੇ ਉਸ ਵੇਲੇ ਹਿੰਦੁਸਤਾਨ ਵਿਚ ਖ਼ਾਨਾ-ਜੰਗੀ ਸ਼ੁਰੂ ਹੋ ਜਾਣੀ ਹੈ। ਜਿਹੜਾ ਤਕੜਾ ਹੋਇਆ ਆਪਣੀ ਥਾਂ ਤੇ ਰਾਜ ਸੰਭਾਲ ਲਵੇਗਾ। ਇਸ ਖ਼ਿਆਲ ਨਾਲ ਉਹ ਫ਼ੌਜ ਵਿਚ ਸਿੱਖਾਂ ਦੀ ਵੱਧ ਤੋਂ ਵਧ ਗਿਣਤੀ ਚਾਹੁੰਦਾ ਸੀ। ਉਸਦਾ ਖ਼ਿਆਲ ਸੀ, ਫ਼ੌਜੀ ਤਾਕਤ ਬਿਨਾਂ ਇਹ ਕੰਮ ਨਹੀਂ ਹੋ ਸਕਦਾ। ਚੁਨਾਂਚਿ ਸਾਡੇ ਜੇਲ੍ਹ ਚਲੇ ਜਾਣ ਪਿੱਛੋਂ ਮਾਸਟਰ ਜੀ ਨੇ ਇਕ "ਖਾਲਸਾ ਡੀਫ਼ੈਂਸ ਆਫ ਇੰਡੀਆ ਲੀਗ" ਬਣਾਈ ਜਿਸ ਦਾ ਕੰਮ ਸਿੱਖਾਂ ਨੂੰ ਵੱਧ ਤੋਂ ਵੱਧ ਫ਼ੌਜ ਵਿਚ ਭਰਤੀ ਕਰਵਾਉਣ ਦਾ ਸੀ। ਇਹੋ ਕਾਰਨ ਸੀ ਜਿਸ ਕਰਕੇ ਅਸੀਂ ਕਾਂਗਰਸ ਵਿਚ ਵਧੇਰੇ ਸਰਗਰਮ ਸਾਂ, ਅਕਾਲੀ ਦਲ ਤੋਂ ਅੱਡ ਹੋ ਗਏ। ਸ. ਪ੍ਰਤਾਪ ਸਿੰਘ ਕੈਰੋਂ, ਗੁਰਮੁਖ ਸਿੰਘ ਮੁਸਾਫ਼ਿਰ, ਦਰਸ਼ਨ ਸਿੰਘ ਫੇਰੂਮਾਨ ਤੇ ਲੇਖਕ ਕੁਝ ਹੋਰ ਸਾਥੀਆਂ

Digitized by Panjab Digital Library | www.panjabdigilib.org

ਸਮੇਤ ਕਾਂਗਰਸ ਵਿਚ ਹੀ ਰਹੇ ਤੇ ਅਕਾਲੀ ਦਲ ਨੂੰ ਛੱਡ ਗਏ। ਸਾਡਾ ਖਿਆਲ ਸੀ ਕਿ ਲੜਾਈ ਵਿੱਚ ਸਾਨੂੰ ਮੂਹਰੇ ਕਰਕੇ ਪਿੱਛੋਂ ਇਸ ਤਰ੍ਹਾਂ ਦਾ ਫੈਸਲਾ ਸਾਡੀ ਪਿੱਠ ਵਿਚ ਛੁਰਾ ਘੋਪਣਾ ਸੀ। ਪਰ ਮਾਸਟਰ ਤਾਰਾ ਸਿੰਘ ਨੇ ਜੋ ਕੁਝ ਕੀਤਾ ਕੋਈ ਅੰਗਰੇਜ਼ ਦੀ ਸਹਾਇਤਾ ਕਰਨ ਲਈ ਨਹੀਂ ਬਲਕਿ ਆਪਣੀ ਸੋਚ ਅਨੁਸਾਰ ਸਿੱਖਾਂ ਦੇ ਭਲੇ ਲਈ ਕੀਤਾ। ਸਿੱਖ ਪੰਥ ਦਾ ਹਿੱਤ ਉਸ ਨੂੰ ਹੋਰ ਸਭ ਹਿਤਾਂ ਤੋਂ ਵੱਧ ਪਿਆਰਾ ਸੀ।

ਮਾਸਟਰ ਤਾਰਾ ਸਿੰਘ ਨਿਧੜਕ ਤੇ ਨਿਰਭੈ ਸੀ ਤੇ ਨਾਲ ਹੀ ਫ਼ੈਸਲਾ-ਕੁਨ ਵੀ। ਔਖੇ ਤੋਂ ਔਖੇ ਸਮੇਂ ਵੀ ਡੋਲਦਾ ਨਹੀਂ ਸੀ। ਜਿਹੜਾ ਮਸਲਾ ਦਰਪੇਸ਼ ਹੋਵੇ ਉਸ ਉੱਤੇ ਛੇਤੀ ਫ਼ੈਸਲਾ ਲੈਣ ਲਈ ਸਮੱਰਥ ਸੀ। ਇਕ ਵਾਰੀ ਮਾਸਟਰ ਜੀ ਨੇ ਕਿਸੇ ਮਸਲੇ ਤੇ ਮੋਰਚਾ ਲਾਉਣ ਦੀ ਗੱਲ ਕੀਤੀ। ਹਾਲਾਤ ਅਨੁਸਾਰ ਮੈਂ ਉਹਨਾਂ ਨੂੰ ਕਿਹਾ, ਮਾਸਟਰ ਜੀ ਤਹਿਰੀਕ (ਲਹਿਰ) ਤਾਂ ਸ਼ੁਰੂ ਕਰਨ ਲੱਗੇ ਹੋ, ਲੋਕ ਤਿਆਰ ਤਾਂ ਹਨ ਨਹੀਂ। ਕਹਿਣ ਲੱਗੇ ਲੋਕਾਂ ਨੂੰ ਆਪੇ ਸਰਕਾਰ ਤਿਆਰ ਕਰ ਦੇਵੇਗੀ, ਉਹਨਾਂ ਦਾ ਭਾਵ ਇਹ ਸੀ ਕਿ ਸਰਕਾਰ ਜਵਾਬੀ ਤੌਰ ਤੇ ਕੋਈ ਨਾ ਕੋਈ ਐਸੀ ਕਾਰਵਾਈ ਕਰੇਗੀ ਜਿਸ ਨਾਲ ਲੋਕ ਭੜਕ ਜਾਣਗੇ।

ਮਾਸਟਰ ਜੀ ਧੜੇਬਾਜ਼ ਬੜੇ ਪੱਕੇ ਸਨ। ਜਦੋਂ ਇਕ ਵਾਰੀ ਪ੍ਰਦੇਸ਼ ਕਾਂਗਰਸ ਦੀ ਚੋਣ ਮੀਟਿੰਗ ਵਿਚ ਡਾਕਟਰ ਸੱਤਿਯ ਪਾਲ ਦੇ ਬੰਦਿਆਂ ਨੇ ਧੱਕੇ ਨਾਲ ਚੋਣ ਜਿੱਤਣੀ ਚਾਹੀ ਤਾਂ ਝਗੜਾ ਹੋ ਗਿਆ। ਉਹ ਧੜਾ ਹਮੇਸ਼ਾਂ ਇਸੇ ਤਰ੍ਹਾਂ ਹੁੱਲੜਬਾਜ਼ੀ ਕਰਕੇ ਡਾਕਟਰ ਗੋਪੀ ਚੰਦ ਦੇ ਬੰਦਿਆਂ ਨੂੰ ਭਜਾ ਦੇਂਦਾ ਸੀ ਤੇ ਚੋਣ ਦਾ ਐਲਾਨ ਆਪਣੇ ਹੱਕ ਵਿਚ ਕਰ ਲੈਂਦਾ ਸੀ। ਉਸ ਵਾਰੀ ਅਕਾਲੀ ਵੀ ਵਿਚ ਸਨ। ਝਗੜੇ ਵਿਚ ਮੈਂ ਆਪ ਮਾਸਟਰ ਜੀ ਨੂੰ ਮੁੱਕੇ ਚਲਾਂਦੇ ਵੇਖਿਆ।

ਮਾਸਟਰ ਜੀ ਬੇਈਮਾਨ ਨਹੀਂ ਸਨ। ਪਾਰਟੀ ਫੰਡ ਨੂੰ ਆਪਣੇ ਜਾਤੀ ਹਿੱਤਾਂ ਲਈ ਕਦੇ ਨਹੀਂ ਸਨ ਵਰਤਦੇ। 1937 ਦੀਆਂ ਚੋਣਾ ਵਿਚ ਉਹਨਾਂ ਦਾ ਬਹੁਤ ਸਾਰਾ ਇਕੱਠਾ ਕੀਤਾ ਹੋਇਆ ਰੁਪਿਆ ਸਰ ਮਜੀਠੀਆ ਵਾਲੀ ਸੀਟ 'ਤੇ ਲੱਗ ਗਿਆ। ਸਰ ਮਜੀਠੀਆ ਬੜਾ ਵੱਡਾ ਸਰਮਾਇਆਦਾਰ ਸੀ ਤੇ ਮੁਕਾਬਲੇ ਤੇ ਗਰੀਬ ਜੱਥੇਦਾਰ ਅਕੈਰਪੁਰੀ। ਜਦੋਂ ਪੋਲਿੰਗ ਤੋਂ ਦੋ-ਤਿੰਨ ਦਿਨ ਪਹਿਲਾਂ ਪੈਸੇ ਦੀ ਸਖ਼ਤ ਲੋੜ ਪਈ ਤਾਂ ਮਾਸਟਰ ਜੀ ਨੇ ਸ਼੍ਰੋਮਣੀ ਕਮੇਟੀ ਦੇ ਖ਼ਜ਼ਾਨੇ ਚੋਂ ਕੁਝ ਪੈਸੇ ਖ਼ਰਚ ਕਰਨ ਦੀ ਆਗਿਆ ਦੇ ਦਿੱਤੀ। ਇਸ ਨੀਅਤ ਨਾਲ ਨਹੀਂ ਕਿ ਪੈਸਾ

Digitized by Panjab Digital Library | www.panjabdigilib.org

ਹਜ਼ਮ ਕਰ ਜਾਣਾ ਹੈ ਬਲਕਿ ਇਸ ਇਰਾਦੇ ਨਾਲ ਕਿ ਇਕ-ਦੋ ਦਿਨਾਂ ਵਿਚ ਪ੍ਰਬੰਧ ਕਰਕੇ ਵਾਪਸ ਜਮ੍ਹਾਂ ਕਰਾ ਦੇਣਾ ਹੈ। ਸ਼੍ਰੋਮਣੀ ਕਮੇਟੀ ਦਾ ਤਨਖ਼ਾਹਦਾਰ ਸਕੱਤਰ ਆਪ ਨੂੰ ਧੋਖਾ ਦੇ ਕੇ ਦੂਜੇ ਪਾਸੇ ਰਲ ਗਿਆ ਤੇ ਸਾਰਾ ਰਾਜ਼ ਫ਼ਾਸ਼ ਕਰ ਦਿੱਤਾ। ਆਪ ਦੇ ਤੇ ਹੋਰ ਅਧਿਕਾਰੀਆਂ ਵਿਰੁੱਧ ਗ਼ਬਨ ਦਾ ਮੁਕੱਦਮਾ ਦਰਜ ਹੋ ਗਿਆ। ਸਰਕਾਰ ਸਖ਼ਤ ਖਿਲਾਫ਼ ਸੀ ਪਰ ਸਮੇਂ ਸਿਰ ਰੁਪਏ ਦਾ ਪ੍ਰਬੰਧ ਕਰਕੇ ਯੋਗ ਇੰਦਰਾਜ ਕਰਵਾ ਦਿੱਤਾ ਗਿਆ। ਸਖ਼ਤ ਮਜਬੂਰੀ ਕਾਰਨ ਇਥੇ ਮਾਸਟਰ ਜੀ ਧੜੇ ਨੂੰ ਧਰਮ ਨਾਲੋਂ ਪਿਆਰਾ ਕਰ ਗਏ।

ਮਾਸਟਰ ਜੀ ਦਲੇਰ ਇਤਨੇ ਸਨ ਕਿ ਲੜਾਈ-ਝਗੜੇ ਤੋਂ ਕਦੇ ਨਹੀਂ ਸਨ ਡਰਦੇ। ਜਦੋਂ ਪੰਜਾਬ ਦੀ ਸਰ ਖ਼ਿਜਰ ਹਯਾਤ ਖ਼ਾਂ ਵਜ਼ਾਰਤ ਕਮਜ਼ੋਰ ਪੈ ਗਈ ਤਾਂ ਮੁਸਲਮ ਲੀਗ ਨੇ ਸਕੱਤਰੇਤ 'ਤੇ ਜਾ ਕੇ ਆਪਣਾ ਝੰਡਾ ਗੱਡ ਦਿੱਤਾ। ਜਦ ਮਾਸਟਰ ਜੀ ਨੂੰ ਪਤਾ ਲੱਗਾ ਤਾਂ ਜਥੇਦਾਰ ਉਧਮ ਸਿੰਘ ਅਤੇ ਕੁਝ ਹੋਰ ਬੰਦਿਆਂ ਨੂੰ ਨਾਲ ਲੈ ਕੇ ਉੱਥੇ ਪਹੁੰਚ ਗਏ ਤੇ ਸਕੱਤਰੇਤ ਦੇ ਉੱਤੇ ਚੜ੍ਹ ਕੇ ਝੰਡਾ ਪੁੱਟ ਕੇ ਪਰ੍ਹਾਂ ਸੁਟ ਦਿੱਤਾ। ਕੋਈ ਸਾਹਮਣੇ ਨਾ ਆਇਆ। ਮਾਸਟਰ ਜੀ ਦੇ ਇਸ ਅਮਲ ਦਾ ਨਤੀਜਾ ਇਹ ਹੋਇਆ ਕਿ ਵੰਡ ਵੇਲੇ ਅੱਧਾ ਪੰਜਾਬ ਭਾਰਤ ਵਾਲੇ ਪਾਸੇ ਆ ਗਿਆ ਨਹੀਂ ਤੇ ਪੱਕੀ ਸੂਹ ਅਨੁਸਾਰ ਸਾਰਾ ਪੰਜਾਬ ਪਾਕਿਸਤਾਨ ਵਿੱਚ ਜਾ ਰਿਹਾ ਸੀ।

ਮਾਰਚ 1947 ਵਿਚ ਜੋ ਫ਼ਸਾਦ ਪੱਛਮੀ ਪੰਜਾਬ ਵਿਚ ਹੋਏ ਉਹ ਇਕ ਨਾ ਇਕ ਦਿਨ ਹੋਣੇ ਤਾਂ ਸਨ ਹੀ। ਮੁਸਲਿਮ ਲੀਗ ਨੇ ਦੇਰ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ। ਸਾਡੀਆਂ ਅੱਖਾਂ ਦੇ ਸਾਹਮਣੇ ਪਿੰਡ-ਪਿੰਡ ਵਿਚ ਬਰਛੇ ਤੇ ਟਕਵੇ ਤਿਆਰ ਹੋ ਰਹੇ ਹਨ। ਪਰ ਮਾਸਟਰ ਜੀ ਦੀ ਜਲਦਬਾਜ਼ੀ ਕਰਕੇ ਫ਼ਸਾਦ ਅਗੇਤਰੇ ਹੀ ਸ਼ੁਰੂ ਹੋ ਗਏ। 3 ਮਾਰਚ 1947 ਨੂੰ ਪੁਰਾਣੀ ਅਨਾਰਕਲੀ ਲਾਹੌਰ ਦੇ ਚੌਕ ਵਿਚ ਹਿੰਦੂ-ਸਿੱਖਾਂ ਦਾ ਆਲ ਪਾਰਟੀ ਜਲਸਾ ਹੋਇਆ। ਹਿੰਦੂ ਉਸ ਵੇਲੇ ਮਾਸਟਰ ਜੀ 'ਤੇ ਆਸਾਂ ਲਾਈ ਬੈਠੇ ਸਨ ਪਰ ਹਿੰਦੂ ਆਗੂ ਬੜੇ ਸੰਭਲ ਕੇ ਬੋਲੇ। ਮਾਸਟਰ ਜੀ ਜੋਸ਼ ਵਿਚ ਬੋਲੇ ਤੇ ਮੁਸਲਮਾਨਾਂ ਨੂੰ ਲਲਕਾਰਿਆ ਕਿ ਅਸੀਂ ਹਰੀ ਸਿੰਘ ਨਲੂਆ ਵਾਲੇ ਹੀ ਸਿੱਖ ਹਾਂ ਜਿਨ੍ਹਾਂ ਨੇ ਜਮਰੌਦ ਦੇ ਕਿਲ੍ਹੇ ਤੇ ਝੰਡਾ ਝੁਲਾਇਆ ਸੀ। ਕਿਰਪਾਨ ਮਿਆਨ 'ਚੋਂ ਕੱਢ ਕੇ ਲਲਕਾਰਾ ਮਾਰਿਆ। ਮੁਸਲਿਮ ਲੀਗ ਤਾਂ ਛੇ ਮਹੀਨੇ ਤੋਂ ਤਿਆਰੀ ਵਿਚ ਲੱਗੀ

Digitized by Panjab Digital Library | www.panjabdigilib.org

ਹੋਈ ਸੀ, ਜਦੋਂ ਕਿ ਸਿੱਖਾਂ ਵਿਚ ਅਜੇ ਇਕ ਲਾਠੀ ਵੀ ਵੰਡੀ ਨਹੀਂ ਸੀ ਗਈ। ਉਸੇ ਰਾਤ ਲਾਹੌਰ ਵਿਚ ਛੁਰੇਬਾਜ਼ੀ ਹੋ ਗਈ। ਛੇ ਤਰੀਕ ਨੂੰ ਰਾਵਲਪਿੰਡੀ ਤੇ ਫਿਰ ਉਸ ਸਾਰੇ ਇਲਾਕੇ ਵਿਚ ਨਿਹੱਥੇ ਸਿੱਖਾਂ ਤੇ ਹਮਲੇ ਹੋਏ। ਇਸ ਘੱਲੂਘਾਰੇ ਵਿਚ ਸਿੱਖਾਂ ਦੀ ਜਾਨ, ਮਾਲ ਤੇ ਸੰਪਤੀ ਦਾ ਬੜਾ ਨੁਕਸਾਨ ਹੋਇਆ। ਸਿੱਖ ਬੜੀ ਬੇ-ਰਹਿਮੀ ਨਾਲ ਕਤਲ ਕੀਤੇ ਗਏ, ਜ਼ਬਰਦਸਤੀ ਮੁਸਲਮਾਨ ਬਣਾਏ ਗਏ ਤੇ ਉਹਨਾਂ ਦੀਆਂ ਧੀਆਂ ਭੈਣਾਂ ਦੀ ਬੇ-ਹੁਰਮਤੀ ਕੀਤੀ ਗਈ।

ਮਾਸਟਰ ਜੀ ਲੜਾਕੇ ਬੜੇ ਸਨ। ਜਿਸ ਨਾਲ ਲੜਦੇ ਸਨ, ਉਸਦੀ ਨੀਂਦ ਹਰਾਮ ਕਰ ਦੇਂਦੇ ਸਨ ਜਦੋਂ ਰਿਆਸਤੀ ਪਰਜਾ ਮੰਡਲ ਦਾ ਲੀਡਰ ਸ. ਸੇਵਾ ਸਿੰਘ ਠੀਕਰੀ ਵਾਲਾ ਪਟਿਆਲਾ ਰਿਆਸਤ ਦੀ ਜੇਲ੍ਹ ਵਿਚ ਸ਼ਹੀਦ ਹੋ ਗਿਆ ਤਾਂ ਆਪ ਨੂੰ ਮਹਾਰਾਜਾ ਪਟਿਆਲਾ ਵਿਰੁੱਧ ਗੁੱਸਾ ਤੇ ਰੋਸ ਹੋਇਆ। ਠੀਕਰੀ ਵਾਲਾ ਮਾਸਟਰ ਜੀ ਦਾ ਖ਼ਾਸ ਆਦਮੀ ਸੀ। ਆਪ ਮਹਾਰਾਜਾ ਪਟਿਆਲਾ ਨਾਲ ਇਤਨਾ ਲੜੇ ਕਿ ਮਹਾਰਾਜੇ ਦੀਆਂ ਗੋਡਣੀਆਂ ਲੁਆ ਦਿੱਤੀਆਂ। ਜਦੋਂ ਸੁੰਦਰ ਸਿੰਘ ਮਜੀਠੀਆ ਨਾਲ ਲੜੇ ਤਾਂ ਉਸਦਾ ਵੀ ਇਹੋ ਹਾਲ ਕੀਤਾ। ਮਾਸਟਰ ਤਾਰਾ ਸਿੰਘ ਨਾਲ ਲੱਗੇ ਹੋਏ ਆਗੂ ਜਥੇਦਾਰ ਊਧਮ ਸਿੰਘ, ਕੈਰੋਂ, ਮੁਸਾਫਿਰ, ਮਝੈਲ, ਜਲਾਲ-ਉਸਮਾਂ, ਗਿਆਨੀ ਕਰਤਾਰ ਸਿੰਘ ਆਦਿ ਬੜੇ ਸਿਰਲੱਥ, ਨਿਸ਼ਕਾਮ ਤੇ ਲੜਾਕੇ ਸਾਥੀ ਸਨ, ਇਹਨਾਂ ਦਾ ਆਪੋ ਵਿਚ ਕੁਝ ਵੰਡਿਆ ਹੋਇਆ ਨਹੀਂ ਸੀ ਬੁਲਾਰੇ ਵੀ ਬੜੇ ਚੋਟੀ ਦੇ ਸਨ। ਜਿਸ ਪਿੱਛੇ ਪੈ ਜਾਣ ਉਸਦਾ ਨੱਕ 'ਚ ਦਮ ਕਰ ਦੇਂਦੇ ਸਨ। ਦਿਨ ਵਿਚ ਕਈ-ਕਈ ਕਾਨਫ੍ਰੰਸਾਂ ਕਰਨੀਆਂ। ਮਾਸਟਰ ਤਾਰਾ ਸਿੰਘ ਦੇ ਇਤਨੇ ਸ਼ਰਧਾਲੂ ਸਨ ਕਿ ਉਸ ਦੀ ਸਹੁੰ ਨਹੀਂ ਸਨ ਖਾਂਦੇ। ਮੈਨੂੰ ਇਕ ਗੱਲ ਯਾਦ ਆਉਂਦੀ ਹੈ। ਉਹਨਾਂ ਦਿਨਾਂ ਵਿਚ ਅਕਾਲੀਆਂ ਦੀ ਸਰ ਸਕੰਦਰ ਤੇ ਸਰ ਸੁੰਦਰ ਸਿੰਘ ਮਜੀਠੀਆ ਨਾਲ ਸਖ਼ਤ ਲੜਾਈ ਸੀ। ਯੂਨੀਅਨਿਸਟਾਂ ਨੇ ਕਸੂਰ ਵਿਚ ਜ਼ਮੀਂਦਾਰਾ ਕਾਨਫ੍ਰੰਸ ਰੱਖੀ ਜਿਸਦੀ ਪ੍ਰਧਾਨਗੀ ਵਜ਼ੀਰ ਆਜ਼ਮ ਸਰ ਸਕੰਦਰ ਹਯਾਤ ਨੇ ਕੀਤੀ। ਅਕਾਲੀਆਂ ਨੇ ਮੁਕਾਬਲੇ ਤੇ ਉਸੇ ਦਿਨ ਉਥੇ ਹੀ ਕਿਸਾਨ ਕਾਨਫ੍ਰੰਸ ਰੱਖ ਦਿੱਤੀ ਜਿਸਦੀ ਪ੍ਰਧਾਨਗੀ ਪ੍ਰਤਾਪ ਸਿੰਘ ਕੈਰੋਂ ਨੇ ਕੀਤੀ। ਜਦੋਂ ਕਾਨਫ੍ਰੰਸ ਖ਼ਤਮ ਹੋ ਗਈ ਤਾਂ ਗਿ. ਕਰਤਾਰ ਸਿੰਘ ਨੇ ਪ੍ਰਤਾਪ ਸਿੰਘ ਕੈਰੋਂ ਨੂੰ ਕਿਹਾ ਕਿ ਅਗਲੇ ਦਿਨ ਚਾਇਲ ਕਾਨਫਰੰਸ ਤੇ ਆਉਣਾ ਹੈ। ਪ੍ਰਤਾਪ ਸਿੰਘ ਨੇ ਮਜਬੂਰੀ ਜਾਹਿਰ ਕੀਤੀ। ਪ੍ਰਤਾਪ ਸਿੰਘ ਨਾਂਹ-ਨਾਂਹ

Digitized by Panjab Digital Library | www.panjabdigilib.org

ਕਰੀ ਜਾਏ ਤੇ ਗਿਆਨੀ ਜੀ ਹਟੇ ਹੀ ਨਾਂਹ। ਪ੍ਰਤਾਪ ਨੇ ਗਿਆਨੀ ਜੀ ਨੂੰ ਕਿਹਾ, "ਤੇਰੀ ਸਹੁੰ ਮੈਂ ਨਹੀਂ ਆ ਸਕਣਾ" ਗਿਆਨੀ ਜੀ ਨੇ ਫਿਰ ਵੀ ਆਪਣਾ ਹੱਠ ਨਾ ਛੱਡਿਆ ਤੇ ਉਸ ਨੂੰ ਮਜਬੂਰ ਕਰੀ ਗਏ। ਅਖ਼ੀਰ ਪ੍ਰਤਾਪ ਨੇ ਕਿਹਾ, "ਗਿਆਨੀ ਜੀ, ਮਾਸਟਰ ਤਾਰਾ ਸਿੰਘ ਦੀ ਸਹੁੰ ਮੈਂ ਨਹੀਂ ਆ ਸਕਣਾ।" ਉਸੇ ਵੇਲੇ ਗਿਆਨੀ ਜੀ ਚੁੱਪ ਕਰਕੇ ਪਿਛਾਂਹ ਹਟ ਗਏ। 1941 ਤੋਂ ਪਿੱਛੋਂ ਜਾਂ ਫਿਰ ਰਾਜਨੀਤਕ ਤਾਕਤ ਹੱਥ ਆ ਜਾਣ ਤੋਂ ਬਾਅਦ ਕੁਝ ਮਤਭੇਦ ਹੋ ਗਏ, ਉਸ ਤੋਂ ਪਹਿਲਾਂ ਇਹ ਟੀਮ ਹਨੇਰੀ ਸੀ, ਤੂਫ਼ਾਨ ਸੀ। ਜਿਸ ਦੇ ਵਿਰੁੱਧ ਝੁੱਲ ਪਏ, ਉਸਦੀ ਖ਼ੈਰ ਨਹੀਂ ਸੀ।

ਮਾਸਟਰ ਤਾਰਾ ਸਿੰਘ ਦਾ ਜੀਵਨ ਸਾਦਾ, ਪੌਸ਼ਾਕ ਸਾਦੀ ਤੇ ਖਾਣਾ ਸਾਦਾ ਸੀ। ਉਸਦੀਆਂ ਨਿੱਜੀ ਲੋੜਾਂ ਕੋਈ ਖ਼ਾਸ ਨਹੀਂ ਸਨ। ਆਪਣੇ ਟੱਬਰ ਤੇ ਬੱਚਿਆਂ ਦਾ ਉਸ ਕੁਝ ਨਹੀਂ ਸੰਵਾਰਿਆ। ਆਪਣੀ ਲਗਨ ਤੇ ਧੁਨ ਵਿਚ ਤੁਰਿਆ ਰਹਿੰਦਾ ਸੀ। ਜਦੋਂ ਬਹੁਤ ਥੱਕ ਜਾਏ ਤਾਂ ਸਿੱਖ ਮਿਸ਼ਨਰੀ ਕਾਲਜ ਵਾਲੇ ਘਰ ਵਿਚ ਇਕ ਦਿਨ ਲਈ ਆਰਾਮ ਕਰਨ ਲਈ ਰੁਕ ਜਾਂਦੇ। ਆਪ ਕਹਿੰਦੇ ਹੁੰਦੇ ਸਨ ਕਿ ਕਿਤਨਾ ਵੀ ਥਕੇਵਾਂ ਕਿਉਂ ਨਾ ਹੋ ਜਾਏ, ਸਰਸੋਂ ਦੇ ਤੇਲ ਦੀ ਮਾਲਿਸ਼ ਕਰਵਾ ਕੇ ਧੁੱਪੇ ਬੈਠੋ, ਸਾਰਾ ਥਕੇਵਾਂ ਉੱਤਰ ਜਾਏਗਾ। ਧੜੇ ਬਾਜ਼ੀ ਤੇ ਆਪਣਾ ਪੱਖ ਪੂਰਨ ਦੀ ਸ਼ਿੱਦਤ ਦੀ ਇਕ ਹੋਰ ਗੱਲ ਯਾਦ ਆ ਰਹੀ ਹੈ। 1939 ਵਿਚ ਅਕਾਲੀਆਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਸੌ-ਸਾਲਾ ਬਰਸੀ ਮਨਾਈ। ਲਾਹੌਰ ਵਿਚ ਜਲੂਸ ਏਨਾ ਵੱਡਾ ਸੀ ਕਿ ਜਦੋਂ ਜਲੂਸ ਦਾ ਅਗਲਾ ਸਿਰਾ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਤੇ ਪਹੁੰਚ ਗਿਆ ਤਾਂ ਪਿੱਛਲਾ ਦਸਤਾ ਅਜੇ ਗੁਰਦੁਵਾਰਾ ਸ਼ਹੀਦ-ਗੰਜ ਜਿਥੋਂ ਜਲੂਸ ਚੱਲਿਆ ਸੀ, ਮਾਰਚ ਕਰ ਰਿਹਾ ਸੀ। ਮਾਸਟਰ ਜੀ ਨੇ ਜੱਥੇਦਾਰ ਊਧਮ ਸਿੰਘ ਨੂੰ ਕਿਹਾ ਕਿ 'ਪ੍ਰੇਮ' ਨੂੰ ਕਹੋ ਮਹਾਰਾਜਾ ਰਣਜੀਤ ਸਿੰਘ 'ਤੇ ਕਵਿਤਾ ਲਿਖੇ ਤੇ ਉਸ ਕਵਿਤਾ ਵਿਚ ਗ਼ੱਦਾਰ ਤੇ ਚੋਟ ਹੋਣੀ ਚਾਹੀਦੀ ਹੈ। ਗ਼ੱਦਾਰ ਉਸ ਵੇਲੇ ਮਾਸਟਰ ਜੀ ਦੀ ਨਜ਼ਰ ਵਿਚ ਸਰ ਸੁੰਦਰ ਸਿੰਘ ਮਜੀਠੀਆ ਸੀ। ਮੈਂ ਕਵਿਤਾ ਲਿਖੀ ਜੋ ਸਮਾਧ ਤੇ ਹੋਏ ਮਹਾਨ ਇਕੱਠ ਵਿਚ ਪੜ੍ਹੀ। ਮਾਸਟਰ ਜੀ ਸੁਣ ਕੇ ਬਹੁਤ ਖੁਸ਼ ਹੋਏ। ਦੋ ਬੰਦ ਹੇਠਾਂ ਦਿੰਦਾ ਹਾਂ। ਇਸ ਵਿਚ ਸਿੱਖ ਰਾਜ ਅਤੇ ਅੰਗਰੇਜ਼ ਰਾਜ ਦਾ ਮੁਕਾਬਲਾ ਕੀਤਾ ਗਿਆ ਹੈ। ਦੂਜੇ ਬੰਦ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਸਰਦਾਰਾਂ ਤੇ ਉਸ ਵੇਲੇ ਦੇ

Digitized by Panjab Digital Library | www.panjabdigilib.org

ਸਰਦਾਰਾਂ ਦਾ ।

ਕਵਿਤਾ ਦੇ ਬੰਦ ਇਹ ਹਨ :

1. "ਜਿਸ ਪਠਾਣੀ ਫ਼ੌਜ ਦੇ ਤੂੰ ਹੋਸ਼ ਭੁਲਾਏ ।
ਉਹ ਅੱਜ ਬੰਨੂ ਟਾਂਕ ਤੇ ਫਿਰ ਚੜ੍ਹ ਚੜ੍ਹ ਆਏ ।
ਬੱਚੇ ਲੈ ਗਏ ਖੇਡਦੇ ਕਈ ਦਿਲ ਰੁਲਾਏ ।
(ਉੱਥੇ) ਏਡੇ ਵੱਡੇ ਰਾਜ ਦੀ ਕੋਈ ਪੇਸ਼ ਨਾ ਜਾਏ ।
ਉੱਥੇ ਕੱਲਾ ਨਲੂਆਂ ਭੇਜ ਕੇ ਮੁੜ ਠੱਲਾਂ ਪਾ ਦੇ
ਸੁੱਤੇ ਹੋਏ ਪੰਜਾਬ ਦੇ ਫਿਰ ਭਾਗ ਜਗਾ ਦੇ ।

2. ਸਿੰਘ ਸਰਦਾਰ ਮਜੀਠੀਏ ਸੀ ਤੇਰੇ ਮਾਣੇ
ਵੈਰੀ ਜਿਨ੍ਹਾਂ ਚੱਬ ਲਏ ਸੀ ਵਾਂਗ ਮਖਾਣੇ
ਉਲਟੇ ਤੱਕ ਲੈ ਆਣ ਕੇ ਅੱਜ ਵਰਤੇ ਭਾਣੇ ।
ਅਣਖ "ਸਰਾਂ" ਵਿਚ ਡੁੱਬ ਗਈ ਸਾਰਾ ਜੱਗ ਜਾਣੇ ।
ਵੱਡਿਆਂ ਦਾ ਕੋਈ ਭੇਤ ਉਨ੍ਹਾਂ ਨੂੰ ਆਣ ਸੁਝਾ ਦੇ
ਸੁੱਤੇ ਹੋਏ ਪੰਜਾਬ ਦੇ ਫਿਰ ਭਾਗ ਜਗਾ ਦੇ"

ਮਾਸਟਰ ਤਾਰਾ ਸਿੰਘ ਵਿਚ ਨੁਕਸ ਇਹ ਸੀ ਕਿ ਉਹ ਮਤਭੇਦ ਨਹੀਂ ਸਨ ਬਰਦਾਸ਼ਤ ਕਰ ਸਕਦੇ । ਆਪਣੀ ਰਾਇ ਤੋਂ ਉਲਟ ਰਾਇ ਸੁਣਨ ਦਾ ਸਬਰ ਵੀ ਉਹਨਾਂ ਵਿਚ ਨਹੀਂ ਸੀ । ਝੱਟ ਕਾਹਲੇ ਪੈ ਜਾਂਦੇ ਸਨ । ਸ਼ਾਇਦ ਇਤਨੀ ਵੱਡੀ ਤਾਕਤ ਤੇ ਮਕਬੂਲੀਅਤ ਨੇ ਹੀ ਉਹਨਾਂ ਦਾ ਐਸਾ ਸੁਭਾ ਬਣਾ ਦਿੱਤਾ ਸੀ ਜਾਂ ਫਿਰ ਬਿਲਕੁਲ ਜਮਾਂਦਰੂ ਹੀ ਸੀ । ਸਿੱਖਾਂ ਦਾ ਹਿੱਤ ਉਹਨਾਂ ਨੂੰ ਸਭ ਹਿੱਤਾਂ ਤੋਂ ਪਿਆਰਾ ਸੀ । ਇਸ ਸੋਚ ਹੇਠਾਂ ਜਿਹੜਾ ਕਦਮ ਉਹਨਾਂ ਨੂੰ ਸਿੱਖ-ਭਲਾਈ ਲਈ ਠੀਕ ਜਚੇ, ਉਹ ਚੁੱਕ ਜਾਂਦੇ ਸਨ । ਨਤੀਜਾ ਚਾਹੇ ਕੁਝ ਹੋਵੇ । ਜਦੋਂ ਸਰ ਸਟੈਫੋਰਡ ਕ੍ਰਿਪਸ ਪਹਿਲੀ ਵਾਰੀ ਭਾਰਤ ਦੀਆਂ ਅੱਡ-ਅੱਡ ਪਾਰਟੀਆਂ ਨੂੰ ਇਕ ਥਾਂ ਜੋੜ ਕੇ ਕੋਈ ਫੈਸਲਾ ਕਰਾਉਣ ਲਈ ਆਇਆ ਤਾਂ ਮਾਸਟਰ ਤਾਰਾ ਸਿੰਘ ਨੇ ਵੀ ਸਿੱਖਾਂ ਦਾ ਇਕ ਡੈਪੂਟੇਸ਼ਨ ਉਸ ਨੂੰ ਮਿਲਾਇਆ । ਚੂੰਕਿ ਮਿ: ਜ਼ਿਨਾਹ ਪਾਕਿ-ਸਤਾਨ ਦੀ ਮੰਗ 'ਤੇ ਡਟਿਆ ਹੋਇਆ ਸੀ, ਮਾਸਟਰ ਜੀ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਉਸ ਸੂਰਤ ਵਿਚ ਸਿੱਖਾਂ ਨੂੰ ਆਜ਼ਾਦ ਪੰਜਾਬ ਬਣਾ ਕੇ ਦਿੱਤਾ ਜਾਵੇ

Digitized by Panjab Digital Library | www.panjabdigilib.org

ਪਰ ਅਖ਼ੀਰ ਵੇਲੇ ਜਦੋਂ ਸਿੱਖਾਂ ਤੇ ਜ਼ੋਰ ਪੈ ਰਿਹਾ ਸੀ ਕਿ ਉਹ ਪਾਕਿਸਤਾਨ ਵਿਚ ਚਲੇ ਜਾਣ ਤਾਂ ਮਾਸਟਰ ਜੀ ਦੀ ਰਾਏ ਭਾਰਤ ਵਿਚ ਰਹਿਣ ਦੀ ਬਣੀ ਤੇ ਉਹਨਾਂ ਨੇ ਕਾਂਗਰਸ ਨਾਲ ਮਿਲ ਕੇ ਕੰਮ ਕੀਤਾ।

ਜਦੋਂ ਪਾਕਿਸਤਾਨ ਬਣਨ ਵੇਲੇ ਇਲਾਕੇ ਵਿਚ ਸਿੱਖਾਂ, ਹਿੰਦੂਆਂ 'ਤੇ ਹੋਏ ਬੇਪਨਾਹ ਜ਼ੁਲਮ ਦੇ ਪ੍ਰਤੀਕਰਮ ਵਜੋਂ ਪੂਰਬੀ ਪੰਜਾਬ ਵਿਚ ਜਵਾਬੀ ਕਾਰਵਾਈ ਸ਼ੁਰੂ ਹੋਈ ਤਾਂ ਉਸ ਵਿਚ ਮਾਸਟਰ ਤਾਰਾ ਸਿੰਘ ਤੇ ਉਹਨਾਂ ਦੇ ਕੁਝ ਸਾਥੀਆਂ ਦਾ ਪੂਰਾ-ਪੂਰਾ ਹੱਥ ਸੀ। ਕੇਂਦਰ ਦੇ ਕਾਂਗਰਸੀ ਨੇਤਾਵਾਂ ਵਿਚੋਂ ਵੀ ਇਕ-ਦੋ ਨੇ ਆਪ ਦੀ ਮਦਦ ਕੀਤੀ। ਮਹਾਤਮਾ ਗਾਂਧੀ ਦੀ ਆਤਮਾ ਯਕੀਨਨ ਬਹੁਤ ਦੁੱਖੀ ਹੋਈ। ਪੱਛਮ ਵਿਚ ਹੋਏ ਜ਼ੁਲਮਾਂ ਨੇ ਸਿੱਖਾਂ ਦਾ ਮਨੋ-ਬਲ ਤੇ ਦਰ੍ਹਤਲ ਜੋ ਖ਼ਤਮ ਕਰ ਦਿੱਤੀ ਸੀ, ਉਹ ਮੁੜ ਬਹਾਲ ਜ਼ਰੂਰ ਹੋ ਗਈ ਸੀ।

15 ਅਗਸਤ 1947 ਨੂੰ ਭਾਰਤ ਆਜ਼ਾਦ ਹੋ ਗਿਆ ਪਰ ਆਜ਼ਾਦ ਭਾਰਤ ਵਿਚ ਸਿੱਖ-ਭਲਾਈ ਦੇ ਖ਼ਿਆਲ ਨੇ ਮਾਸਟਰ ਤਾਰਾ ਸਿੰਘ ਨੂੰ ਟਿਕ ਕੇ ਨਾ ਬਹਿਣ ਦਿੱਤਾ ਇਹ ਤਾਂ ਰੱਬ ਨੂੰ ਹੀ ਪਤਾ ਹੈ ਜਾਂ ਫਿਰ ਭਵਿੱਖ ਹੀ ਨਿਰਣਾ ਕਰੇਗਾ ਕਿ ਸਿੱਖਾਂ ਨੂੰ ਕਿਥੇ ਕਿਥੇ ਲਾਭ ਹੋਇਆ ਜਾਂ ਕਦੋਂ-ਕਦੋਂ ਉਹਨਾਂ ਦੀਆਂ ਮੁਸੀਬਤਾਂ ਵਿਚ ਵਾਧਾ ਹੋਇਆ ਪਰ ਮਾਸਟਰ ਜੀ ਨੇ ਮਰਦੇ ਦਮ ਤੱਕ ਆਪਣਾ ਸਿਰੜ ਨਹੀਂ ਛੱਡਿਆ। ਹਾਂ ਇਕ ਗੱਲ ਮੈਂ ਬਿਨਾਂ ਝਿਜਕ ਦੇ ਕਹਿ ਸਕਦਾ ਹਾਂ ਕਿ ਮਾਸਟਰ ਤਾਰਾ ਸਿੰਘ ਬਦਨੀਅਤ ਨਹੀਂ ਸੀ। ਉਸ ਨੇ ਇਸ ਮੈਦਾਨ ਵਿਚ ਜੋ ਕੁਝ ਕੀਤਾ ਆਪਣੇ ਨਿਸ਼ਚੇ ਅਨੁਸਾਰ ਪੂਰੀ ਨੇਕ ਨੀਅਤੀ ਨਾਲ ਕੀਤਾ।

ਆਜ਼ਾਦ ਭਾਰਤ 'ਚ ਵੀ ਮਾਸਟਰ ਜੀ ਦੀ ਟੱਕਰ ਕਾਂਗਰਸ ਸਰਕਾਰ ਨਾਲ ਹੁੰਦੀ ਰਹੀ। ਕ੍ਰਿਪਾਨ ਦੇ ਮਸਲੇ ਤੇ ਫਿਰ ਪੰਜਾਬੀ ਸੂਬੇ ਦੇ ਸਵਾਲ ਤੇ ਆਪ ਨੂੰ ਕਈ ਵਾਰ ਜੇਲ੍ਹ ਜਾਣਾ ਪਿਆ ਤੇ ਪੰਜਾਬੀ ਸੂਬੇ ਦੇ ਸਵਾਲ ਤੇ ਭੁੱਖ ਹੜਤਾਲ ਵੀ ਕਰਨੀ ਪਈ। ਉਹ ਚਾਹੁੰਦੇ ਸਨ ਕਿ ਇਕ ਐਸਾ ਪੰਜਾਬੀ ਸੂਬਾ ਬਣੇ ਜਿਸ ਵਿਚ ਸਿੱਖਾਂ ਦੀ ਬਹੁ-ਗਿਣਤੀ ਹੋਵੇ। ਉਹਨਾਂ ਦੇ ਖ਼ਿਆਲ ਅਨੁਸਾਰ ਰਾਜਨੀਤਕ ਤਾਕਤ ਤੋਂ ਬਿਨਾਂ ਧਰਮ ਵੀ ਕਾਇਮ ਨਹੀਂ ਰਹਿ ਸਕਦਾ।

ਗਿਲ੍ਹਾ ਉਨ੍ਹਾਂ ਨੂੰ ਇਹ ਸੀ ਕਿ ਕਾਂਗਰਸ ਨੇ ਜੋ ਵਾਹਦਾ ਸਾਡੇ ਨਾਲ ਕੀਤਾ ਸੀ, ਪੂਰਾ ਨਹੀਂ ਕੀਤਾ। 12 ਫ਼ਰਵਰੀ, 1928 ਨੂੰ ਦਿੱਲੀ ਵਿਚ ਇਕ ਸਰਬ ਪਾਰਟੀ ਕਾਨਫ਼੍ਰੰਸ ਹੋਈ ਸੀ ਜਿਸ ਵਿਚ "ਸਵਰਾਜ ਵਿਧਾਨ" ਦੀ ਬਣਤਰ ਲਈ

Digitized by Panjab Digital Library | www.panjabdigilib.org

ਇਕ ਕਮੇਟੀ ਬਣਾਈ ਗਈ ਜਿਸ ਦੇ ਚੇਅਰਮੈਨ ਪੰ: ਮੋਤੀ ਲਾਲ ਨਹਿਰੂ ਥਾਪੇ ਗਏ। ਉਸ ਕਮੇਟੀ ਨੇ ਜੋ ਰਿਪੋਰਟ ਕੀਤੀ ਉਹ ਨਹਿਰੂ ਰਿਪੋਰਟ ਦੇ ਨਾਂ ਨਾਲ ਪ੍ਰਸਿੱਧ ਹੋਈ। ਕਮੇਟੀ ਨੇ ਸਰਬ ਸੰਮਤੀ ਨਾਲ ਜੁਦਾਗਾਨਾ ਦੀ ਬਜਾਏ ਸਾਂਝੀਆਂ ਚੋਣਾਂ ਦੀ ਸਿਫਾਰਸ਼ ਕੀਤੀ। ਨਾਲ ਹੀ ਇਹ ਕਿਹਾ ਕਿ ਹਰ ਸੂਬੇ ਵਿਚ ਘੱਟ ਗਿਣਤੀਆਂ ਲਈ ਉਨ੍ਹਾਂ ਦੀ ਆਬਾਦੀ ਅਨੁਸਾਰ ਸੀਟਾਂ ਰਾਖਵੀਆਂ ਕੀਤੀਆਂ ਜਾਣ। ਪਰ ਪੰਜਾਬ ਤੇ ਬੰਗਾਲ ਨੂੰ ਇਸ ਸ਼ਰਤ ਤੋਂ ਬਾਹਰ ਰਖਿਆ। ਸੈਂਟਰਲ ਸਿੱਖ ਲੀਗ ਨੇ ਇਸ ਦੀ ਵਿਰੋਧਤਾ ਕੀਤੀ। ਬਾਬਾ ਖੜਕ ਸਿੰਘ ਨੇ ਕਿਹਾ ਕਿ ਇਸ ਰਿਪੋਰਟ ਨੇ ਜਿਥੇ ਹਿੰਦੂ ਤੇ ਮੁਸਲਿਮ ਘੱਟ ਗਿਣਤੀਆਂ ਲਈ ਰਾਖਵੀਆਂ ਸੀਟਾਂ ਰੱਖੀਆਂ ਹਨ ਉਥੇ ਪੰਜਾਬ ਵਿਚ ਸਿੱਖ ਘੱਟ ਗਿਣਤੀ ਨੂੰ ਨਜ਼ਰ ਅੰਦਾਜ਼ ਕੀਤਾ ਹੈ। ਬਾਬਾ ਖੜਕ ਸਿੰਘ ਤੇ ਹੋਰ ਸਿੱਖ ਲੀਡਰਾਂ ਨੇ ਸਿੱਖਾਂ ਨੂੰ ਰਿਪੋਰਟ ਨਾ-ਮਨਜ਼ੂਰ ਕਰਨ ਦੀ ਤੇ 1929 ਵਿਚ ਲਾਹੌਰ ਵਿਚ ਹੋ ਰਹੇ ਕਾਂਗਰਸ ਇਜਲਾਸ ਦਾ ਬਾਈਕਾਟ ਕਰਨ ਦੀ ਅਪੀਲ ਕੀਤੀ। ਕਾਂਗ੍ਰਸ ਦੇ ਲੀਡਰ, ਸਿੱਖਾਂ ਦਾ ਮਿਲਵਰਤਣ ਗੰਵਾਉਣਾ ਨਹੀਂ ਸਨ ਚਾਹੁੰਦੇ। ਇਸ ਲਈ ਮਹਾਤਮਾ ਗਾਂਧੀ, ਮੋਤੀ ਲਾਲ ਨਹਿਰੂ ਤੇ ਡਾਕਟਰ ਅਨਸਾਰੀ ਇਜਲਾਸ ਤੋਂ ਪਹਿਲਾਂ ਲਾਹੌਰ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ ਤੇ ਹੋਰ ਸਿੱਖ ਲੀਡਰਾਂ ਨੂੰ ਮਿਲੇ: ਉਨ੍ਹਾਂ ਨੂੰ ਯਕੀਨ ਦਿਲਾਇਆ ਕਿ ਨਹਿਰੂ ਰਿਪੋਰਟ ਖ਼ਤਮ ਕਰ ਦਿੱਤੀ ਗਈ ਹੈ ਤੇ ਅੱਗੋਂ ਲਈ ਕਾਂਗ੍ਰਸ ਕੋਈ ਐਸੀ ਬਣਤਰ ਤਸਲੀਮ ਨਹੀਂ ਕਰੇਗੀ ਜਿਹੜੀ ਸਿੱਖਾਂ 'ਤੇ ਮੁਸਲਮਾਨਾਂ ਦੀ ਤਸੱਲੀ ਨਾਂਹ ਕਰਦੀ ਹੋਵੇ। ਚੁਨਾਂਚਿ 1929 ਦੇ ਲਾਹੌਰ ਕਾਂਗ੍ਰਸ ਇਜਲਾਸ ਵਿਚ ਇਸ ਤਰ੍ਹਾਂ ਦਾ ਮਤਾ ਵੀ ਪਾਸ ਕਰ ਦਿੱਤਾ ਗਿਆ।

ਪਿਛਲੀ ਉਮਰ ਵਿਚ ਮਾਸਟਰ ਜੀ ਸਿਆਸੀ ਤੌਰ ਤੇ ਕਮਜ਼ੋਰ ਜ਼ਰੂਰ ਹੋਏ। ਸੰਤ ਫ਼ਤਿਹ ਸਿੰਘ ਜਿਸਨੂੰ ਉਹ ਆਪ ਇਸ ਮੈਦਾਨ ਵਿਚ ਲਿਆਏ ਸਨ, ਉਨ੍ਹਾਂ ਦੇ ਵਿਰੁੱਧ ਹੋ ਗਿਆ ਤੇ ਦੋ ਅਕਾਲੀ ਦਲ ਬਣ ਗਏ। ਸਰਕਾਰੀ ਤਾਕਤ ਵੀ ਫਤਿਹ ਸਿੰਘ ਨੂੰ ਮਿਲੀ ਤੇ ਗੁਰਦਵਾਰਾ ਪ੍ਰਬੰਧ ਉਸ ਦੇ ਹੱਥਾਂ ਵਿਚ ਚਲਾ ਗਿਆ ਪਰ ਮਾਸਟਰ ਜੀ ਨੇ ਹੌਂਸਲਾ ਨਹੀਂ ਛੱਡਿਆ। ਆਪਣੀ ਧੁੰਨ ਵਿਚ ਲੱਗੇ ਰਹੇ। ਮਨ ਤਾਂ ਉਹਨਾਂ ਦਾ ਹਮੇਸ਼ਾ ਚੜ੍ਹਦੀਆਂ ਕਲਾਂ ਵਿਚ ਰਿਹਾ ਪਰ ਸਰੀਰ ਕਮਜ਼ੋਰ ਹੁੰਦਾ ਗਿਆ। ਪ੍ਰਾਸਟੇਟ ਦੀ ਤਕਲੀਫ਼ ਉਹਨਾਂ ਨੂੰ ਹੈ ਸੀ ਪਰ ਰੁਝੇਵਿਆਂ ਵਿਚ

Digitized by Panjab Digital Library | www.panjabdigilib.org

ਪ੍ਰਵਾਹ ਨਹੀਂ ਕੀਤੀ। ਵੇਲੇ ਸਿਰ ਉਪਰੇਸ਼ਨ ਨਹੀਂ ਕਰਾਇਆ, ਕੁਦਰਤੀ ਇਲਾਜ ਪਿੱਛੇ ਹੀ ਲੱਗੇ ਰਹੇ ਅਖੀਰ ਜਦੋਂ ਪਾਣੀ ਸਿਰ ਤੋਂ ਲੰਘ ਟੁਰਿਆ ਤਾਂ ਪੀ.ਜੀ.ਆਈ. ਚੰਡੀਗੜ੍ਹ ਵਿਚ ਦਾਖ਼ਿਲ ਹੋ ਗਏ। ਡਾਕਟਰ ਉਸ ਵੇਲੇ ਅਪਰੇਸ਼ਨ ਦੇ ਹੱਕ ਵਿਚ ਨਹੀਂ ਸੀ ਪਰ ਆਪ ਨੇ ਮਜਬੂਰ ਕੀਤਾ ਕਿ ਮੈਂ ਇਸ ਹਾਲਤ ਵਿਚ ਤਕਲੀਫ਼ ਨਹੀਂ ਸਹਾਰ ਸਕਦਾ। ਅਪਰੇਸ਼ਨ ਹੋਇਆ ਤੇ ਓੜਕ 22 ਨਵੰਬਰ, 1967 ਨੂੰ ਸਵੇਰੇ ਡੇਢ ਵਜੇ ਉਹ ਸਾਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਦੇ ਚਰਨਾਂ ਵਿਚ ਜਾ ਬਿਰਾਜੇ। ਉਨ੍ਹਾਂ ਦੀ ਅਰਥੀ ਨਾਲ ਬੇ-ਪਨਾਹ ਹਜੂਮ ਸੀ। ਭਾਰਤ ਦੇ ਕੋਨੇ-ਕੋਨੇ ਤੋਂ ਲੋਕ ਪੁੱਜੇ ਹੋਏ ਸਨ। ਭੀੜ ਵਿਚੋਂ ਨਿਕਲਣਾ ਮੁਸ਼ਕਿਲ ਹੋਇਆ ਪਿਆ ਸੀ। ਸ਼ਹੀਦਾਂ ਦੀ ਸ਼ਮਸ਼ਾਨ ਭੂਮੀ ਵਿਚ ਆਪਦੇ ਸਰੀਰ ਨੂੰ ਅਗਨ-ਭੇਟ ਕੀਤਾ ਗਿਆ। ਇਹ ਸੀ ਅੰਤ ਉਸ ਸਰੀਰ ਦਾ ਜਿਸ ਨੂੰ ਉਸ ਵਿਚਲੀ ਆਤਮਾ ਨੇ ਉਮਰ ਭਰ ਆਰਾਮ ਨਹੀਂ ਕਰਨ ਦਿੱਤਾ ਤੇ ਉਸ ਨੂੰ ਇਸੇ ਚੱਕਰ ਵਿਚ ਭੰਵਾਂਦੀ ਰਹੀ ਕਿ ਹਾਇ, ਮੇਰੇ ਸਿੱਖਾਂ ਦਾ, ਮੇਰੇ ਪੰਥ ਦਾ ਕੁੱਝ ਬਣ ਜਾਏ। ਮਾਸਟਰ ਤਾਰਾ ਸਿੰਘ ਨੇ ਆਪਣੇ ਜੀਵਨ ਵਿਚ ਕਈ ਵਾਰ ਇਹ ਕਿਹਾ :—

"ਇਕੋ ਪੰਥ ਹੀ ਚੰਗਾ ਹੈ। ਜੋ ਪੰਥ ਦਾ ਦੁਸ਼ਮਣ ਹੈ, ਉਹ ਮੇਰਾ ਦੁਸ਼ਮਣ ਹੈ। ਜੋ ਪੰਥ ਦਾ ਸੱਜਣ ਹੈ, ਉਹ ਮੇਰਾ ਸੱਜਣ ਹੈ। ਜੋ ਪੰਥ ਦਾ ਦਾਸ ਹੈ, ਮੈਂ ਉਸਦਾ ਦਾਸ ਹਾਂ।"

"ਮੈਂ ਮਰਾਂ ਪੰਥ ਜੀਏ।"

ਮਾਸਟਰ ਜੀ ਦੇ ਇਸ ਕਿਰਦਾਰ ਕਰਕੇ ਹੀ ਆਪ ਨੂੰ ਪੰਥ-ਰਤਨ ਦੇ ਨਾਂ ਨਾਲ ਸੱਦਿਆ ਜਾਂਦਾ ਸੀ।

Digitized by Panjab Digital Library | www.panjabdigilib.org

# ਸਰਦਾਰ ਦਰਸ਼ਨ ਸਿੰਘ ਫੇਰੂਮਾਨ

ਸਰਦਾਰ ਦਰਸ਼ਨ ਸਿੰਘ ਫੇਰੂਮਾਨ ਇਕ ਜ਼ਬਰਦਸਤ ਸਿਆਸੀ ਘੁਲਾਟੀਆ, ਪੂਰਨ ਦੇਸ਼ ਭਗਤ, ਅਤਿ ਦਰਜੇ ਦਾ ਅਣਖੀ, ਨਿੱਡਰ ਤੇ ਦ੍ਰਿੜ੍ਹ ਇਰਾਦੇ ਦਾ ਮਾਲਕ ਇਨਸਾਨ ਸੀ। ਆਪ ਦਾ ਜਨਮ ਅੰਮ੍ਰਿਤਸਰ ਦੇ ਜ਼ਿਲੇ ਬਾਬਾ ਬਕਾਲਾ ਦੇ ਨੇੜੇ ਪਿੰਡ ਫੇਰੂਮਾਨ ਵਿਚ ਸ. ਚੰਦਾ ਸਿੰਘ ਦੇ ਘਰ ਮਾਤਾ ਰਾਜ ਕੌਰ ਦੀ ਕੁੱਖੋਂ ਅਗਸਤ 1886 ਵਿਚ ਹੋਇਆ। ਆਪ ਦੇ ਪਿਤਾ ਸਰਦੇ ਪੁੱਜਦੇ ਜ਼ਿਮੀਂਦਾਰ ਸਨ ਤੇ ਦਰਸ਼ਨ ਸਿੰਘ ਉਨ੍ਹਾਂ ਦਾ ਇਕਲੌਤਾ ਪੁੱਤਰ ਸੀ। ਸ. ਦਰਸ਼ਨ ਸਿੰਘ ਦੀ ਸ਼ਾਦੀ ਪਿੰਡ ਧੰਦੋਈ ਤਹਿਸੀਲ ਬਟਾਲਾ ਵਿਚ ਸ. ਭਗਤ ਸਿੰਘ ਦੀ ਲੜਕੀ ਕਰਤਾਰ ਕੌਰ ਨਾਲ ਹੋਈ।

ਆਪਣੀ ਜ਼ਿੰਦਗੀ ਵਿਚ ਉਸ ਕਈ ਲੜਾਈਆਂ ਲੜੀਆਂ ਪਰ ਕੀ ਮਜਾਲ ਹੈ ਕਿ ਕਦੇ ਉਸਦੇ ਮਨ ਵਿਚ ਕੋਈ ਕਮਜ਼ੋਰੀ ਜਾਂ ਉਸ ਦੀਆਂ ਲੱਤਾਂ ਵਿਚ ਕੋਈ ਲਰਜ਼ਸ਼ ਆਈ ਹੋਵੇ। ਕਿਸੇ ਪਾਸੋਂ ਮੰਗ ਕੇ ਕੋਈ ਰਿਆਇਤ ਲੈਣੀ, ਉਸ ਦੀ ਫਿਤਰਤ ਵਿਚ ਹੀ ਨਹੀਂ ਸੀ। ਠੀਕ ਗੱਲ ਲਈ ਸੰਘਰਸ਼ ਕਰਨ ਵਾਸਤੇ ਹਰ ਵੇਲੇ ਤਿਆਰ ਰਹਿੰਦੇ ਸਨ।

ਜਦੋਂ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਹੋਇਆ ਉਦੋਂ ਆਪ ਫ਼ੌਜ ਵਿਚ ਮੁਲਾਜ਼ਮ ਸਨ। ਆਪ ਦੇ ਮਨ ਤੇ ਇਤਨਾਂ ਡੂੰਘਾ ਅਸਰ ਹੋਇਆ ਕਿ ਆਪ ਨੌਕਰੀ ਛੱਡ ਕੇ ਆ ਗਏ ਤੇ ਜਵਾਨੀ ਦੀ ਉਮਰ ਵਿਚ ਹੀ ਅਕਾਲੀ ਤਹਿਰੀਕ ਵਿਚ ਕੁੱਦ ਪਏ। ਪਹਿਲੀ ਵਾਰੀ ਗਿ: ਗੁਰਮੁੱਖ ਸਿੰਘ ਮੁਸਾਫਰ ਤੇ ਉਹ ਇਕੱਠੇ ਗ੍ਰਿਫਤਾਰ ਹੋਏ।

ਜੇਲ੍ਹਾਂ ਵਿਚ ਉਨ੍ਹੀ ਦਿਨੀਂ ਬੜਾ ਬੁਰਾ ਹਾਲ ਸੀ। ਰੋਟੀ ਉਹ ਮਿਲਦੀ ਸੀ ਜਿਸ ਨੂੰ ਡੰਗਰ ਵੀ ਨਾ ਖਾ ਸਕਣ ਤੇ ਮੁਸ਼ੱਕਤ ਵੀ ਬੜੀ ਸਖ਼ਤ ਸੀ। ਚੱਕੀ ਪੀਹਣੀ, ਕੋਹਲੂ ਚਲਾਣਾ, ਵਾਣ ਵੱਟਣਾ ਆਦਿ। ਦਰਸ਼ਨ ਸਿੰਘ ਸੋਹਣਾ ਪਾਣ ਤੇ ਚੰਗਾ ਖਾਣ ਦਾ ਆਦੀ ਸੀ। ਜੇਲ੍ਹ ਵਿਚ ਜੇ ਜੇਲ੍ਹ ਦੇ ਅਫ਼ਸਰ



Digitized by Panjab Digital Library | www.panjabdigilib.org

ਠੀਕ ਚੱਲਦੇ ਰਹਿਣ ਤਾਂ ਵਾਹ ਵਾਹ ਪਰ ਜੇ ਜ਼ਰਾ ਵੀ ਉਨ੍ਹਾਂ ਦੇ ਰਵੱਈਏ ਤੋਂ, ਉਸਦੀ ਗੈਰਤ ਤੇ ਕੋਈ ਸੱਟ ਵੱਜਦੀ ਹੋਵੇ ਤਾਂ ਇਹ ਉਨ੍ਹਾਂ ਨਾਲ ਲੜਾਈ ਲੈ ਲੈਂਦਾ ਸੀ ਤੇ ਫਿਰ ਰਿਹਾਈ ਵੇਲੇ ਤੀਲ੍ਹੇ ਦੇ ਮੁਆਫ਼ਕ ਕਮਜ਼ੋਰ ਹੋ ਕੇ ਬਾਹਰ ਨਿਕਲਦਾ ਸੀ। ਮੁੜ ਕੇ ਕੋਈ ਰੂਹ ਰਿਆਇਤ ਉਸ ਨੂੰ ਉਸ ਦੇ ਫ਼ੈਸਲੇ ਤੋਂ ਹਟਾ ਨਹੀਂ ਸੀ ਸਕਦੀ।

ਇਕ ਵਾਰੀ ਮਲਾਇਆ ਵਿਚ ਕੈਦ ਹੋ ਗਿਆ। ਮਲਾਇਆ ਵਿਚ ਆਪ ਦੇ ਪਿਤਾ ਵਪਾਰ ਕਰਦੇ ਰਹੇ ਸਨ। ਉਥੇ ਜਾ ਕੇ ਆਪ ਨੇ ਗ਼ਦਰ ਪਾਰਟੀ ਦੇ ਦੇਸ਼-ਭਗਤਾਂ ਦੀ ਤਰ੍ਹਾਂ ਅੰਗਰੇਜ਼ੀ ਸਰਕਾਰ ਵਿਰੁੱਧ ਸਰਗਰਮੀ ਨਾਲ ਕੰਮ ਸ਼ੁਰੂ ਕਰ ਦਿੱਤਾ। ਮਲਾਇਆ ਦੀ ਅੰਗਰੇਜ਼ੀ ਸਰਕਾਰ ਨੇ ਆਪ ਨੂੰ ਖਤਰਨਾਕ ਇਨਕਲਾਬੀ ਸਮਝ ਕੇ ਜੇਲ੍ਹ ਵਿਚ ਬੰਦ ਕਰ ਦਿੱਤਾ। ਜੇਲ੍ਹ ਵਾਲਿਆਂ ਨੇ ਜੋ ਕਪੜੇ ਦਿੱਤੇ ਉਨ੍ਹਾਂ ਵਿਚ ਕਛਹਿਰਾ ਨਹੀਂ ਸੀ। ਫੇਰੂਮਾਨ ਨੇ ਕਛਹਿਰੇ ਦੀ ਮੰਗ ਕੀਤੀ ਤਾਂ ਅੰਗਰੇਜ਼ ਅਫ਼ਸਰ ਡੱਟ ਗਿਆ, ਕਹੇ ਧਰਮ ਦਾ ਕਿਸੇ ਕਪੜੇ ਨਾਲ ਕੀ ਸਬੰਧ ਹੋਇਆ। ਸ. ਦਰਸ਼ਨ ਸਿੰਘ ਨੇ ਭੁੱਖ ਹੜਤਾਲ ਕਰ ਦਿੱਤੀ ਤੇ ਜਦੋਂ ਉਸ ਦੀ ਹਾਲਤ ਬਹੁਤ ਖ਼ਰਾਬ ਹੋ ਗਈ ਤਾਂ ਉਸ ਦੀ ਮੰਗ ਸਰਕਾਰ ਨੂੰ ਪ੍ਰਵਾਨ ਕਰਨੀ ਪਈ ਉਸ ਸਮੇਂ ਆਪ ਨੇ 21 ਦਿਨ ਦੀ ਭੁੱਖ ਹੜਤਾਲ ਕੀਤੀ। ਆਪ ਨੂੰ ਰਿਹਾਅ ਤਾਂ ਕਰ ਦਿੱਤਾ ਗਿਆ ਪਰ ਦੇਸ਼ ਨਿਕਾਲੇ ਦਾ ਹੁਕਮ ਜਾਰੀ ਕਰਕੇ ਮਲਾਇਆ ਤੋਂ ਵਾਪਸ ਭਾਰਤ ਭੇਜ ਦਿੱਤਾ। ਇਹ ਗੱਲ ਸਾਲ 1929 ਦੀ ਹੈ।

ਮਲਾਇਆ ਤੋਂ ਵਾਪਸ ਆਏ ਹੀ ਸਨ ਕਿ ਝੱਟ ਪਿੱਛੋਂ ਮਹਾਤਮਾ ਗਾਂਧੀ ਦੀ ਅਗਵਾਈ ਹੇਠਾਂ ਕਾਂਗਰਸ ਨੇ ਸਿਵਲ ਨਾਫ਼ੁਰਮਾਨੀ ਦੀ ਲਹਿਰ ਸ਼ੁਰੂ ਕਰ ਦਿੱਤੀ। ਫੇਰੂਮਾਨ ਨੇ ਉਸ ਵਿਚ ਸਰਗਰਮੀ ਨਾਲ ਹਿੱਸਾ ਲਿਆ ਤੇ ਕੈਦ ਹੋ ਗਏ। ਇਹ ਇਕ ਸਾਲ ਦੀ ਕੈਦ ਆਪ ਗੁਜਰਾਤ ਜੇਲ੍ਹ ਵਿਚ ਕੱਟ ਕੇ 1931 ਵਿਚ ਰਿਹਾ ਹੋਏ।

ਰਿਹਾਈ ਤੋਂ ਬਾਦ ਆਪ ਫਿਰ ਆਜ਼ਾਦੀ ਦੇ ਸੰਗਰਾਮ ਵਿਚ ਜੁੱਟ ਗਏ ਤੇ 1932 ਦੀ ਕਾਂਗਰਸ ਤਹਿਰੀਕ ਵਿਚ ਫਿਰ ਡੇਢ ਸਾਲ ਲਈ ਕੈਦ ਕਰ ਦਿੱਤੇ ਗਏ। ਇਹ ਕੈਦ ਕੱਟਕੇ ਆਪ 1934 ਵਿਚ ਰਿਹਾਅ ਹੋਏ। ਆਪ ਇਤਨੇ ਬਾਗੀ-ਆਨਾ ਤਬੀਅਤ ਦੇ ਮਾਲਕ ਸਨ ਕਿ ਜੇਲ੍ਹ ਵਿਚ ਜਦੋਂ ਸੁਪਰਡੰਟ ਜਾਂ ਦਰੋਗਾ ਪ੍ਰੇਡ ਲਈ ਆਉਂਦੇ ਸਨ ਤਾਂ ਆਪ ਉਨ੍ਹਾਂ ਵੱਲ ਪਿੱਠ ਕਰਕੇ ਖਲੋ ਜਾਂਦੇ ਸਨ।

Digitized by Panjab Digital Library | www.panjabdigilib.org

ਹਾਲਾਂਕਿ ਪ੍ਰੰਪਰਾ ਅਨੁਸਾਰ ਆਪਣਾ ਜੇਲ੍ਹ ਕਾਰਡ ਹੱਥ ਵਿਚ ਫੜ ਕੇ ਲਾਈਨ ਵਿਚ ਖੜਾ ਹੋਣਾ ਪੈਂਦਾ ਸੀ।

ਦਰਸ਼ਨ ਸਿੰਘ ਤੇ ਮੈਂ ਕਈ ਚਿਰ ਇਕੱਠੇ ਜੇਲ੍ਹ ਵਿਚ ਰਹੇ, ਪਹਿਲਾਂ ਗੁਜਰਾਤ ਸਪੈਸ਼ਲ ਜੇਲ੍ਹ ਵਿਚ ਤੇ ਫਿਰ ਸਿਆਲਕੋਟ। ਗੁਜਰਾਤ ਜੇਲ੍ਹ ਵਿਚ ਅਸੀਂ ਇਕੋ ਕੋਠੜੀ ਵਿਚ ਰਹਿੰਦੇ ਸੀ। ਮੁਸਾਫ਼ਿਰ, ਕੈਰੋਂ, ਫੇਰੂਮਾਨ ਤੇ ਮੈਂ ਚੂੰਕਿ ਇਕੋ ਜੁਟ ਵਿਚ ਸਾਂ ਇਸ ਲਈ ਉਸ ਦੇ ਕਈ ਪਹਿਲੂਆਂ ਤੇ ਮੈਂ ਬਹੁਤ ਕੁਝ ਕਹਿ ਲਿਖ ਸਕਦਾ ਹਾਂ। ਜਿਹੜਾ ਸਾਰਾ ਕੁੱਝ ਇਸ ਨਿੱਕੇ ਜਿਹੇ ਲੇਖ ਵਿਚ ਅੰਕਤ ਕਰਨਾ ਸੰਭਵ ਨਹੀਂ। ਹਾਂ ਕੁਝ ਕੁ ਜ਼ਰੂਰੀ ਗੱਲਾਂ ਦਾ ਜ਼ਿਕਰ ਕਰਾਂਗਾ। ਜਿਹੜੀਆਂ ਉਸ ਦੀ ਸ਼ਖਸੀਅਤ 'ਤੇ ਚਾਨਣਾ ਪਾ ਸਕਣ।

ਦਰਸ਼ਨ ਸਿੰਘ ਯਾਰਾਂ ਦਾ ਯਾਰ ਸੀ ਤੇ ਰਾਜਨੀਤਕ ਵੀ। ਉਸ ਦੋਸਤੀ ਦੀ ਬਿਨਾ ਤੇ ਹੀ ਨਿਭਾਈ। ਆਪਣੇ ਵਲੋਂ ਕੋਈ ਐਸੀ ਗੱਲ ਨਹੀਂ ਸੀ ਕਰਦਾ ਜਿਹੜੀ ਯਾਰ ਮਿੱਤਰ ਨੂੰ ਖੇਦ ਪਹੁੰਚਾਏ ਪਰ ਜੇ ਪਾਣੀ ਸਿਰ ਤੋਂ ਹੀ ਲੰਘ ਜਾਏ ਤਾਂ ਫਿਰ ਐਸਾ ਨਾਰਾਜ਼ ਹੁੰਦਾ ਸੀ ਕਿ ਮੁੜ ਕੇ ਜੀਵਨ ਭਰ ਉਸਦੀ ਸੁਲਾਹ ਨਹੀਂ ਸੀ ਹੋ ਸਕਦੀ। ਜਿਨ੍ਹਾਂ ਸੱਜਣਾਂ ਨੇ ਸ. ਪ੍ਰਤਾਪ ਸਿੰਘ ਕੈਰੋਂ ਨੂੰ ਪੰਜਾਬ ਦੀ ਰਾਜਨੀਤੀ ਵਿਚ ਲਿਆਂਦਾ, ਦਰਸ਼ਨ ਸਿੰਘ ਉਨ੍ਹਾਂ ਵਿਚੋਂ ਇਕ ਸੀ। ਪ੍ਰਤਾਪ ਸਿੰਘ ਅਮਰੀਕਾ ਤੋਂ ਵਾਪਿਸ ਆਇਆ ਤਾਂ ਉਸ ਨੇ ਦਿੱਲੀ ਇਕ ਹੋਟਲ ਖੋਲ੍ਹਿਆ। ਜੇ ਮੈਂ ਗਲਤ ਨਹੀਂ ਕਹਿੰਦਾ ਤਾਂ ਉਸ ਵੇਲੇ ਪ੍ਰਤਾਪ ਸਿੰਘ ਦੇ ਸਿਰ 'ਤੇ ਕੇਸ ਵੀ ਨਹੀਂ ਸਨ। ਸ. ਦਰਸ਼ਨ ਸਿੰਘ, ਮੁਸਾਫ਼ਿਰ ਤੇ ਜਥੇਦਾਰ ਊਧਮ ਸਿੰਘ ਗਏ ਤੇ ਉਸ ਨੂੰ ਪ੍ਰੇਰ ਕੇ ਪੰਜਾਬ ਲੈ ਆਏ ਤੇ ਸਿਆਸਤ ਵਿਚ ਪਾ ਦਿੱਤਾ ਤੇ ਫਿਰ ਉਸਨੂੰ ਚੋਟੀ ਦਾ ਲੀਡਰ ਬਣਾਇਆ। ਉਨ੍ਹਾਂ ਪ੍ਰਤਾਪ ਸਿੰਘ ਨੂੰ ਕਿਹਾ ਕਿ ਤੇਰਾ ਕੰਮ ਆਜ਼ਾਦੀ ਦਾ ਅਖਾੜਾ ਹੈ, ਹੋਟਲ ਨਹੀਂ। ਇਹ ਉਨ੍ਹਾਂ ਨੇ ਵਿਦੇਸ਼ ਵਿਚ ਰਹਿੰਦੇ ਪ੍ਰਤਾਪ ਸਿੰਘ ਦੇ ਪਿਤਾ ਸ. ਨਿਹਾਲ ਸਿੰਘ ਦੇ ਜੀਵਨ ਢੰਗ ਅਤੇ ਬਦੇਸ਼ ਵਿਚ ਪ੍ਰਤਾਪ ਸਿੰਘ ਦੇ ਦੇਸ਼ ਭਗਤੀ ਦੇ ਕੰਮ ਤੇ ਰੁਚੀਆਂ ਨੂੰ ਮੂਹਰੇ ਰੱਖ ਕੇ ਇਹ ਕਿਹਾ ਕਿ ਪ੍ਰਤਾਪ ਸਿੰਘ ਨੂੰ ਪੰਜਾਬ ਦਾ ਲੀਡਰ ਤੇ ਮੁੱਖ ਮੰਤਰੀ ਬਨਾਉਣਾ ਹੈ। ਇਹ ਫ਼ੈਸਲਾ ਵੀ ਸਿਆਲਕੋਟ ਜੇਲ੍ਹ ਵਿਚ ਲਿਆ ਗਿਆ ਜਿਸ ਵਿਚ ਸ. ਦਰਸ਼ਨ ਸਿੰਘ ਸ਼ਾਮਿਲ ਸੀ। ਬਾਕੀ ਤਿੰਨ, ਮੁਸਾਫ਼ਿਰ, ਪੰਡਤ ਮੰਗਲਦਾਸ ਤੇ ਲੇਖਕ ਸਨ, ਫ਼ੈਸਲਾ ਜੇਲ੍ਹ ਦੀ ਮੇਰੀ ਕੋਠੜੀ ਵਿਚ ਹੋਇਆ। ਕੈਰੋਂ ਸਾਹਿਬ ਨਾਲ ਫੇਰੂਮਾਨ ਦਾ ਇਤਨਾ ਪਿਆਰ ਸੀ, ਜਿਵੇਂ

Digitized by Panjab Digital Library | www.panjabdigilib.org

ਕੁਝ ਵੰਡਿਆ ਹੋਇਆ ਨਹੀਂ ਹੁੰਦਾ। ਪਰ ਜਦੋਂ ਨਾਰਾਜ਼ ਹੋਇਆ ਤਾਂ ਮੁੜ ਮੱਥੇ ਨਾ ਲੱਗਣ ਦਾ ਫੈਸਲਾ ਕਰਕੇ। ਇੰਨ ਬਿੰਨ ਜੋ ਗੱਲ ਹੋਈ, ਉਹ ਪਾਠਕਾਂ ਨੂੰ ਇਤਿਹਾਸਕ ਵਾਕਫ਼ੀਅਤ ਪਹੁੰਚਾਏਗੀ ਤੇ ਦਿਲਚਸਪੀ ਦਾ ਕਾਰਨ ਬਣੇਗੀ।

ਪ੍ਰਤਾਪ ਸਿੰਘ ਜਦੋਂ ਮੰਤਰੀ ਤੇ ਫਿਰ ਮੁੱਖ ਮੰਤਰੀ ਬਣਿਆ ਤਾਂ ਉਸ ਦੇ ਮਨ ਵਿਚ ਪੰਜਾਬ ਨੂੰ ਕੁਝ ਬਨਾਉਣ ਦਾ ਜਜ਼ਬਾ ਸੀ ਤੇ ਇਸ ਵਿਚ ਸ਼ੱਕ ਵੀ ਨਹੀਂ ਕਿ ਉਹਨਾਂ ਨੇ ਬੜਾ ਕੁਝ ਕੀਤਾ। ਮੰਤਰੀ ਬਣਨ ਤੋਂ ਪਹਿਲਾਂ ਆਪ ਨੇ ਸੁਤੰਤਰਤਾ ਸੰਗਰਾਮ ਵਿਚ ਬੜੇ ਜ਼ੋਰ ਨਾਲ ਤੇ ਨਿਸ਼ਕਾਮ ਹੋ ਕੇ ਕੰਮ ਕੀਤਾ। ਸਾਰੀ ਜ਼ਿੰਦਗੀ ਇਸੇ ਕੰਮ ਲਈ ਲਾ ਦਿੱਤੀ ਕਿ ਦੇਸ਼ ਨੂੰ ਆਜ਼ਾਦ ਕਰਾਉਣਾ ਹੈ।

ਮੰਤਰੀ ਤੇ ਮੁੱਖ ਮੰਤਰੀ ਸਮੇਂ ਵਿਚ ਵੀ ਲੋਕ ਭਲਾਈ ਲਈ ਉਤਸ਼ਾਹ ਨਾਲ ਕੰਮ ਕੀਤਾ। ਜਦੋਂ ਪਹਿਲੀ ਵਾਰੀ ਸ. ਬਲਦੇਵ ਸਿੰਘ ਤੇ ਗਿ: ਕਰਤਾਰ ਸਿੰਘ ਦੀ ਇਕ ਸਾਜ਼ਸ਼ ਅਨੁਸਾਰ ਪ੍ਰਤਾਪ ਸਿੰਘ ਨੂੰ ਵਜ਼ਾਰਤ ਤੋਂ ਹਟਾਇਆ ਗਿਆ ਤਾਂ ਆਪ ਨੇ ਇਕ ਬਜਵਾੜੇ ਦੇ ਖੇਸ ਨਾਲ ਇਕ ਮਲੰਗ ਦੀ ਤਰ੍ਹਾਂ ਪੰਜਾਬ ਦਾ ਕੋਨਾ ਕੋਨਾ ਫ਼ਿਰ ਕੇ ਦਿਲੋਂ, ਮਨੋਂ, ਤਨਦੇਹੀ ਨਾਲ ਲੋਕ-ਕੰਮ ਕੀਤਾ। ਪੰਜਾਬ ਦੀ ਤਰੱਕੀ ਹਰ ਪਹਿਲੂ ਤੋਂ ਹੋਈ ਤੇ ਉਸ ਦਾ ਸਿਹਰਾ ਪ੍ਰਤਾਪ ਸਿੰਘ ਦੇ ਸਿਰ ਹੈ। ਪਰ ਮੁੱਖ ਮੰਤਰੀ ਬਣਨ ਦੇ ਕੁੱਝ ਚਿਰ ਪਿਛੋਂ ਐਸਾ ਸਮਾਂ ਆਇਆ ਕਿ ਉਹ ਆਪਣਾ ਪਹਿਲਾ ਪੱਧਰ ਕਾਇਮ ਨਾ ਰਖ ਸਕੇ। ਇਸ ਗੱਲ ਲਈ ਉਨ੍ਹਾਂ ਦੇ ਟੱਬਰ ਦੇ ਬੰਦਿਆਂ ਤੇ ਜ਼ਿਮੇਵਾਰੀ ਆਉਂਦੀ ਹੈ ਜਿਨ੍ਹਾਂ ਨੂੰ ਪਹਿਲਾਂ ਉਹ ਸੰਭਾਲ ਨਾ ਸਕੇ ਤੇ ਫਿਰ ਆਪ ਵੀ ਨਾਲ ਹੀ ਵਹਿ ਗਏ। ਕੈਰੋਂ ਸਾਹਿਬ ਦੇ ਪੁਰਾਣੇ ਸਾਥੀ ਜਿਨ੍ਹਾਂ ਆਜ਼ਾਦੀ ਦੀ ਲੜਾਈ ਵਿਚ ਮੋਢੇ ਨਾਲ ਮੋਢਾ ਡਾਹ ਕੇ ਅੰਗਰੇਜ਼ ਦਾ ਮੁਕਾਬਲਾ ਕੀਤਾ ਸੀ ਤੇ ਜੇਲ੍ਹ ਵਿਚ ਬੰਦ ਇਹ ਫ਼ੈਸਲਾ ਲਿਆ ਸੀ ਕਿ ਪ੍ਰਤਾਪ ਸਿੰਘ ਨੂੰ ਇਕ ਦਿਨ ਪੰਜਾਬ ਦਾ ਮੁੱਖ ਮੰਤਰੀ ਬਨਾਉਣਾ ਹੈ। ਸ. ਪ੍ਰਤਾਪ ਸਿੰਘ ਦੇ ਡਿਕਟੇਟਰਾਨਾ ਅੰਦਾਜ਼, ਉਨ੍ਹਾਂ ਵਲ ਲਾ-ਪ੍ਰਵਾਹੀ ਤੇ ਮੂੰਹ ਜ਼ੋਰੀਦੇ ਕਾਰਨ ਔਖੇ ਸਨ। ਉਨ੍ਹਾਂ ਨੇ ਕਈ ਵਾਰੀ ਦੱਬੀ ਜ਼ਬਾਨ ਨਾਲ ਪ੍ਰਤਾਪ ਸਿੰਘ ਨੂੰ ਸਮਝਾਇਆ ਕਿ ਤੇਰੇ ਟੱਬਰ ਦੇ ਬੰਦੇ ਗਲਤ ਕੰਮ ਤੈਥੋਂ ਕਰਵਾ ਰਹੇ ਹਨ ਜਿਸ ਕਰਕੇ ਬੜੀ ਬਦਨਾਮੀ ਹੋ ਰਹੀ ਹੈ ਪਰ ਉਸ ਤੇ ਕੁੱਝ ਅਸਰ ਨਾ ਹੋਇਆ। ਫੇਰੂਮਾਨ ਨੇ ਆਪ ਉਸ ਨਾਲ ਗੱਲਾਂ ਕੀਤੀਆਂ ਪਰ ਜਦੋਂ ਕੋਈ ਕਾਮਯਾਬੀ ਨਾ ਹੋਈ ਤਾਂ ਉਸਦੀ ਜ਼ੂਦਰੰਜ ਤਬੀਅਤ ਬਰਦਾਸ਼ਤ ਨਾ ਕਰ ਸਕੀ ਤੇ ਮਿੱਤਰਤਾ ਦੀ

Digitized by Panjab Digital Library | www.panjabdigilib.org

ਰੇਸ਼ਮੀ ਤੰਦ ਕਮਜ਼ੋਰ ਹੁੰਦੀ ਨਜ਼ਰ ਆਉਣ ਲੱਗ ਪਈ।

ਇਹ ਗੱਲ ਸੰਨ 1960 ਦੀ ਹੈ। ਮੁਸਾਫ਼ਿਰ ਜੀ ਸ. ਗੁਰਦਿਆਲ ਸਿੰਘ ਢਿਲੋਂ ਸਪੀਕਰ ਪੰਜਾਬ ਦੀ ਕੋਠੀ ਵਿਚ ਠਹਿਰੇ ਹੋਏ ਸਨ। ਉਥੇ ਹੀ ਫੇਰੂਮਾਨ ਤੇ ਜੱਥੇਦਾਰ ਉੱਧਮ ਸਿੰਘ ਨਾਗੋਕੇ ਆ ਗਏ। ਮੈਂ ਤੇ ਢਿਲੋਂ ਸਾਹਿਬ ਵੀ ਮੌਜੂਦ ਸਾਂ। ਸ. ਪ੍ਰਤਾਪ ਸਿੰਘ ਦੀ ਗੱਲ ਚੱਲੀ ਤੇ ਦਰਸ਼ਨ ਸਿੰਘ ਨੇ ਜਜ਼ਬਾਤ ਵਿਚ ਆ ਕੇ ਕਿਹਾ ਕਿ ਪ੍ਰਤਾਪ ਵਰਗਾ ਦੇਸ਼ ਭਗਤ ਟੱਬਰ ਦੇ ਜੀਆਂ ਦੇ ਸ਼ਿਕੰਜੇ ਵਿਚ ਫਸ ਕੇ ਗ਼ਲਤ ਪਾਸੇ ਜਾ ਰਿਹਾ ਹੈ। ਵੀਰ ਨੂੰ ਇਕ ਵਾਰੀ ਫਿਰ ਸਮਝਾਉਣਾ ਚਾਹੀਦਾ ਹੈ। ਢਿਲੋਂ ਸਾਹਿਬ ਨੇ ਕਿਹਾ ਕਿ ਹੁਣ ਉਹ ਸਮਝਣ ਵਾਲੀ ਹੱਦ ਟੱਪ ਚੁੱਕਾ ਹੈ। ਤਾਕਤ ਦਾ ਅਭਿਮਾਨ ਤੇ ਪੁੱਤਰਾਂ ਵਲੋਂ ਹਰ ਸਿੱਧੇ ਪੁੱਠੇ ਤਰੀਕੇ ਨਾਲ ਇਕੱਠਾ ਕੀਤਾ ਧਨ ਉਸ ਨੂੰ ਸਹੀ ਗੱਲ ਸੋਚਣ ਨਹੀਂ ਦਿੰਦਾ। ਸਾਰਿਆਂ ਦੇ ਮਨ੍ਹਾਂ ਕਰਨ ਦੇ ਬਾਵਜੂਦ ਫੇਰੂਮਾਨ ਨੇ ਪ੍ਰਤਾਪ ਸਿੰਘ ਨੂੰ ਟੈਲੀਫ਼ੋਨ 'ਤੇ ਕਿਹਾ ਕਿ ਮੈਂ ਤੇਰੇ ਨਾਲ ਕੋਈ ਗੱਲ ਕਰਨ ਆ ਰਿਹਾ ਹਾਂ। ਫੇਰੂਮਾਨ ਜਥੇਦਾਰ ਉਧਮ ਸਿੰਘ ਨੂੰ ਨਾਲ ਲੈ ਗਿਆ ਤੇ ਕਿਹਾ ਕਿ ਗੱਲ ਮੈਂ ਕਰਾਂਗਾ। ਅਸੀਂ ਉਥੇ ਹੀ ਬੈਠੇ ਰਹੇ ਤੇ ਵਾਪਸ ਆ ਕੇ ਅੱਖਰ ਅੱਖਰ ਜੋ ਗੱਲ ਹੋਈ ਫੇਰੂਮਾਨ ਨੇ ਆਪ ਸਾਨੂੰ ਦੱਸੀ। ਫੇਰੂਮਾਨ ਨੇ ਗੱਲ ਇਸ ਤਰ੍ਹਾਂ ਕੀਤੀ :—

"ਵੀਰ ਪ੍ਰਤਾਪ ਇਹ ਚੀਫ਼ ਮਨਿਸਟਰੀ ਤੈਨੂੰ ਆਪਣੇ ਬਾਪ ਸ. ਨਿਹਾਲ ਸਿੰਘ ਤੋਂ ਵਿਰਸੇ ਵਿੱਚ ਮਿਲੀ ਹੈ? ਪ੍ਰਤਾਪ ਨੇ ਕਿਹਾ, "ਨਹੀਂ ਵੀਰ ਤੁਹਾਡੀ ਹੀ ਦਿੱਤੀ ਹੋਈ ਹੈ।" ਫੇਰੂਮਾਨ ਨੇ ਕਿਹਾ, "ਇਹ ਤੂੰ ਮਨੋਂ ਨਹੀਂ ਕਹਿ ਰਿਹਾ, ਜੇ ਇਹ ਗੱਲ ਹੁੰਦੀ ਤਾਂ ਜਿਸ ਤਰ੍ਹਾਂ ਤੂੰ ਚੱਲ ਰਿਹਾ ਹੈਂ, ਨਾ ਚਲਦਾ। ਮੈਂ ਤੈਨੂੰ ਅੱਗੇ ਵੀ ਸਮਝਾਇਆ ਸੀ ਕਿ ਤੂੰ ਜਿਸ ਤਰ੍ਹਾਂ ਟੱਬਰ ਦੇ ਹੱਥਾਂ ਵਿਚ ਖੇਡ ਰਿਹਾ ਹੈਂ, ਜ਼ਮੀਨ ਤੇਰੇ ਪੈਰਾਂ ਹੇਠੋਂ ਨਿਕਲਦੀ ਜਾ ਰਹੀ ਹੈ।" ਪ੍ਰਤਾਪ ਨੇ ਕਿਹਾ, "ਨਹੀਂ ਵੀਰ ਮੇਰੇ ਮੁੰਡੇ ਕੋਈ ਮਾੜੀ ਗੱਲ ਨਹੀਂ ਕਰਦੇ, ਐਵੇਂ ਦੁਸ਼ਮਣ ਰਸ਼ਕ ਕਰਦੇ ਹਨ ਤੇ ਉਨ੍ਹਾਂ ਦਾ ਨਾਂ ਲੈ ਕੇ ਮੈਨੂੰ ਬਦਨਾਮ ਕਰਨਾ ਚਾਹੁੰਦੇ ਹਨ।"

ਗੱਲ ਸ਼ੁਰੂ ਕਰਨ ਤੋਂ ਪਹਿਲਾਂ ਫੇਰੂਮਾਨ ਨੇ ਕਿਹਾ, "ਪ੍ਰਤਾਪ ਗੱਲ ਮੈਂ ਕਰਨ ਆਇਆ ਹਾਂ, ਜਥੇਦਾਰ ਜੀ ਨਹੀਂ; ਇਨ੍ਹਾਂ ਨੂੰ ਤਾਂ ਮੈਂ ਗਵਾਹ ਰੱਖਣ ਲਈ ਨਾਲ ਲਿਆਇਆ ਹਾਂ, ਜੇ ਤੂੰ ਗੁੱਸਾ ਮਨ ਵਿਚ ਰੱਖਣਾ ਹੋਇਆ ਤਾਂ ਮੇਰੇ ਵਿਰੁੱਧ ਰੱਖੀਂ, ਜੱਥੇਦਾਰ ਜੀ ਦੇ ਨਹੀਂ ਤੇ ਜੇ ਮੇਰੀ ਅੱਜ ਦੀ ਗੱਲ ਦਾ ਵੀ ਤੇਰੇ ਤੇ ਕੋਈ

Digitized by Panjab Digital Library | www.panjabdigilib.org

ਅਸਰ ਨਾ ਹੋਇਆ ਤਾਂ ਇਹ ਮੇਰੀ ਤੇਰੀ ਆਖਰੀ ਮੁਲਾਕਾਤ ਹੋਵੇਗੀ।" ਜਿਥੋਂ ਤਕ ਮੈਨੂੰ ਯਾਦ ਪੈਂਦਾ ਹੈ, ਉਸ ਦਿਨ ਤੋਂ ਪਿੱਛੋਂ ਸ. ਦਰਸ਼ਨ ਸਿੰਘ ਉਸ ਪ੍ਰਤਾਪ ਸਿੰਘ ਨੂੰ ਜਿਸ ਨੂੰ ਉਨ੍ਹਾਂ ਆਪਣੇ ਛੋਟੇ ਭਰਾ ਦੀ ਤਰ੍ਹਾਂ ਪਿਆਰ ਕੀਤਾ ਸੀ, ਮੁੜ ਕੇ ਨਹੀਂ ਮਿਲਿਆ।

ਸ. ਦਰਸ਼ਨ ਸਿੰਘ ਦੇ ਮਨ ਤੇ ਇਤਨਾ ਅਸਰ ਹੋਇਆ ਕਿ ਕੁਝ ਚਿਰ ਪਿੱਛੋਂ ਉਸ ਨੇ ਕਾਂਗਰਸ ਤੋਂ ਅਸਤੀਫ਼ਾ ਦੇ ਦਿੱਤਾ। ਜਥੇਦਾਰ ਊਧਮ ਸਿੰਘ ਨਾਲ ਉਨ੍ਹਾਂ ਦਾ ਪਿਆਰ ਹੈ ਹੀ ਸੀ, ਉਸ ਅਸਰ ਤਲੇ ਪੰਜਾਬ ਵਿਚ ਸੁਤੰਤਰਤਾ ਪਾਰਟੀ ਕਾਇਮ ਕੀਤੀ। ਸ਼੍ਰੀ ਰਾਜ ਗੋਪਾਲ ਆਚਾਰੀਆ ਪੰਜਾਬ ਆਏ ਤੇ ਦੋਰਾਹਾ ਜ਼ਿਲ੍ਹਾ ਪਟਿਆਲਾ ਵਿਚ ਇਕ ਭਾਰੀ ਕਾਨਫ੍ਰੰਸ ਕਰਕੇ ਸੁਤੰਤਰਤਾ ਪਾਰਟੀ ਦੀ ਬੁਨਿਆਦ ਰੱਖੀ ਗਈ। ਮੇਰੇ ਕਿਆਸ ਵਿਚ ਸ. ਫੇਰੂਮਾਨ ਨੇ ਆਪਣੀ ਜ਼ਿੰਦਗੀ ਵਿਚ ਇਹ ਮਹਾਨ ਗਲਤੀ ਕੀਤੀ। ਉਹ ਇਕ ਅਗਾਹ ਵਧੂ ਖ਼ਿਆਲਾਂ ਦਾ ਦੇਸ਼-ਭਗਤ ਸੀ ਤੇ ਸੁਤੰਤਰਤਾ ਪਾਰਟੀ ਪਿਛਾਂਹ-ਖਿੱਚੂਆਂ ਦੀ ਪਾਰਟੀ ਸੀ, ਇਸ ਲਈ ਇਸ ਨੂੰ ਮੇਚ ਨਾ ਆਈ। ਇਹ ਕਦਮ ਉਹ ਮਹਿਜ ਜੱਥੇਦਾਰ ਊਧਮ ਸਿੰਘ ਦੇ ਪਿਆਰ ਕਾਰਨ ਚੁੱਕ ਗਿਆ। ਇਸ ਤੋਂ ਪਹਿਲਾਂ ਕਿ ਮੈਂ ਉਹਨਾਂ ਦੇ ਮਰਨ ਵਰਤ ਵੱਲ ਆਂਵਾਂ, ਫੇਰੂਮਾਨ ਜੀ ਦੀਆਂ ਹੋਰ ਕੁਰਬਾਨੀਆਂ ਤੇ ਕੁਝ ਜ਼ਾਤੀ ਸਿਫ਼ਤਾਂ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ। 1937 ਵਿਚ ਬਣੀ ਯੂਨੀਅਨਿਸਟ ਸਰਕਾਰ ਨੇ ਨਵੇਂ ਬੰਦੋਬਸਤ ਵਿਚ ਕਿਸਾਨਾਂ ਤੇ 9 ਲੱਖ ਰੁਪਿਆ ਸਾਲਾਨਾ ਮਾਲੀਆ ਵਧਾਣ ਦੀ ਸਕੀਮ ਬਣਾਈ। ਜਥੇਦਾਰ ਊਧਮ ਸਿੰਘ ਤੇ ਦਰਸ਼ਨ ਸਿੰਘ ਨੇ 20 ਜੁਲਾਈ 1938 ਨੂੰ ਅੰਮ੍ਰਿਤਸਰ ਵਿਚ ਇਕ ਬਹੁਤ ਭਾਰੀ ਜਲੂਸ ਕੱਢਕੇ ਕਿਸਾਨ ਮੁਜ਼ਾਹਿਰਾ ਕੀਤਾ ਜਿਸ ਤੇ ਰੇਲਵੇ ਪੁੱਲ ਤੇ ਡੀ. ਸੀ. ਮੈਕਡਾਕਨਲ ਦੇ ਹੁਕਮ ਨਾਲ ਬੇ-ਤਹਾਸ਼ਾ ਲਾਠੀ-ਚਾਰਜ ਕੀਤਾ ਗਿਆ। 27 ਜੁਲਾਈ ਨੂੰ ਜਲ੍ਹਿਆਂ ਵਾਲੇ ਬਾਗ ਵਿਚ ਹੋ ਰਹੇ ਇਕ ਜਲਸੇ ਵਿਚੋਂ ਫੇਰੂਮਾਨ ਨੂੰ ਗ੍ਰਿਫ਼ਤਾਰ ਕਰਕੇ ਮੁਕੱਦਮਾ ਚਲਾਇਆ ਗਿਆ ਜਿਸ ਵਿਚ ਉਸਨੂੰ ਇਕ ਸਾਲ ਕੈਦ ਦੀ ਸਜ਼ਾ ਹੋਈ। ਇਸ ਐਜੀਟੇਸ਼ਨ ਦਾ ਅਸਰ ਇਹ ਹੋਇਆ ਕਿ ਸਰਕਾਰ ਨੇ ਮਾਮਲਾ ਵਧਾਉਣ ਦੀ ਨੀਅਤ ਹਟਾ ਲਈ। ਇਹ ਊਧਮ ਸਿੰਘ ਤੇ ਫੇਰੂਮਾਨ ਦੀ ਬੜੀ ਭਾਰੀ ਜਿੱਤ ਸੀ।

1940 ਵਿਚ ਮਹਾਤਮਾ ਗਾਂਧੀ ਜੀ ਨੇ ਸ਼ਖਸ਼ੀ ਸਤਿਆਗ੍ਰਹਿ ਦੀ ਲਹਿਰ ਚਲਾਈ ਜਿਸਦਾ ਪਹਿਲਾ ਸਤਿਆਗ੍ਰਹੀ ਸੰਤ ਵਿਨੋਭਾ ਭਾਵੇ ਸੀ। ਉਨ੍ਹਾਂ ਦਿਨਾਂ

Digitized by Panjab Digital Library | www.panjabdigilib.org

ਵਿਚ ਦੂਜੀ ਵੱਡੀ ਵਿਸ਼ਵ ਜੰਗ ਲੱਗੀ ਹੋਈ ਸੀ ਤੇ ਬਾਪੂ ਨੇ ਇਹ ਲਹਿਰ ਇਸ ਤਰ੍ਹਾਂ ਚਲਾਈ ਕਿ ਹਰ ਸਤਿਆਗ੍ਰਹੀ ਦਾ ਨਾਂ ਉਹ ਆਪ ਪਾਸ ਕਰਦੇ ਸਨ। ਸਤਿਆਗ੍ਰਹੀ ਕਰਨ ਦੀ ਤਰੀਖ ਤੇ ਥਾਂ ਪਹਿਲਾਂ ਨੀਯਤ ਕਰਕੇ ਜ਼ਿਲੇ ਦੇ ਡੀ.ਸੀ. ਨੂੰ ਇਤਲਾਹ ਭੇਜ ਦਿੱਤੀ ਜਾਂਦੀ ਸੀ ਤੇ ਫਿਰ ਗ੍ਰਿਫ਼ਤਾਰੀ ਹੁੰਦੀ ਸੀ। ਸਤਿਆਗ੍ਰਹੀ ਵੇਲੇ ਚੂੰਕਿ ਲੋਕ ਬਹੁਤ ਜੁੜ ਜਾਂਦੇ ਸਨ ਤੇ ਇਸ ਤਰ੍ਹਾਂ ਲੋਕਾਂ ਵਿਚ ਅੰਗਰੇਜ਼ੀ ਸਰਕਾਰ ਵਿਰੁੱਧ ਬਹੁਤ ਭੜਕਾਹਟ ਪੈਦਾ ਹੁੰਦੀ ਸੀ। ਇਸ ਲਈ ਪਿਛੋਂ ਜਿਹੇ ਆ ਕੇ ਸਰਕਾਰ ਨੇ ਆਗੂਆਂ ਨੂੰ ਸਤਿਆਗ੍ਰਹਿ ਕਰਨ ਤੋਂ ਪਹਿਲਾਂ ਹੀ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਸਤਿਆਗ੍ਰਹਿ ਵਿਚ ਕੇਵਲ ਦੋ ਤਿੰਨ ਨਾਅਰੇ ਲਗਾਉਣੇ ਮੁਕੱਰਰ ਸਨ। ਉਹ ਇਹ ਕਿ ਇਹ ਲੜਾਈ ਸਾਮਰਾਜੀਆਂ ਦੀ ਲੜਾਈ ਹੈ, ਹਿੰਦੁਸਤਾਨ ਦੀ ਨਹੀਂ। ਇਸ ਵਿਚ ਕੋਈ ਮਦਦ ਜਾਂ ਭਰਤੀ ਨਾਂਹ ਦਿੱਤੀ ਜਾਵੇ।

ਫੇਰੂਮਾਨ ਨੇ ਇਹ ਸਤਿਆਗ੍ਰਹਿ ਬਾਬਾ ਬਕਾਲੇ ਵਿਚ ਇਕ ਬਹੁਤ ਵੱਡੇ ਇਕੱਠ ਵਿਚ ਤਕਰੀਰ ਕਰਕੇ ਕੀਤਾ। ਫੇਰੂਮਾਨ ਨੇ ਆਪਣੀ ਤਕਰੀਰ ਵਿਚ ਕਿਹਾ, "ਅੱਜ ਮੈਂ ਦੇਸ਼ ਦੀ ਆਜ਼ਾਦੀ ਲਈ ਸ੍ਰੀ ਗੁਰੂ ਤੇਗ ਬਹਾਦਰ ਦੇ ਚਰਨਾਂ ਵਿਚ ਖਲੋ ਕੇ ਸਤਿਆਗ੍ਰਹਿ ਕਰ ਰਿਹਾ ਹਾਂ। ਗੁਰੂ ਸਾਹਿਬ ਨੇ ਧਰਮ ਤੇ ਦੇਸ਼ ਦੀ ਰੱਖਿਆ ਲਈ ਮੁਗਲ ਸਾਮਰਾਜ ਦੇ ਜਬਰ ਤੇ ਜ਼ੁਲਮ ਨੂੰ ਦੂਰ ਕਰਨ ਲਈ ਚਾਂਦਨੀ ਚੌਕ ਦਿੱਲੀ ਵਿਚ ਸੀਸ ਦੇ ਦਿੱਤਾ ਤੇ ਆਪ ਤੇਗ ਬਹਾਦਰ, ਹਿੰਦ ਦੀ ਚਾਦਰ ਬਣ ਗਏ। ਅੱਜ ਸਾਡਾ ਫਰਜ਼ ਹੈ ਕਿ ਕੁਰਬਾਨੀਆਂ ਕਰਕੇ ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਦੇ ਬੰਧਨ ਕੱਟ ਦੇਈਏ।" ਤੇ ਅਖ਼ੀਰ ਵਿਚ ਕਿਹਾ 'ਐ ਬਾਬੇ ਬਕਾਲੇ ਦੇ ਲੋਕੋ, ਐ ਇਲਾਕਾ ਬਿਆਸ ਦੇ ਲੋਕੋ, ਐ ਜ਼ਿਲਾ ਅੰਮ੍ਰਿਤਸਰ ਦੇ ਲੋਕੋ ਤੇ ਪੰਜਾਬ ਦੇ ਲੋਕੋ, ਇਹ ਜੰਗ ਸਾਡੀ ਨਹੀਂ, ਸਾਮਰਾਜ ਦੀ ਹੈ। ਇਸ ਵਿਚ ਕੋਈ ਫ਼ੌਜੀ ਭਰਤੀ ਨਾ ਦਿਓ, ਕੋਈ ਮਦਦ ਨਾ ਕਰੋ।'

ਇਹ ਨਾਅਰੇ ਲਾ ਕੇ ਗ੍ਰਿਫ਼ਤਾਰ ਹੋ ਗਏ। ਇਸੇ ਲਹਿਰ ਵਿਚ ਮੈਂ ਤੇ ਫੇਰੂਮਾਨ ਜੀ ਇਕੱਠੇ, ਇਕੋ ਕੋਠੜੀ ਵਿਚ ਗੁਜਰਾਤ ਸਪੈਸ਼ਲ ਜੇਲ੍ਹ ਵਿਚ ਰਹੇ। ਉਸ ਵੇਲੇ ਫੇਰੂਮਾਨ ਜ਼ਿਲਾ ਕਾਂਗਰਸ ਕਮੇਟੀ ਅੰਮ੍ਰਿਤਸਰ ਦੇ ਪ੍ਰਧਾਨ ਸਨ। ਜਦੋਂ ਪੁਲਿਸ ਵਾਲੇ ਆਪ ਨੂੰ ਗੱਡੀ ਵਿਚ ਗੁਜਰਾਤ ਲੈ ਕੇ ਜਾਣ ਲੱਗੇ ਤਾਂ ਮੈਂ ਤੇ

Digitized by Panjab Digital Library | www.panjabdigilib.org

ਮੁਸਾਫ਼ਿਰ ਜੀ ਆਪ ਨੂੰ ਗੱਡੀ ਦੇ ਡੱਬੇ ਵਿਚ ਮਿਲਣ ਗਏ। ਉਥੇ ਟ੍ਰਿਬਿਊਨ ਦੇ ਪ੍ਰਤੀਨਿਧ ਤੇ ਕਾਂਗਰਸੀ ਨੇਤਾ ਸੁਰਗਵਾਸੀ ਸ੍ਰੀ ਅਵਿਨਾਸ਼ ਚੰਦਰ ਬਾਲੀ ਵੀ ਮੌਜੂਦ ਸਨ ਜੋ ਉਨ੍ਹਾਂ ਦਾ ਇੰਟਰਵਿਊ ਲੈ ਰਹੇ ਸਨ।

ਸ਼ਖਸੀ ਸਤਿਆਗ੍ਰਹਿ ਵਿਚ ਮਿਲੀ ਸਜ਼ਾ ਭੁਗਤ ਕੇ ਕੈਦੀ ਬਾਹਰ ਆਏ ਹੀ ਸਨ ਕਿ ਛੇਤੀ ਹੀ ਗਾਂਧੀ ਜੀ ਨੇ 'ਭਾਰਤ ਛੋੜੋ' (Quit India) ਦੀ ਲਹਿਰ ਸ਼ੁਰੂ ਕਰਨ ਦਾ ਪ੍ਰੋਗਰਾਮ ਬਣਾ ਲਿਆ। 8 ਅਗਸਤ, 1942 ਨੂੰ ਬੰਬਈ ਵਿਚ ਕਾਂਗਰਸ ਨੇ 'ਭਾਰਤ ਛੋੜੋ' ਦਾ ਮਤਾ ਪਾਸ ਕੀਤਾ। ਅਗਲੇ ਦਿਨ ਮਹਾਤਮਾ ਗਾਂਧੀ ਤੇ ਵਰਕਿੰਗ ਕਮੇਟੀ ਦੇ ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਫੇਰੂਮਾਨ, ਪ੍ਰਤਾਪ ਸਿੰਘ ਤੇ ਮੁਸਾਫ਼ਿਰ ਇਸ ਮੀਟਿੰਗ ਵਿਚ ਸ਼ਾਮਿਲ ਹੋਏ ਸਨ। ਉਹ ਉਸ ਦਿਨ ਵਾਪਸ ਅੰਮ੍ਰਿਤਸਰ ਲਈ ਟੁਰ ਪਏ। ਅੰਮ੍ਰਿਤਸਰ ਪਹੁੰਚ ਕੇ ਆਪ ਨੇ ਅਕਾਲੀਆਂ ਵਿਚ ਆਪਣੇ ਭੇਤੀ ਤੇ ਨਜ਼ਦੀਕੀ ਸਾਥੀਆਂ ਦੀ ਇਕ ਮੀਟਿੰਗ ਕੀਤੀ ਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਪਿਛੋਂ ਕਿਸ ਤਰ੍ਹਾਂ ਕੰਮ ਕਰਨਾ ਹੈ, ਸਮਝਾ ਕੇ ਆਪ ਲਾਹੌਰ ਰਵਾਨਾ ਹੋ ਗਏ ਜਿਥੇ ਕਾਂਗਰਸ ਦੇ ਦਫ਼ਤਰ ਬ੍ਰੈਡਲਾ ਹਾਲ ਨੂੰ ਸਰਕਾਰ ਵਲੋਂ ਲਾਏ ਤਾਲੇ ਤੋੜ ਕੇ ਗ੍ਰਿਫ਼ਤਾਰੀ ਦੇਣੀ ਸੀ। ਪਰੰਤੂ ਸਰਕਾਰ ਨੂੰ ਇਸ ਦੀ ਸੂਹ ਪਹਿਲਾਂ ਹੀ ਮਿਲ ਗਈ ਤੇ 12 ਅਗਸਤ ਨੂੰ ਉਨ੍ਹਾਂ ਨੂੰ ਰੇਲਵੇ ਸਟੇਸ਼ਨ ਤੇ ਹੀ ਗ੍ਰਿਫ਼ਤਾਰ ਕਰਕੇ ਨਜ਼ਰਬੰਦ ਕਰ ਦਿੱਤਾ ਗਿਆ।

ਇਸ ਲਹਿਰ ਦਾ ਮੁਕਾਬਲਾ ਕਰਨ ਲਈ ਸਰਕਾਰ ਨੇ ਬਹੁਤ ਤਿਆਰੀ ਕੀਤੀ ਹੋਈ ਸੀ। ਪੰਜਾਬ ਸਰਕਾਰ ਨੇ ਏ. ਬੀ. ਸੀ. ਤਿੰਨ ਲਿਸਟਾਂ ਬਣਾਈਆਂ ਹੋਈਆਂ ਸਨ। ਏ ਲਿਸਟ ਵਾਲਿਆਂ ਨੂੰ ਪਹਿਲਾਂ ਹੀ 'ਡੀਫ਼ੈਂਸ ਐਕਟ' ਥੱਲੇ ਗ੍ਰਿਫ਼ਤਾਰ ਕਰਨਾ ਸੀ। ਸਾਡੇ ਇਹ ਆਗੂ ਤਾਂ ਮੂਹਰਲੇ ਨੰਬਰਾਂ ਤੇ ਸਨ ਤੇ ਲੇਖਕ ਦਾ ਨਾਂ 'ਏ' ਲਿਸਟ ਵਿਚ 55 ਨੰਬਰ ਤੇ ਸੀ। ਸਭ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਸ਼ਾਹਪੁਰ ਜੇਲ੍ਹ ਵਿਚ ਲੈ ਗਏ। ਮੈਂ ਚੂੰਕਿ ਲਾਹੌਰ ਛੱਡ ਕੇ ਵਕਾਲਤ ਸ਼ੁਰੂ ਕਰਨ ਲਈ ਕੈਮਲਪੁਰ ਚਲਾ ਗਿਆ ਸਾਂ। ਇਸ ਲਈ ਪੁਲਿਸ ਲਾਹੌਰ ਦੇ ਪਤੇ ਤੇ ਲਭਦੀ ਰਹੀ ਤੇ ਫਿਰ ਕੈਮਲਪੁਰ ਤੋਂ ਜਾ ਕੇ ਗ੍ਰਿਫ਼ਤਾਰ ਕੀਤਾ। ਸ਼ਾਹਪੁਰ ਜੇਲ੍ਹ ਚੂੰਕਿ ਭਰ ਗਈ ਸੀ, ਇਸ ਲਈ ਮੈਨੂੰ ਨਵੀਂ ਜੇਲ੍ਹ ਸਿਆਲਕੋਟ ਵਿਚ ਬੰਦ ਕੀਤਾ। ਸਿਆਲਕੋਟ ਜੇਲ੍ਹ ਵਿਚ ਮੈਂ ਪਹਿਲਾ ਨਜ਼ਰਬੰਦ ਸਾਂ, ਮੇਰੇ ਪਿਛੋਂ ਦਿੱਲੀ

Digitized by Panjab Digital Library | www.panjabdigilib.org

ਦੇ ਲੀਡਰ ਸ੍ਰੀ ਰਘੂਨੰਦਨ ਸ਼ਰਨ ਆਏ। ਸ਼ਾਹਪੁਰ ਜੇਲ੍ਹ ਟੁੱਟਣ ਤੇ ਬਹੁਤੇ ਆਗੂਆਂ ਨੂੰ ਸਿਆਲਕੋਟ ਭੇਜ ਦਿੱਤਾ ਗਿਆ। ਡਾ. ਗੋਪੀ ਚੰਦ, ਸੱਚਰ, ਕੈਰੋਂ, ਮੁਸਾਫ਼ਿਰ, ਲਾ: ਜਗਤ ਨਰਾਇਣ ਤੇ ਹੋਰ ਕਈ ਉਥੇ ਆ ਗਏ ਪਰ ਫੇਰੂਮਾਨ ਨੂੰ ਮੀਆਂ ਵਾਲੀ ਜੇਲ੍ਹ ਵਿਚ ਘੱਲਿਆ ਗਿਆ। ਕੁਝ ਚਿਰ ਪਿਛੋਂ ਉਹ ਵੀ ਸਿਆਲਕੋਟ ਆ ਗਏ ਤੇ ਫਿਰ 1944 ਤਕ ਅਸੀਂ ਉਥੇ ਰਹੇ।

ਸਾਡੇ ਜੇਲ੍ਹ ਜਾਣ ਪਿਛੋਂ ਮਾ: ਤਾਰਾ ਸਿੰਘ ਤੇ ਕੁਝ ਹੋਰ ਅਕਾਲੀਆਂ ਨੇ ਖ਼ਾਲਸਾ ਡੀਫੈਂਸ ਆਫ਼ ਇੰਡੀਆ ਲੀਗ ਬਣਾ ਲਈ ਸੀ ਤੇ ਸਿੱਖਾਂ ਨੂੰ ਫ਼ੌਜ ਵਿਚ ਭਰਤੀ ਕਰਵਾਉਣ ਦੀ ਲਹਿਰ ਚਲਾਈ ਸੀ। ਇਹ ਕਿਵੇਂ ਹੋਈ, ਇਕ ਲੰਮਾ ਕਿੱਸਾ ਹੈ ਜਿਹੜਾ ਮੇਰੀ ਇਕ ਹੋਰ ਕਿਤਾਬ 'ਸਵੈ ਜੀਵਨੀ' ਵਿਚ ਵਿਸਥਾਰ ਸਹਿਤ ਦਿੱਤਾ ਜਾ ਰਿਹਾ ਹੈ। ਇਥੇ ਤਾਂ ਇਤਨਾ ਹੀ ਕਾਫੀ ਹੈ ਕਿ ਅਸੀਂ ਉਨ੍ਹਾਂ ਦੇ ਇਸ ਕਿਰਦਾਰ ਤੋਂ ਨਾਖੁਸ਼ ਤੇ ਨਾਰਾਜ਼ ਸਾਂ। ਚੁਨਾਂਚਿ ਰਿਹਾਈ ਤੋਂ ਬਾਅਦ ਮਾਸਟਰ ਤਾਰਾ ਸਿੰਘ ਦੀ ਇੱਛਾ ਅਨੁਸਾਰ ਆਪਸ ਵਿਚ ਵਿਚਾਰ ਵਟਾਂਦਰਾ ਕਰਨ ਲਈ ਇਕ ਇਕੱਠ ਕੀਤਾ ਗਿਆ ਜਿਸ ਵਿਚ ਮਾ: ਤਾਰਾ ਸਿੰਘ, ਗਿ: ਕਰਤਾਰ ਸਿੰਘ, ਜ: ਉਧਮ ਸਿੰਘ, ਜ: ਮੋਹਣ ਸਿੰਘ ਜਲਾਲ ਉਸਮਾਂ, ਸ੍ਰ: ਈਸ਼ਰ ਸਿੰਘ ਮਝੈਲ ਤੇ ਸ੍ਰ: ਦਰਸ਼ਨ ਸਿੰਘ ਫੇਰੂਮਾਨ ਸ਼ਾਮਿਲ ਹੋਏ।

ਫੇਰੂਮਾਨ ਚੂੰਕਿ ਤੇਜ਼ ਸੁਭਾ ਦੇ ਮਾਲਕ ਸਨ। ਉਨ੍ਹਾਂ ਨੇ ਝੱਟ ਹੀ ਗੁੱਸੇ ਵਿਚ ਆ ਕੇ ਕਿਹਾ 'ਮਾਸਟਰ ਜੀ ਸਾਡਾ ਜੀਅ ਕਰਦਾ ਹੈ ਕਿ ਤੁਹਾਨੂੰ ਮਾਰ ਦੇਈਏ' ਮਾਸਟਰ ਜੀ ਨੇ ਕਿਹਾ, 'ਕਿਉਂ', ਕਿਸ ਲਈ ਤਾਂ ਫੇਰੂਮਾਨ ਨੇ ਕਿਹਾ :—

'ਜਦ ਸਾਡਾ ਦੇਸ਼ ਆਜ਼ਾਦੀ ਦੇ ਸੰਗਰਾਮ ਵਿਚ ਜੁਟਿਆ ਹੋਵੇ, ਅਸੀਂ, ਤੁਹਾਡੇ ਸਾਥੀ ਜੇਲ੍ਹਾਂ ਵਿਚ ਹੋਈਏ, ਦੇਸ਼ ਭਗਤ ਲਾਹੌਰ ਕਿਲ੍ਹੇ ਵਿਚ ਤਸੀਹੇ ਸਹਾਰਨ, ਉਸ ਮੌਕੇ ਤੁਸੀਂ ਕੁਰਬਾਨੀ ਨਾ ਕਰੋ, ਇਹ ਗੱਲ ਸਾਡੇ ਲਈ ਬੜੀ ਦੁਖਦਾਈ ਹੈ।

ਆਪਣੇ ਆਗੂ ਨੂੰ ਜਿਸ ਦੀ ਇਹ ਸਾਥੀ ਸੌਂਹ ਨਹੀਂ ਸੀ ਖਾਂਦੇ ਇਸ ਤਰ੍ਹਾਂ ਸੰਬੋਧਨ ਕਰਨਾ ਫੇਰੂਮਾਨ ਦੇ ਮਨ ਦੀ ਅਵਸਥਾ ਤੇ ਅਤਿਅੰਤ ਗੁੱਸੇ ਦੇ ਚੜ੍ਹਾ ਨੂੰ ਸਪਸ਼ਟ ਤੌਰ ਤੇ ਜ਼ਾਹਿਰ ਕਰਦਾ ਹੈ।

Digitized by Panjab Digital Library | www.panjabdigilib.org

ਮਾਸਟਰ ਜੀ ਚੁੱਪ ਕਰਕੇ ਸਹਿ ਗਏ ਤੇ ਹੌਲੇ ਜਿਹੇ ਕਿਹਾ :—

'ਮੈਂ ਆਪਣੀ ਗਲਤੀ ਮੰਨਦਾ ਹਾਂ ਕਿ ਆਜ਼ਾਦੀ ਦੀ ਜਦੋ-ਜਹਿਦ ਵਿਚ ਮੈਂ ਤੁਹਾਡਾ ਸਾਥ ਨਹੀਂ ਦੇ ਸਕਿਆ ਪਰ ਕਈ ਗੱਲਾਂ ਵਿਚ ਤੁਹਾਡੇ ਨਾਲ ਮਤ-ਭੇਦ ਰੱਖਦਾ ਸਾਂ। ਮੈਂ ਫੌਜ ਦੀ ਭਰਤੀ ਦੇਣ ਦਾ ਹਾਮੀ ਸਾਂ। ਸਾੜ ਫੂਕ ਦੇ ਵਿਰੁੱਧ ਸਾਂ ਪਰ ਤੁਹਾਡੀ ਦਲੇਰੀ ਤੇ ਕੁਰਬਾਨੀ ਦੀ ਮੈਂ ਪ੍ਰਸ਼ੰਸਾ ਕਰਦਾ ਹਾਂ। ਅੱਗੋਂ ਲਈ ਸਾਨੂੰ ਮਿਲਕੇ ਚਲਣਾ ਚਾਹੀਦਾ ਹੈ।'

ਇਹ ਮੀਟਿੰਗ ਰਾਤ ਨੂੰ ਸ਼ੁਰੂ ਹੋ ਕੇ ਅਗਲੀ ਦੁਪਹਿਰ ਤਕ ਜਾਰੀ ਰਹੀ। ਵਿਚਾਰ ਵਟਾਂਦਰਾ ਹੁੰਦਾ ਰਿਹਾ। ਊਧਮ ਸਿੰਘ ਮਝੈਲ ਤੇ ਜਲਾਲ ਉਸਮਾਂ ਅਕਾਲੀ ਦਲ ਵਿਚ ਕੁਝ ਚਿਰ ਹੋਰ ਇਕੱਠੇ ਕੰਮ ਕਰਦੇ ਰਹੇ ਪਰ ਪ੍ਰਤਾਪ ਸਿੰਘ, ਫੇਰੂਮਾਨ, ਮੁਸਾਫ਼ਿਰ ਤੇ ਦਾਸ ਨਿਰੋਲ ਕਾਂਗਰਸ ਵਿਚ ਹੀ ਰਹੇ। ਇਸ ਤਰ੍ਹਾਂ ਦਾ ਫੈਸਲਾ ਅਸੀਂ ਜੇਲ੍ਹ ਵਿਚੋਂ ਹੀ ਕਰਕੇ ਆਏ ਸਾਂ। ਨਾਰਾਜ਼ਗੀ ਸੀ ਇਸੇ ਗੱਲ ਦੀ ਕਿ ਮਾ: ਤਾਰਾ ਸਿੰਘ ਤੇ ਹੋਰ ਸਾਰੇ ਕਾਂਗਰਸ ਵਿਚ ਹੀ ਸਾਂ ਜਦੋਂ ਸਾਡੇ ਜੇਲ੍ਹ ਜਾਣ ਪਿਛੋਂ ਮਾਸਟਰ ਜੀ ਤੇ ਗਿਆਨੀ ਕਰਤਾਰ ਸਿੰਘ ਜੀ ਵਲੋਂ ਲੀਗ ਬਣਾ ਕੇ ਭਰਤੀ ਦੇਣ ਦਾ ਕੰਮ ਸ਼ੁਰੂ ਕਰ ਲਿਆ ਗਿਆ। ਮਾਸਟਰ ਜੀ ਨੂੰ ਇਸ ਪਾਸੇ ਗਿ: ਕਰਤਾਰ ਸਿੰਘ, ਕਰਤਾਰ ਸਿੰਘ ਦੀਵਾਨਾ ਤੇ ਕਰਨੈਲ ਸੁਜਾਨ ਸਿੰਘ ਜੀ ਨੇ ਕਿਉਂ ਤੇ ਕਿਵੇਂ ਪ੍ਰੇਰਿਆ, ਇਸ ਦੀ ਤਫ਼ਸੀਲ ਜਿਵੇਂ ਮੈਂ ਉਤੇ ਦੱਸਿਆ ਹੈ, ਇਥੇ ਦੇਣ ਦੀ ਲੋੜ ਨਹੀਂ।

ਜਦੋਂ ਫੇਰੂਮਾਨ ਜੀ ਨੇ ਮਰਨ-ਵਰਤ ਰੱਖਿਆ ਤਾਂ ਕੁਝ ਦਿਨਾਂ ਬਾਅਦ ਹੀ ਮੁਸਾਫ਼ਿਰ ਜੀ ਤੇ ਮੈਂ ਉਨ੍ਹਾਂ ਨੂੰ ਮਿਲਣ ਗਏ। ਉਹ ਸਿਵਲ ਹਸਪਤਾਲ ਵਿਚ ਸਨ। ਗੱਲਾਂ-ਬਾਤਾਂ ਦੇ ਦੌਰਾਨ ਮੈਂ ਕਿਹਾ "ਵੀਰ ਐਡਾ ਵੱਡਾ ਤੂੰ ਲੀਡਰ ਜਿਸ ਦੇ ਪਿੱਛੇ ਇਕ ਸ਼ਾਨਦਾਰ ਇਤਿਹਾਸ ਹੈ, ਇਕ ਛੋਟੇ ਜਿਹੇ ਇਸ਼ੂ ਅਥਵਾ ਸਵਾਲ ਤੇ ਜਾਨ ਦੀ ਬਾਜ਼ੀ ਕਿਉਂ ਲਾ ਲਈ" ਮੁਸਾਫਿਰ ਜੀ ਨੇ ਇਹ ਵੀ ਕਿਹਾ ਕਿ ਦਰਸ਼ਨ ਸਿੰਘ ਤੇਰੀ ਜ਼ਿੰਦਗੀ ਤੋਂ ਤਾਂ ਕਈ ਚੰਡੀਗੜ੍ਹ ਕੁਰਬਾਨ ਕੀਤੇ ਜਾ ਸਕਦੇ ਹਨ। ਤਾਂ ਉਸ ਨੇ ਕਿਹਾ ਕਿ ਸਿੱਖ ਮਰਯਾਦਾ ਵਿਚ ਇਹ ਮੰਨੀ ਪ੍ਰਮੰਨੀ ਗੱਲ ਹੈ ਕਿ ਸਿੱਖ ਅਰਦਾਸ ਕਰਕੇ ਪਿੱਛੇ ਨਹੀਂ ਹਟਦਾ। ਕੁਝ ਲੋਕਾਂ ਨੇ ਅਰਦਾਸ ਕਰਕੇ ਆਪਣਾ ਪ੍ਰਣ ਪੂਰਾ ਨਹੀਂ ਕੀਤਾ ਤੇ ਲੋਕੀ ਸ਼ੱਕ ਕਰਨ ਲੱਗ ਗਏ ਹਨ ਕਿ

Digitized by Panjab Digital Library | www.panjabdigilib.org

ਸਿੱਖ ਵੀ ਅਰਦਾਸ ਕਰਕੇ ਪਿੱਠ ਵਿਖਾ ਸਕਦਾ ਹੈ। ਮੈਂ ਇਹ ਧੌਣਾ ਧੌਣ ਲਈ ਅਰਦਾਸ ਕੀਤੀ ਹੈ ਤੇ ਹੁਣ ਪਿੱਛੇ ਨਹੀਂ ਹਟਣਾ। ਇਥੇ ਫੇਰੂਮਾਨ ਦੇ ਮਰਨ-ਵਰਤ ਦੇ ਫ਼ੈਸਲੇ ਦੇ ਕਾਰਨਾਂ ਦਾ ਥੋੜ੍ਹਾ ਜਿਹਾ ਵਿਸਥਾਰ ਦੇਣਾ ਜ਼ਰੂਰੀ ਹੈ।

ਦੇਸ਼ ਆਜ਼ਾਦ ਹੋਣ ਤੋਂ ਪਿਛੋਂ ਸੰਤ ਫਤਹਿ ਸਿੰਘ ਤੇ ਮਾਸਟਰ ਤਾਰਾ ਸਿੰਘ ਜੀ ਨੇ ਵਰਤ ਰੱਖੇ। ਪੰਜਾਬੀ ਸੂਬਾ ਹਾਸਲ ਕਰਨ ਲਈ 1960 ਦੇ ਮੋਰਚੇ ਵਿਚ ਸੰਤ ਫ਼ਤਹਿ ਸਿੰਘ ਨੇ 18 ਦਸੰਬਰ 1960 ਨੂੰ ਅਕਾਲ ਤਖਤ ਸਾਹਿਬ ਦੇ ਸਾਹਮਣੇ ਅਰਦਾਸ ਕਰਕੇ ਮੰਜੀ ਸਾਹਿਬ ਦੇ ਸਥਾਨ ਤੇ ਮਰਨ-ਵਰਤ ਰਖਿਆ ਸੀ। ਵਰਤ ਰੱਖਣ ਤੋਂ ਪਹਿਲਾਂ ਬੜੀ ਜਜ਼ਬਾਤੀ ਤਕਰੀਰ ਕੀਤੀ ਤੇ ਕਿਹਾ ਕਿ ਮੇਰੇ ਸਰੀਰ ਦਾ ਸਸਕਾਰ ਨਹੀਂ ਕਰਨਾ। ਜਲ ਪ੍ਰਵਾਹ ਕਰਨਾ ਤਾਂ ਜੋ ਇਹ ਨਿਮਾਣਾ ਸਰੀਰ ਜੀਵ ਜੰਤੂ ਦੇ ਕੰਮ ਆ ਜਾਵੇ। ਮੇਰੀ ਮੜ੍ਹੀ ਨਹੀਂ ਬਣਾਉਣੀ।

ਇਸ ਵਰਤ ਤੇ ਸੰਤ ਜੀ ਦੀ ਤਕਰੀਰ ਨੇ ਬੜਾ ਅਸਰ ਕੀਤਾ ਸੀ। ਬੜੇ ਸਿੱਖ ਜੇਲ੍ਹਾਂ ਵਿਚ ਗਏ। ਕਈ ਸ਼ਹੀਦ ਵੀ ਹੋਏ ਪਰ ਨਤੀਜਾ ਨਿਰਾਸ਼ਾ ਭਰਪੂਰ ਨਿਕਲਿਆ। 31 ਦਸਬੰਰ, 1960 ਨੂੰ ਪੰਡਤ ਨਹਿਰੂ ਜੀ ਨੇ ਸੰਤ ਫ਼ਤਹਿ ਸਿੰਘ ਦੇ ਨਾਂ ਇਕ ਅਪੀਲ ਕੀਤੀ ਤੇ ਕਿਹਾ 'ਮਰਨ ਵਰਤ ਰੱਖਣ ਤੋਂ ਪਹਿਲਾਂ ਵੀ ਮੈਂ ਤੁਹਾਨੂੰ ਕਿਹਾ ਸੀ ਕਿ ਦਿੱਲੀ ਆ ਕੇ ਮੇਰੇ ਨਾਲ ਗੱਲ ਬਾਤ ਕਰ ਲੈਣੀ। ਮੈਂ ਪੰਜਾਬੀ ਸੂਬੇ ਦਾ ਹਾਮੀ ਨਹੀਂ ਹਾਂ ' ਕੋਈ ਗੱਲ ਐਸੀ ਨਹੀਂ ਹੋਣੀ ਚਾਹੀਦੀ ਜਿਸ ਨਾਲ ਭਾਰਤ ਦੀ ਅਖੰਡਤਾ ਨੂੰ ਨੁਕਸਾਨ ਪੁੱਜੇ। ਹੁਣ ਵੀ ਤੁਹਾਡੇ ਨਾਲ ਗੱਲਬਾਤ ਕਰਨ ਨੂੰ ਤਿਆਰ ਹਾਂ।' ਇਸ ਅਪੀਲ ਤੇ ਵਿਚਾਰ ਕਰਨ ਲਈ ਪਹਿਲੀ ਜਨਵਰੀ 1961 ਨੂੰ ਅਕਾਲੀ ਦਲ ਦੀ ਮੀਟਿੰਗ ਹੋਈ ਜਿਸ ਵਿਚ ਫ਼ੈਸਲਾ ਲਿਆ ਗਿਆ ਕਿ ਪੰਡਤ ਨਹਿਰੂ ਦੇ ਬਿਆਨ ਨਾਲ ਸਾਡੀ ਤਸੱਲੀ ਨਹੀਂ ਹੋਈ। ਇਸ ਫ਼ੈਸਲੇ ਦੇ ਬਾਵਜੂਦ 2 ਜਨਵਰੀ ਨੂੰ ਸੰਤ ਜੀ ਨੇ ਇਹ ਬਿਆਨ ਦਿੱਤਾ ਕਿ, "ਮੈਂ ਪੰਡਤ ਨਹਿਰੂ ਦੀ ਅਪੀਲ ਦਾ ਸੁਆਗਤ ਕਰਦਾ ਹਾਂ। ਉਨ੍ਹਾਂ ਦੇ ਹੱਥ ਨੂੰ ਘੁੱਟ ਕੇ ਫੜਦਾ ਹਾਂ।" ਪੰਡਤ ਜੀ ਨੇ ਸੰਤ ਜੀ ਨੂੰ ਮੁਲਾਕਾਤ ਲਈ ਸੱਦਾ ਪੱਤਰ ਭੇਜ ਦਿੱਤਾ ਤੇ 9 ਜਨਵਰੀ ਨੂੰ ਸੰਤ ਜੀ ਨੇ ਭੁੱਖ ਹੜਤਾਲ ਖੋਲ੍ਹ ਦਿੱਤੀ ਸੀ।

ਦੂਜੀ ਭੁੱਖ ਹੜਤਾਲ ਮਾਸਟਰ ਤਾਰਾ ਸਿੰਘ ਜੀ ਨੇ ਕੀਤੀ। ਉਹ 48

Digitized by Panjab Digital Library | www.panjabdigilib.org

ਦਿਨਾਂ ਬਾਦ ਖੋਲ੍ਹੀ ਗਈ ਸੀ।

ਦੂਜੇ ਤੀਜੇ ਦਿਨ ਸੀ. ਆਈ. ਡੀ. ਵਲੋਂ ਮਾਸਟਰ ਜੀ ਦੀ ਭੁੱਖ-ਹੜਤਾਲ ਦੀ ਪਵਿੱਤਰਤਾ ਵਿਚ ਕੁਝ ਸ਼ੱਕ ਹੋਣ ਦੀ ਰਿਪੋਰਟ ਸਰਕਾਰ ਪਾਸ ਚਲੀ ਗਈ। ਮਾਸਟਰ ਜੀ ਵਲੋਂ ਭੁੱਖ ਹੜਤਾਲ-ਛੱਡਣ ਤੇ ਪੰਥ ਵਿਚ ਚਰਚਾ ਹੋਈ ਤੇ 29 ਨਵੰਬਰ ਨੂੰ ਪੰਜਾਂ ਪਿਆਰਿਆਂ ਨੇ ਮਾਸਟਰ ਜੀ ਨੂੰ ਸਜ਼ਾ ਦੇਣ ਦਾ ਫੈਸਲਾ ਕੀਤਾ। "ਸਾਡੀ ਇਹ ਸਪਸ਼ਟ ਰਾਏ ਹੈ ਕਿ ਮਾਸਟਰ ਤਾਰਾ ਸਿੰਘ ਨੇ ਐਸਾ ਕਰਕੇ ਪੁਰਾਤਨ ਸਿੱਖ ਸੂਰਬੀਰਾਂ ਅਕਾਲੀ ਫੂਲਾ ਸਿੰਘ, ਬਾਬਾ ਦੀਪ ਸਿੰਘ ਤੇ ਸ: ਸ਼ਾਮ ਸਿੰਘ ਅਟਾਰੀ ਦੀਆ ਰਵਾਇਤਾਂ ਨੂੰ ਭਾਰੀ ਸੱਟ ਮਾਰੀ ਹੈ।"

ਮਾਸਟਰ ਜੀ ਨੇ ਅਕਾਲ ਤਖਤ ਤੇ ਪੇਸ਼ ਹੋ ਕੇ ਆਪਣੀ ਭੁੱਲ ਮੰਨੀ ਤੇ ਦਿੱਤੇ ਹੋਏ ਦੰਡ ਤੇ ਅਮਲ ਕੀਤਾ।

1965 ਵਿਚ ਸੰਤ ਫਤਹਿ ਸਿੰਘ ਨੇ ਮੁੜ ਅਕਾਲ ਤਖਤ ਤੇ ਅਗਨ-ਕੁੰਡ ਬਣਵਾ ਕੇ ਪੰਜਾਬੀ ਸੂਬੇ ਲਈ ਸੜ ਮਰਨ ਦਾ ਪ੍ਰਣ ਕੀਤਾ। ਇਸ ਦੌਰਾਨ ਭਾਰਤ ਤੇ ਪਾਕਿਸਤਾਨ ਵਿਚਕਾਰ ਜੰਗ ਸ਼ੁਰੂ ਹੋ ਗਈ। ਇਸ ਕਰਕੇ ਸੰਤ ਜੀ ਪਿਛੇ ਹੱਟ ਗਏ। ਪੰਜਾਬੀ ਸੂਬੇ ਦਾ ਐਲਾਨ ਕਰਨ ਤੋਂ ਪਹਿਲਾਂ ਪਾਰਲੀਮੈਂਟਰੀ ਕਮੇਟੀ ਬਣੀ। ਸ਼ਾਹ ਕਮਿਸ਼ਨ ਬੈਠਾ ਆਦਿ, ਜੋ ਕੁਝ ਹੋਇਆ, ਉਸ ਦਾ ਸਿੱਧਾ ਸੰਬੰਧ ਇਸ ਮਜ਼ਮੂਨ ਨਾਲ ਜਾਂ ਫੇਰੂਮਾਨ ਸਾਹਿਬ ਦੀ ਅੰਦਰਲੀ ਮਾਨਸਿਕ ਖਿਚੋਤਾਣ ਤੇ ਤਣਾਉ ਦਾ ਕਾਰਨ ਨਾ ਹੋਣ ਕਰਕੇ ਮੈਂ ਉਸਦੀ ਤਫ਼ਸੀਲ ਵਿਚ ਜਾਣਾ ਜ਼ਰੂਰੀ ਨਹੀਂ ਸਮਝਦਾ। ਕੇਵਲ ਇਤਨਾ ਦਸ ਦੇਣਾ ਚਾਹੁੰਦਾ ਹਾਂ ਕਿ ਸ਼ਾਹ ਕਮਿਸ਼ਨ ਦੀ ਸਿਫ਼ਾਰਸ ਅਨੁਸਾਰ ਚੰਡੀਗੜ੍ਹ ਤੇ ਖਰੜ ਤਹਿਸੀਲ ਦਾ ਇਲਾਕਾ ਹਰਿਆਣੇ ਨੂੰ ਦੇ ਦਿੱਤਾ ਗਿਆ। ਇਹ ਚੂੰਕਿ ਬਿਲਕੁਲ ਨਾ-ਵਾਜਬ ਸੀ ਇਸ ਲਈ ਪੰਜਾਬੀਆਂ ਵਲੋਂ ਰੋਸ ਪ੍ਰਗਟ ਕੀਤਾ ਗਿਆ ਤੇ ਪੰਜਾਬ ਅਸੈਂਬਲੀ ਦੀ ਕਾਂਗਰਸ ਪਾਰਟੀ ਨੇ ਇਕ ਪ੍ਰਸਤੁਤੀਕਰਣ ਕੇਂਦਰੀ ਵਜ਼ਾਰਤ ਨੂੰ ਪੇਸ਼ ਕੀਤਾ ਜਿਸ ਵਿਚ ਪਾਰਟੀ ਇਸ ਹੱਦ ਤਕ ਚਲੀ ਗਈ ਕਿ ਜੇ ਚੰਡੀਗੜ੍ਹ ਦਾ ਫੈਸਲਾ ਸ਼ਾਹ ਕਮਿਸ਼ਨ ਦੀ ਸਿਫ਼ਾਰਸ਼ ਮੁਤਾਬਿਕ ਹੀ ਹੋਇਆ ਤਾਂ ਸਾਡੇ ਸਾਰਿਆਂ ਵਲੋਂ ਇਸ ਪੱਤਰ ਨੂੰ ਅਸਤੀਫ਼ਾ ਸਮਝਿਆ ਜਾਵੇ। ਉਸੇ ਸ਼ਾਮ ਕੇਂਦਰੀ ਵਜ਼ੀਰ ਮੰਡਲੀ ਨੇ ਚੰਡੀਗੜ੍ਹ

Digitized by Panjab Digital Library | www.panjabdigilib.org

ਨੂੰ ਆਰਜ਼ੀ ਤੌਰ ਤੇ ਯੂਨੀਅਨ ਟੈਰੇਟਰੀ ਅਥਵਾ ਕੇਂਦਰ ਅਧੀਨ ਕਰ ਦਿੱਤਾ।

ਪੰਜਾਬ ਤੇ ਹਰਿਆਣਾ ਅੱਡ-ਅੱਡ ਸੂਬੇ ਬਣ ਗਏ। ਪਹਿਲੀ ਨਵੰਬਰ ਨੂੰ ਨਵੇਂ ਪੰਜਾਬ ਦੇ ਮੁੱਖ ਮੰਤਰੀ ਗਿ: ਗੁਰਮੁਖ ਸਿੰਘ ਮੁਸਾਫ਼ਿਰ ਨੇ ਨਵੀਂ ਵਜ਼ਾਰਤ ਬਣਾਈ।

ਦਸੰਬਰ ਵਿਚ ਸੰਤ ਫਤਹਿ ਸਿੰਘ ਨੇ ਆਪਣੇ ਕੁਝ ਸਾਥੀਆਂ ਸਮੇਤ ਫਿਰ ਐਲਾਨ ਕੀਤਾ ਕਿ ਜੇ ਚੰਡੀਗੜ੍ਹ, ਭਾਖੜਾ, ਨੰਗਲ ਅਤੇ ਹਰਿਆਣਾ ਦੇ ਕੁਝ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਿਲ ਨਾ ਕੀਤੇ ਗਏ ਤਾਂ ਉਹ 26 ਦਸੰਬਰ 1965 ਨੂੰ ਸੜ ਕੇ ਮਰ ਜਾਣਗੇ। ਅਕਾਲ ਤਖ਼ਤ 'ਤੇ ਅਗਨ-ਕੁੰਡ ਬਣ ਗਏ। ਪ੍ਰਾਂਤ ਦਾ ਵਾਤਾਵਰਣ ਸੋਗੀ ਬਣ ਗਿਆ ਤੇ ਇਕ ਵਾਰੀ ਇੰਜ ਮਹਿਸੂਸ ਹੋਣ ਲੱਗਾ ਜਿਵੇਂ ਪੰਜਾਬ ਵਿਚ ਐਸੀ ਅੱਗ ਭੜਕੇਗੀ ਜੋ ਸਾਰੇ ਪੰਜਾਬ ਨੂੰ ਸਾੜ ਭੁੰਨ ਕੇ ਰੱਖ ਦੇਵੇਗੀ। ਵਿਸਥਾਰ ਪੂਰਵਕ ਕਹਾਣੀ ਦੇਣ ਦੀ ਲੋੜ ਨਾ ਮਹਿਸੂਸ ਕਰਦਾ ਹੋਇਆ ਮੈਂ ਇਤਨਾ ਹੀ ਅਰਜ਼ ਕਰ ਦੇਂਦਾ ਹਾਂ ਕਿ ਮੁਸਾਫ਼ਿਰ ਸਾਹਿਬ ਨੇ ਬੜੀ ਸਿਆਣਪ ਨਾਲ ਕੇਂਦਰੀ ਵਜ਼ਾਰਤ ਤੇ ਪ੍ਰਧਾਨ ਮੰਤਰੀ ਨਾਲ ਗਲਬਾਤ ਕੀਤੀ। ਸੰਤ ਜੀ ਦੇ ਖਾਸ ਸਾਥੀ ਸ. ਲਛਮਣ ਸਿੰਘ ਗਿੱਲ ਨਾਲ ਗਲ ਹੋਈ ਉਸਨੇ ਮੁਸਾਫ਼ਿਰ ਜੀ ਨੂੰ ਕਿਹਾ ਕਿ ਸੰਤ ਜੀ ਸਾਰਾ ਮੁਆਮਲਾ ਇੰਦਰਾ ਜੀ ਦੀ ਸਾਲਸੀ 'ਤੇ ਛੱਡ ਕੇ ਵਰਤ ਤੋੜ ਸਕਦੇ ਹਨ। ਗਿੱਲ ਸਾਹਿਬ ਨਾਲ ਉਤਮ ਸਿੰਘ ਦੁੱਗਲ ਤੇ ਸ. ਨਰਿੰਦਰ ਸਿੰਘ ਬਰਾੜ ਵੀ ਸਨ। ਮੁਸਾਫ਼ਿਰ ਸਾਹਿਬ ਨੇ ਸੋਚਿਆ ਕਿ ਇਸ ਤੋਂ ਚੰਗੀ ਗੱਲ ਕੀ ਹੋ ਸਕਦੀ ਹੈ ਕਿ ਮੇਰੇ ਹੀ ਆਗੂ ਨੂੰ ਸਾਲਸ ਮੰਨ ਲਿਆ ਜਾਵੇ। ਮੁਕਦੀ ਗਲ ਸ. ਲਛਮਣ ਸਿੰਘ ਗਿੱਲ, ਸ. ਉਤਮ ਸਿੰਘ ਦੁੱਗਲ ਤੇ ਸ. ਨਰਿੰਦਰ ਸਿੰਘ ਬਰਾੜ ਦੇ ਜ਼ੋਰ ਦੇਣ ਤੇ ਮੁਸਾਫ਼ਿਰ ਜੀ ਪ੍ਰਧਾਨ ਮੰਤਰੀ ਪਾਸ ਗਏ। ਪਹਿਲਾਂ ਮੁਸਾਫ਼ਿਰ ਜੀ ਇਕੱਲੇ ਮਿਲੇ। ਗੱਲ ਕੀਤੀ ਤਾਂ ਇੰਦਰਾ ਜੀ ਨੇ ਪੁੱਛਿਆ ਕਿ ਕੀ ਇਹ ਸੱਜਣ ਗੱਲ ਸੰਤ ਫ਼ਤਹਿ ਸਿੰਘ ਨੂੰ ਪੁੱਛ ਕੇ ਕਰ ਰਹੇ ਹਨ? ਮੁਸਾਫ਼ਿਰ ਜੀ ਨੇ ਫਿਰ ਉਨ੍ਹਾਂ ਨੂੰ ਪੁੱਛਿਆ ਤਾਂ ਉਨ੍ਹਾਂ ਜ਼ੋਰ ਨਾਲ ਕਿਹਾ ਕਿ ਅਸੀਂ ਪੁੱਛ ਕੇ ਆਏ ਹਾਂ। ਮੁਕਦੀ ਗੱਲ ਵਜ਼ਾਰਤ ਦੀ ਮੀਟਿੰਗ ਸੱਦੀ ਗਈ। ਮੁਸਾਫ਼ਿਰ ਜੀ ਤੇ ਹਰਿਆਣਾ ਦੇ ਮੁੱਖ ਮੰਤਰੀ ਪੰ: ਭਗਵਤ ਦਿਆਲ ਸ਼ਰਮਾ ਵੀ ਸ਼ਾਮਿਲ ਹੋਏ ਤੇ ਪ੍ਰਧਾਨ ਮੰਤਰੀ ਦੇ ਸਾਲਸ ਨੀਯਤ ਹੋ ਜਾਣ ਦਾ ਫੈਸਲਾ ਹੋ ਗਿਆ।

Digitized by Panjab Digital Library | www.panjabdigilib.org

ਉਪਰੰਤ ਸ. ਹੁਕਮ ਸਿੰਘ ਜੀ ਨੂੰ ਤਿਆਰ ਕੀਤਾ ਗਿਆ ਕਿ ਉਹ ਜਾ ਕੇ ਸੰਤ ਜੀ ਨੂੰ ਫੈਸਲਾ ਸੁਣਾ ਕੇ ਵਰਤ ਛੁਡਾ ਦੇਣ। ਸ. ਹੁਕਮ ਸਿੰਘ ਹਵਾਈ ਜਹਾਜ਼ ਵਿਚ ਅੰਮ੍ਰਿਤਸਰ ਪੁੱਜੇ। ਉਸੇ ਜਹਾਜ਼ ਵਿਚ ਗਿੱਲ, ਦੁੱਗਲ, ਬਰਾੜ ਸਾਹਿਬ ਅਤੇ ਲੇਖਕ ਵੀ ਸਨ।

ਅਕਾਲ ਤਖਤ ਸਾਹਿਬ ਜਾ ਕੇ ਸ. ਹੁਕਮ ਸਿੰਘ ਨੇ ਸਰਕਾਰ ਦੇ ਫੈਸਲੇ ਅਨੁਸਾਰ ਜੋ ਕਹਿਣਾ ਸੀ ਕਿਹਾ ਤੇ ਸੰਤ ਜੀ ਨੇ ਮਰਨ ਵਰਤ ਖੋਲ੍ਹ ਦਿੱਤਾ। ਵਰਤ ਛੱਡਣ ਤੋਂ ਪਹਿਲਾਂ ਇਕ ਗੱਲ ਹੋਰ ਅੜਾ ਦਿੱਤੀ ਗਈ ਕਿ ਇਕ ਕਮੇਟੀ ਬਣਾਉਣ ਦਾ ਵੀ ਐਲਾਨ ਹੋਣਾ ਚਾਹੀਦਾ ਹੈ ਜੋ ਇਧਰ ਉਧਰ ਦੇ ਪੰਜਾਬੀ ਤੇ ਹਿੰਦੀ ਬੋਲਦੇ ਇਲਾਕਿਆਂ ਦਾ ਨਿਰਣਾ ਕਰੇ। ਮੁਸਾਫ਼ਿਰ ਜੀ ਦੇ ਫੋਨ ਕਰਨ ਤੇ ਗ੍ਰਿਹ ਮੰਤਰੀ ਨਾ ਮੰਨਿਆ। ਕਿਉਂਕਿ ਪਹਿਲਾ ਫੈਸਲਾ ਕੈਬਨਿਟ ਦਾ ਸੀ। ਅੜਿਕਾ ਦੂਰ ਕਰਨ ਲਈ ਮਸਾਫ਼ਿਰ ਜੀ ਨੇ ਬਤੌਰ ਮੁੱਖ ਮੰਤਰੀ ਕਹਿ ਦਿੱਤਾ ਕਿ ਕਮੇਟੀ ਵੀ ਬਣਾ ਦਿਆਂਗੇ। ਐਲਾਨ ਹੋ ਗਿਆ ਇਸ ਹਾਦਸੇ ਨੂੰ ਟਾਲਣ ਲਈ ਮੁਸਾਫ਼ਿਰ ਦੀ ਦਲੇਰੀ ਹੀ ਸੀ।

ਸੋ ਸੰਤ ਜੀ ਦੇ ਤੀਜੀ ਵਾਰ ਫਿਰ ਮੋਰਚਾ ਛੱਡਣ ਤੇ ਲੋਕ ਔਖੇ ਹੋਏ ਤੇ ਸੰਤ ਬੌਖਲਾਏ ਹੋਏ ਬਿਆਨ ਦੇ ਕੇ ਆਪਣੀ ਪੋਜ਼ੀਸ਼ਨ ਹੋਰ ਖਰਾਬ ਕਰਦੇ ਰਹੇ। ਜਿਸ ਵੇਲੇ ਸੰਤਾਂ ਨੇ ਵਰਤ ਖੋਲ੍ਹਿਆ ਤਾਂ ਫੇਰੂਮਾਨ ਸਾਹਿਬ ਉਥੇ ਮੌਜੂਦ ਸਨ। ਆਪਦੇ ਦਿਲ ਤੇ ਚੋਟ ਵੱਜੀ। ਪਰ ਮੁਸਾਫ਼ਿਰ ਦੇ ਮਿੱਤਰ ਹੋਣ ਕਾਰਨ ਆਪ ਫ਼ੌਰਨ ਸਰਕਟ ਹਾਊਸ ਪੁੱਜੇ। ਜਫੀ ਪਾ ਕੇ ਉਨ੍ਹਾਂ ਨੂੰ ਵਧਾਈ ਦਿੱਤੀ ਕਿ ਤੇਰੀ ਜਿੱਤ ਹੋ ਗਈ ਹੈ। ਗਿ: ਜ਼ੈਲ ਸਿੰਘ ਜੀ ਤੇ ਮੈਂ ਉਸ ਵੇਲੇ ਉਥੇ ਹੀ ਮੌਜੂਦ ਸਾਂ।

ਫੇਰੂਮਾਨ ਵਧਾਈ ਦੇ ਕੇ ਚਲਾ ਗਿਆ ਪਰ ਮਨ ਵਿਚ ਕੋਈ ਦ੍ਰਿੜ ਫੈਸਲਾ ਲੈ ਕੇ ਗਿਆ। ਹੌਲੀ ਹੌਲੀ ਉਸਦਾ ਮਨ ਬਣਦਾ ਰਿਹਾ ਤੇ ਕਿਤੇ ਕਿਤੇ ਦੋਸਤਾਂ ਮਿੱਤਰਾਂ ਵਿਚ ਇਸ ਦੁੱਖ ਨੂੰ ਪ੍ਰਗਟ ਵੀ ਕਰਦਾ ਰਿਹਾ ਕਿ ਅਰਦਾਸ ਭੰਗ ਕਰਨ ਵਾਲਿਆਂ ਨੇ ਸਿੱਖ ਰਵਾਇਤਾਂ ਦੀ ਹਾਨੀ ਕੀਤੀ ਹੈ।

ਅਖੀਰ 6 ਜੁਲਾਈ 1969 ਨੂੰ ਜਲੰਧਰ ਵਿਖੇ ਹੋਈ ਇਕ ਮੀਟਿੰਗ ਵਿਚ ਫੇਰੂਮਾਨ ਨੇ ਮਰਨ-ਵਰਤ ਦਾ ਇਰਾਦਾ ਪ੍ਰਗਟ ਕੀਤਾ। ਸੰਤ ਫਤਹਿ ਸਿੰਘ ਨੂੰ ਇਕ ਨੋਟਿਸ ਦਿੱਤਾ ਕਿ "ਸ੍ਰੀ ਮਾਨ ਸੰਤ ਜੀ ਤੁਸੀਂ ਪੰਦਰਾਂ ਦਿਨਾਂ ਦੇ ਅੰਦਰ

Digitized by Panjab Digital Library | www.panjabdigilib.org

ਅੰਦਰ ਸੰਘਰਸ਼ ਸੰਮਤੀ ਕਾਇਮ ਕਰਕੇ ਇਕ ਮਹੀਨੇ ਦੇ ਅੰਦਰ ਅੰਦਰ ਚੰਡੀਗੜ੍ਹ, ਭਾਖੜਾ ਅਤੇ ਹਰਿਆਣੇ ਦੇ ਪੰਜਾਬੀ ਬੋਲਦੇ ਇਲਾਕੇ ਪ੍ਰਾਪਤ ਕਰਨ ਲਈ ਜ਼ੋਰਦਾਰ ਮੁਹਿੰਮ ਚਲਾਉ ਨਹੀਂ ਤੇ ਮੈਂ ਆਪ ਮੈਦਾਨ ਵਿਚ ਆਵਾਂਗਾ। ਮੈਂ ਤੁਹਾਨੂੰ ਇਹ ਅਲਟੀਮੇਟਮ (ਅੰਤਮ ਚਿਤਾਵਨੀ) ਇਸ ਲਈ ਦੇ ਰਿਹਾ ਹਾਂ ਕਿ ਤੁਹਾਡੇ ਹੁੰਦਿਆਂ ਇਹ ਅੰਦੋਲਨ ਕਿਸੇ ਹੋਰ ਨੂੰ ਚਲਾਉਣ ਦਾ ਹੱਕ ਨਹੀਂ ਹੈ। ਉਸ ਹਾਲਤ ਵਿਚ ਜਦ ਕਿ ਤੁਸੀਂ ਖੁਦ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਭੁੱਖ ਹੜਤਾਲ ਕਰਕੇ ਬਲੀਦਾਨ ਦੇਣ ਦਾ ਪ੍ਰਣ ਕਰ ਚੁੱਕੇ ਹੋ।"

ਉਸ ਵੇਲੇ ਪੰਜਾਬ ਵਿਚ ਅਕਾਲੀਆਂ ਦੀ ਸਰਕਾਰ ਸੀ। ਸੰਤ ਜੀ ਨੇ ਇਸ ਨੋਟਿਸ ਦਾ ਕੋਈ ਉੱਤਰ ਨਾ ਦਿੱਤਾ। ਫੇਰੂਮਾਨ ਨੇ ਪਹਿਲੀ ਅਗਸਤ 1969 ਨੂੰ ਰਈਆ ਵਿਚ ਇਲਾਕਾ ਕਾਨਫਰੰਸ ਕਰਕੇ ਮਰਨ ਵਰਤ ਰੱਖਣ ਦੇ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ ਤੇ ਇਕ ਇਸ਼ਤਿਹਾਰ ਕਢਿਆ ਜਿਸ ਦਾ ਸਿਰਲੇਖ ਸੀ:

## "ਧਰਮ ਸਿਰ ਦਿਤਿਆਂ ਬਾਝ ਨਹੀਂ ਰਹਿਣਾ"

ਇਸ਼ਤਿਹਾਰ ਦੇ ਸ਼ਬਦ ਇਹ ਸਨ:—

"ਮੈਂ ਪੰਥ ਦਾ ਤੁੱਛ ਸੇਵਕ ਦਰਸ਼ਨ ਸਿੰਘ ਫੇਰੂਮਾਨ 85 ਵਰ੍ਹੇ ਦੀ ਆਯੂ ਭੋਗ ਚੁੱਕਾ ਹਾਂ ਪਿਛਲੀ ਅੱਧੀ ਸਦੀ ਵਿਚ ਜਿਵੇਂ ਜਿਵੇਂ ਪ੍ਰੇਰਨਾ ਗੁਰੂ ਨੇ ਦਿਤੀ, ਯਥਾ ਸ਼ਕਤੀ ਮੈਂ ਪੰਥ ਤੇ ਦੇਸ਼ ਦੀ ਸੇਵਾ ਵਿਚ ਜੁੱਟਿਆ ਰਿਹਾ। ਇਹ ਮੇਰੀ ਤੁੱਛ ਸੇਵਾ ਪ੍ਰਵਾਨ ਕਰੋ ਇਉਂ ਬਾਰੰਬਾਰ ਅਰਦਾਸ ਹੈ।

ਦੇਸ਼ ਨੂੰ ਆਜ਼ਾਦ ਤੇ ਪੰਥ ਨੂੰ ਚੜ੍ਹਦੀ ਕਲਾ ਵਿਚ ਵੇਖਣ ਦੇ ਸੁਪਨੇ ਹੀ ਮੇਰੇ ਔਕੜਾਂ ਭਰੇ ਜੀਵਨ ਦਾ ਸਹਾਰਾ ਬਣ ਰਹੇ ਹਨ। ਹੁਣ ਜਦੋਂ ਕਿ ਮੈਂ ਆਪਣੀ ਜੀਵਨ ਯਾਤਰਾ ਦੀ ਅੰਤਿਮ ਮੰਜ਼ਲ ਤੇ ਖੜਾ ਹਾਂ, ਤਾਂ ਦੇਸ਼ ਫ਼ਰੰਗੀਆਂ ਤੋਂ ਆਜ਼ਾਦ ਹੋ ਚੁੱਕਾ ਹੈ ਪਰ ਪੰਜਾਬ ਟੋਟੇ ਟੋਟੇ ਹੋ ਗਿਆ ਹੈ। ਗੁਰਦਵਾਰਿਆਂ ਵਿਚ ਭ੍ਰਿਸ਼ਟਾਚਾਰ, ਕੁਰੀਤੀਆਂ ਅਤੇ ਸੰਤਾਂ ਮਹੰਤਾਂ ਨੇ ਮੁੜ ਪੱਕੇ ਪੈਰ ਜਮਾ ਲਏ ਹਨ। ਸਿੱਖ ਰਾਜਨੀਤੀ ਦੀ ਵਾਗਡੋਰ ਅਨਪੜ੍ਹ, ਮੂਰਖ ਅਤੇ ਪੰਥ ਦੋਖੀਆਂ ਦੇ ਹੱਥ ਵਿਚ ਆ **ਚੁੱਕੀ ਹੈ।**...........

Digitized by Panjab Digital Library | www.panjabdigilib.org

………………ਮੇਰੇ ਕੋਲੋਂ ਇਹ ਸਹਿਣਾ ਕਠਿਨ ਹੈ।"

ਜਿਸ ਤਰ੍ਹਾਂ ਉਤੇ ਵੀ ਇਸ਼ਾਰੇ ਮਾਤਰ ਜ਼ਿਕਰ ਆਇਆ ਹੈ। ਦਰਸ਼ਨ ਸਿੰਘ ਜੇਡੇ ਵੱਡੇ ਆਗੂ ਲਈ ਛੋਟੇ ਜਿਹੇ ਮਕਸਦ 'ਤੇ ਜਾਨ ਦੀ ਬਾਜ਼ੀ ਲਾਉਣੀ ਮੇਰੇ ਖਿਆਲ ਅਨੁਸਾਰ ਠੀਕ ਨਹੀਂ ਸੀ। ਵਧੇਰੇ ਖੋਜ ਤੋਂ ਬਾਦ ਤੇ ਦਰਸ਼ਨ ਸਿੰਘ ਦਾ ਕੱਢਿਆ ਇਸ਼ਤਿਹਾਰ ਪੜ੍ਹ ਕੇ ਮੈਂ ਉਸ ਦੇ ਮਨ ਦੀ ਅਵਸਥਾ ਦਾ ਅੰਦਾਜ਼ਾ ਲਾ ਸਕਦਾ ਹਾਂ। ਉਸ ਦਾ ਨਿਸ਼ਾਨਾ ਵੱਡਾ ਸੀ। ਜਿਸਦਾ ਸੰਬੰਧ ਕੇਵਲ ਚੰਡੀਗੜ੍ਹ ਨਾਲ ਨਹੀਂ ਬਲਕਿ ਸਿੱਖ ਇਤਿਹਾਸ ਅਤੇ ਪਰੰਪਰਾ ਨਾਲ ਸੀ। ਜਿਸਦਾ ਉਸ ਦੇ ਮਨ ਤੇ ਗਹਿਰਾ ਅਸਰ ਸੀ। ਚੰਡੀਗੜ੍ਹ ਤਾਂ ਇਕ ਬਹਾਨਾ ਹੀ ਸੀ ਜੋ ਭੰਗ ਹੋਈਆਂ ਅਰਦਾਸਾਂ ਤੇ ਟੁੱਟੇ ਹੋਏ ਪ੍ਰਣਾਂ ਨਾਲ ਸੰਬੰਧਤ ਹੋਣ ਕਰਕੇ ਰੱਖਣਾ ਪਿਆ।

8 ਅਗਸਤ 1969 ਨੂੰ ਫੇਰੂਮਾਨ ਜੀ ਨੇ ਸੰਤ ਫਤਿਹ ਸਿੰਘ ਨੂੰ ਹੇਠ ਲਿਖੀ ਖੁੱਲ੍ਹੀ ਚਿੱਠੀ ਲਿਖੀ।

ਸ੍ਰੀ ਮਾਨ ਸੰਤ ਫਤਿਹ ਸਿੰਘ ਜੀ

ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ, ਅੰਮ੍ਰਿਤਸਰ

ਆਪ ਨੂੰ ਪਤਾ ਹੈ ਕਿ ਮੈਂ ਪਿਛਲੇ ਮਹੀਨੇ 6 ਜੁਲਾਈ ਨੂੰ ਪ੍ਰੈਸ ਦੇ ਇਕ ਬਿਆਨ ਰਾਹੀਂ ਆਪ ਦੀ ਸੇਵਾ ਵਿਚ ਇਕ ਬੇਨਤੀ ਕੀਤੀ ਸੀ ਕਿ ਆਪ ਇਕ ਮਹੀਨੇ ਦੇ ਅੰਦਰ ਅੰਦਰ ਚੰਡੀਗੜ੍ਹ, ਭਾਖੜੇ ਤੇ ਹਰਿਆਣੇ ਦੇ ਪੰਜਾਬੀ ਬੋਲਦੇ ਪਿੰਡਾਂ ਦੀ ਪ੍ਰਾਪਤੀ ਲਈ ਪੰਥ ਨੂੰ ਆਪਣਾ ਨਿਸ਼ਚਿਤ ਪ੍ਰੋਗਰਾਮ ਦਿਓ। ਕਿਉਂਕਿ ਆਪ ਨੇ ਦਸੰਬਰ 1966 ਵਿਚ ਚੰਡੀਗੜ੍ਹ ਤੇ ਭਾਖੜੇ ਬਾਰੇ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਸੜ ਮਰਨ ਦੇ ਕੀਤੇ ਹੋਏ ਪ੍ਰਣ ਨੂੰ ਅਧੂਰਾ ਛੱਡ ਦਿੱਤਾ ਸੀ। ਮੈਂ ਇਹ ਵੀ ਲਿਖਿਆ ਸੀ ਕਿ ਜੇ ਆਪ ਕੋਈ ਪ੍ਰੋਗਰਾਮ ਨਹੀਂ ਦਿਉਗੇ ਤਦ ਇਸ ਮੰਤਵ ਲਈ ਮੈਂ ਕੁਰਬਾਨੀ ਦੇਵਾਂਗਾ।

ਆਪ ਨੇ ਪੰਥ ਨੂੰ ਕੋਈ ਸਹੀ ਪ੍ਰੋਗਰਾਮ ਦੇਣ ਦੀ ਬਜਾਏ ਪਿਛਲੇ ਮਹੀਨੇ

Digitized by Panjab Digital Library | www.panjabdigilib.org

18 ਤਰੀਕ ਨੂੰ ਸ਼੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਤੇ ਸ੍ਰੀ ਚਵਾਨ ਨਾਲ ਮੁਲਾਕਾਤ ਕੀਤੀ।

ਸਟੇਨੋ ਕੋਲ ਬਿਠਾ ਕੇ ਮੁਲਾਕਾਤ ਕਰਨੀ ਬਿਨਾਂ ਕਿਸੇ ਨਤੀਜੇ ਦੇ ਵਾਪਸ ਆ ਜਾਣਾ, ਆਪ ਦੀ ਇਸ ਨੀਤੀ ਕਾਰਨ ਪੰਥ ਨੂੰ ਖ਼ਾਸੀ ਨਿਰਾਸ਼ਤਾ ਹੋਈ ਹੈ।

ਮੇਰੀ ਰਾਏ ਹੈ ਕਿ ਆਪ ਨੇ ਚੰਡੀਗੜ੍ਹ ਤੇ ਭਾਖੜੇ ਬਾਰੇ ਸੰਤ ਚੰਨਣ ਸਿੰਘ, ਸ. ਜੀਵਨ ਸਿੰਘ ਉਮਰਾਨੰਗਲ ਆਦਿ ਕੁਝ ਸਾਥੀਆਂ ਸਮੇਤ 17 ਦਸੰਬਰ 1969 ਨੂੰ ਅਕਾਲ ਤਖ਼ਤ ਦੇ ਸਾਹਮਣੇ ਪ੍ਰਣ ਕਰਕੇ ਉਸ ਨੂੰ ਭੰਗ ਕੀਤਾ ਹੈ। ਜਿਸ ਨਾਲ ਤਖ਼ਤ ਸਾਹਿਬ ਦੀ ਘੋਰ ਬੇਅਦਬੀ ਤੇ ਸਿੱਖ ਪੰਥ ਦੇ ਵਕਾਰ ਨੂੰ ਭਾਰੀ ਸੱਟ ਵੱਜੀ।

ਪਰ ਜਦ 27 ਦਸੰਬਰ 1966 ਨੂੰ ਸ. ਹੁਕਮ ਸਿੰਘ ਨੂੰ ਵਿਚ ਪਾ ਕੇ ਥੱਲੇ ਉਤਰੇ ਉਸ ਵਕਤ ਆਪ ਨੇ ਪ੍ਰਧਾਨ ਮੰਤਰੀ ਨੂੰ ਸਾਲਸ ਮੰਨਣ ਦਾ ਐਲਾਨ ਕੀਤਾ। ਦੱਸੋ ਜਿਸਨੂੰ ਕਿਸੇ ਕੇਸ ਵਿਚ ਫ਼ਰੀਕ ਬਣਾਇਆ ਜਾਵੇ ਉਸਨੂੰ ਸਾਲਸ ਕੌਣ ਮੰਨਦਾ ਹੈ ? ਜੇ ਸ਼੍ਰੀਮਤੀ ਇੰਦਰਾ ਗਾਂਧੀ ਸ਼ਾਹ ਕਮਿਸ਼ਨ ਵਾਂਗੂੰ ਚੰਡੀਗੜ੍ਹ ਬਾਰੇ ਹਰਿਆਣੇ ਦੇ ਹੱਕ ਵਿਚ ਫੈਸਲਾ ਦੇਣ ਤਾਂ ਆਪ ਕੀ ਕਰੋਗੇ ?

ਸੰਤ ਜੀ ਆਪ ਨੇ ਅਕਾਲ ਤਖ਼ਤ ਦੇ ਸਾਹਮਣੇ ਕੀਤੇ ਹੋਏ ਪ੍ਰਣ ਨੂੰ ਦੋ ਵਾਰ ਤੋੜਿਆ ਹੈ। ਕਿਸੇ ਗੁਰੂ ਤੇ ਸ਼ਹੀਦ ਦੇ ਅਕਾਲ ਤਖ਼ਤ ਉਤੇ ਕੁੰਡ ਨਾ ਬਣਨ, ਜੋ ਪ੍ਰਣ ਕਰਕੇ ਖਿਸਕ ਜਾਣ, ਉਨ੍ਹਾਂ ਦੇ ਝੂਠੇ ਕੁੰਡ ਕਾਇਮ ਰੱਖਣੇ ਅਕਾਲ ਤਖ਼ਤ ਦੀ ਘੋਰ ਬੇਅਦਬੀ ਹੈ। ਪ੍ਰਧਾਨ ਮੰਤਰੀ ਦੀ ਚਿਠੀ ਬਾਰੇ ਦੋ ਵਾਰ ਝੂਠ ਬੋਲ ਕੇ ਆਪ ਨੇ ਸਾਬਤ ਕਰ ਦਿੱਤਾ ਹੈ ਕਿ ਆਪ ਪ੍ਰਣ ਨੂੰ ਭੰਗ ਕਰਨ ਦੇ ਨਾਲ ਤਖ਼ਤ ਸਾਹਿਬ ਵਿਖੇ ਝੂਠ ਬੋਲ ਕੇ ਬੇਅਦਬੀ ਕਰ ਸਕਦੇ ਹੋ। ਜਿੱਥੇ ਲੋਕੀ ਪਾਪ ਬਖ਼ਸ਼ਾਉਣ ਜਾਂਦੇ ਹਨ, ਉਥੇ ਝੂਠ ਬੋਲਣ ਦਾ ਪਾਪ ਵੀ ਕਰ ਸਕਦੇ ਹੋ।

ਆਪ ਨੇ ਅਤੇ ਆਪ ਦੇ ਸਾਥੀਆਂ ਨੇ ਪ੍ਰਣ ਭੰਗ ਕਰਕੇ ਅਤੇ ਝੂਠ ਬੋਲ ਕੇ ਪੰਥ ਨੂੰ ਜੋ ਕਲੰਕ ਲਾਇਆ ਹੈ ਉਸ ਨੂੰ ਧੋਣ ਲਈ ਮੈਂ 15 ਅਗਸਤ ਨੂੰ

Digitized by Panjab Digital Library | www.panjabdigilib.org

ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜ ਕੇ ਮਰਨ ਵਰਤ ਰੱਖਣ ਦਾ ਐਲਾਨ ਕੀਤਾ ਹੈ। ਚੰਡੀਗੜ੍ਹ ਦੀ ਪ੍ਰਾਪਤੀ ਤੇ ਅਗਨ ਕੁੰਡ ਢਾਹੁਣ ਲਈ ਮੇਰੇ ਨਾਲ ਆਓ। ਸਿੱਖ ਕਦੇ ਮੌਤ ਤੋਂ ਨਹੀਂ ਡਰਦੇ ਕਿਉਂਕਿ ਗੁਰਬਾਣੀ ਵਾਕ ਹੈ, "ਜਿਸ ਮਰਨੈ ਤੇ ਜਗ ਡਰੈ ਮੇਰੈ ਮਨ ਆਨੰਦ, ਮਰਨੇ ਹੀ ਤੇ ਪਾਈਐ ਪੂਰਨ ਪਰਮਾਨੰਦ।"

ਮੈਨੂੰ ਹੈਰਾਨੀ ਹੋਈ ਹੈ ਕਿ ਆਪਦਾ ਇਕ ਰਾਜ ਮੰਤਰੀ ਧਮਕੀਆਂ ਦਿੰਦਾ ਹੈ ਕਿ ਅਸੀਂ ਦਰਸ਼ਨ ਸਿੰਘ ਫੇਰੂਮਾਨ ਨੂੰ ਅੰਮ੍ਰਿਤਸਰ ਪੁੱਜਣ ਤੋਂ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਵਾਂਗੇ। ਮੈਨੂੰ ਪ੍ਰਸੰਨਤਾ ਹੋਵੇਗੀ ਕਿ ਮੈਂ ਚੰਡੀਗੜ੍ਹ ਦੀ ਪ੍ਰਾਪਤੀ ਤੇ ਅਗਨ-ਕੁੰਡ ਢਾਹੁਣ ਲਈ ਅਕਾਲੀ ਸਰਕਾਰ ਦੀ ਕੈਦ ਵਿਚ ਮਰਾਂ।

ਗੁਰੂ ਪੰਥ ਦਾ ਦਾਸ
ਦਰਸ਼ਨ ਸਿੰਘ ਫੇਰੂਮਾਨ

ਇਸ ਚਿੱਠੀ ਤੋਂ ਹੋਰ ਵੀ ਸਪਸ਼ਟ ਹੋ ਜਾਂਦਾ ਹੈ ਕਿ ਉਹ ਕਿਹੜਾ ਕੰਡਾ ਸੀ ਜੋ ਫੇਰੂਮਾਨ ਦੇ ਕਲੇਜੇ ਵਿਚ ਚੁੱਭ ਰਿਹਾ ਸੀ। ਉਸ ਦੀ ਆਤਮਾ ਦੁੱਖੀ ਸੀ ਤਾਂ ਅਕਾਲ ਤਖ਼ਤ ਸਾਹਿਬ ਕੀਤੇ ਪ੍ਰਣਾਂ ਦੀ ਭੰਗਤਾ ਕਰਕੇ ਤੇ ਪੰਥ ਤੇ ਸਿੱਖ ਰਵਾਇਤ ਤੇ ਲਗੇ ਇਸ ਕਲੰਕ ਨੂੰ ਉਹ ਆਪਣੀ ਜਾਨ ਦੇ ਕੇ ਧੋ ਦੇਣਾ ਚਾਹੁੰਦਾ ਸੀ। ਸੰਤਾਂ ਦੇ ਕਹਿਣ ਤੇ ਸ. ਗੁਰਨਾਮ ਸਿੰਘ ਦੀ ਅਕਾਲੀ ਸਰਕਾਰ ਨੇ ਫੇਰੂਮਾਨ ਨੂੰ 12-13 ਅਗਸਤ ਦੀ ਰਾਤ ਨੂੰ ਪਿੰਡ ਜਾ ਕੇ ਗ੍ਰਿਫ਼ਤਾਰ ਕਰ ਲਿਆ। ਸੂਰਮਾ ਸਿੰਘ ਨੇ ਆਪਣੇ ਪ੍ਰਣ ਅਨੁਸਾਰ 15 ਅਗਸਤ ਨੂੰ ਜੇਲ੍ਹ ਵਿਚ ਹੀ ਮਰਨ-ਵਰਤ ਸ਼ੁਰੂ ਕਰ ਦਿੱਤਾ। ਜਾਣਕਾਰ ਦੱਸਦੇ ਹਨ ਕਿ 15 ਅਗਸਤ ਨੂੰ ਫੇਰੂਮਾਨ ਨੇ ਅੰਮ੍ਰਿਤ ਵੇਲੇ ਇਸ਼ਨਾਨ ਕੀਤਾ। ਨਿਤਨੇਮ ਤੇ ਸੁਖਮਨੀ ਸਾਹਿਬ ਦਾ ਪਾਠ ਕੀਤਾ। ਆਦਤ ਅਨੁਸਾਰ ਵਧੀਆ ਕਪੜੇ ਪਾਏ। ਸਾਰਾ ਦਿਨ ਚੜ੍ਹਦੀ ਕਲਾ ਵਿਚ ਰਹੇ ਤੇ ਮਿੱਥੇ ਪ੍ਰੋਗਰਾਮ ਅਨੁਸਾਰ ਸ਼ਾਮ ਦੇ ਚਾਰ ਵਜੇ ਆਪ ਨੇ ਅਰਦਾਸ ਕੀਤੀ, ਅਰਦਾਸ ਵਿਚ ਅਕਾਲ ਪੁਰਖ ਕੋਲੋਂ ਹਿੰਮਤ ਤੇ ਹੌਸਲਾ ਮੰਗਿਆ ਤੇ ਉਪਰੰਤ :

"ਦੇਹਿ ਸਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂ ਨ ਟਰਊਂ
ਨ ਡਰਊਂ ਅਰ ਸਿਉ ਜਬ ਜਾਏ ਲਰਊਂ, ਨਿਸਚੈ ਕਰ ਅਪਨੀ ਜੀਤ ਕਰਊਂ"

ਦੇ ਸਵੈਯਾ ਦਾ ਪਾਠ ਕੀਤੇ। ਜੇਲ੍ਹ ਕਰਮਚਾਰੀਆਂ ਨੂੰ ਇਹ ਚਿਤਾਵਨੀ ਕਰਾਕੇ

Digitized by Panjab Digital Library | www.panjabdigilib.org

ਕਿ ਕੋਈ ਆਦਮੀ ਮੈਨੂੰ ਜਬਰੀ ਖੁਰਾਕ ਦੇਣ ਦੀ ਕੋਸ਼ਿਸ਼ ਨਾ ਕਰੇ, ਆਪਣਾ ਮਰਨ-ਵਰਤ ਸ਼ੁਰੂ ਕਰ ਦਿੱਤਾ।

ਸਾਰੇ ਪੰਜਾਬ ਵਿਚ ਫੇਰੂਮਾਨ ਲਈ ਅਖੰਡ ਪਾਠ ਰੱਖੇ ਗਏ। ਅਰਦਾਸਾਂ ਹੋਈਆਂ ਕਿ ਵਾਹਿਗੁਰੂ ਉਸਨੂੰ ਹਿੰਮਤ ਤੇ ਸਫਲਤਾ ਬਖ਼ਸ਼ੇ। 12 ਦਿਨਾਂ ਬਾਅਦ ਆਪ ਨੂੰ ਸਿਵਲ ਹਸਪਤਾਲ ਵਿਚ ਲਿਆਂਦਾ ਗਿਆ। ਆਪ ਦੀ ਮਹਾਨ ਸ਼ਖਸੀਅਤ ਦਾ ਇਹ ਅਸਰ ਸੀ ਕਿ ਕਿਸੇ ਡਾਕਟਰ ਨੇ ਜਾਂ ਸਰਕਾਰੀ ਕਰਮਚਾਰੀ ਨੇ ਆਪ ਨੂੰ ਜਬਰੀ ਖੁਰਾਕ ਜਾਂ ਦਵਾਈ ਦੇਣ ਦੀ ਹਿੰਮਤ ਨਹੀਂ ਕੀਤੀ।

ਅਫ਼ਸੋਸ ਦੀ ਗੱਲ ਇਹ ਹੈ ਕਿ ਸੰਤ ਫਤਹਿ ਸਿੰਘ ਤੇ ਉਸਦੀ ਪਾਰਟੀ ਨੇ ਇਸ ਵਰਤ ਨੂੰ ਇਕ ਸਟੰਟ ਦੱਸਿਆ ਤੇ ਕਈ ਲੀਡਰਾਂ ਨੇ ਕਿਹਾ ਕਿ ਫੇਰੂਮਾਨ ਕੁੱਤੇ ਦੀ ਮੌਤ ਮਰੇਗਾ, ਸੰਤਾਂ ਨੇ ਕਿਹਾ ਕਿ ਫੇਰੂਮਾਨ ਸਾਡੀ ਲੀਡਰੀ ਨੂੰ ਹੱਥ ਪਾਉਣਾ ਚਾਹੁੰਦਾ ਹੈ ਅਸੀਂ ਉਸ ਨੂੰ ਰਗੜ ਕੇ ਰੱਖ ਦਿਆਂਗੇ। 29 ਅਗਸਤ ਨੂੰ ਸੰਤ ਫਤਿਹ ਸਿੰਘ ਨੇ ਇਕ ਬਿਆਨ ਵਿਚ ਕਿਹਾ "ਦਰਸ਼ਨ ਸਿੰਘ ਦਾ ਮਰਨ ਵਰਤ ਬੇ-ਲੋੜਾ ਹੈ। ਮੇਰੇ ਹੁੰਦਿਆਂ ਕਿਸੇ ਨੂੰ ਵਰਤ ਰੱਖਣ ਦੀ ਲੋੜ ਨਹੀਂ। ਫੇਰੂਮਾਨ ਦੇ ਵਰਤ ਤੇ ਵਿਚਾਰ ਕਰਨ ਲਈ ਅਕਾਲੀ ਦਲ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਬੁਲਾਉਣ ਦਾ ਸਵਾਲ ਹੀ ਪੈਦਾ ਨਹੀ ਹੁੰਦਾ।" ਸ. ਗੁਰਨਾਮ ਸਿੰਘ ਮੁੱਖ ਮੰਤਰੀ 28 ਅਗਸਤ ਨੂੰ ਤੇ ਮਹਾਰਾਜਾ ਪਟਿਆਲਾ 29 ਅਗਸਤ ਨੂੰ ਮਿਲੇ ਪਰ ਆਪ ਨੇ ਵਰਤ ਛੱਡਣਾ ਨਾ ਮੰਨਿਆ। ਮਹਾਰਾਜਾ ਨੇ ਕਿਹਾ ਮੈਂ ਤਾਂ ਇਕ ਦੇਸ਼ ਭਗਤ ਦੇ ਦਰਸ਼ਨ ਕਰਨ ਆਇਆ ਹਾਂ।

ਹੁਣ ਆਕੇ ਕੁਝ ਅਕਾਲੀ ਆਗੂਆਂ ਨੇ ਸਲਾਹ ਦਿੱਤੀ ਕਿ ਫੇਰੂਮਾਨ ਦੇ ਵਰਤ ਨੂੰ ਅਪਣਾ ਲੈਣਾ ਚਾਹੀਦਾ ਹੈ ਪਰ ਸੰਤ ਫਤਿਹ ਸਿੰਘ ਨਾ ਮੰਨੇ।

ਜਿਸ ਤਰ੍ਹਾਂ ਮੈਂ ਉਤੇ ਦਸਿਆ ਹੈ ਕਿ ਵਰਤ ਸ਼ੁਰੂ ਹੋਣ ਤੋਂ ਥੋੜ੍ਹੇ ਹੀ ਦਿਨ ਬਾਅਦ ਮੁਸਾਫਿਰ ਜੀ ਅਤੇ ਮੈਂ ਮਿਲਣ ਗਏ ਸੀ।

ਮੁਸਾਫ਼ਿਰ ਜੀ ਨੇ ਅਥਰੂਆਂ ਭਰੀਆਂ ਅੱਖਾਂ ਨਾਲ ਗੱਲਾਂ ਕੀਤੀਆਂ। ਉਨ੍ਹਾਂ ਦਾ ਪਿਆਰ ਵੀ ਸਕੇ ਵੀਰਾਂ ਵਰਗਾ ਸੀ। ਪਰ ਦਰਸ਼ਨ ਸਿੰਘ ਕਿਸੇ ਲੋਟ ਨਾ

Digitized by Panjab Digital Library | www.panjabdigilib.org

ਆਇਆ। ਮੁਸਾਫ਼ਿਰ ਜੀ ਨੇ ਅਖ਼ੀਰ ਦਮ ਤਕ ਆਪਣੀ ਕੋਸ਼ਿਸ਼ ਨਹੀਂ ਛੱਡੀ। ਕਈ ਵਾਰੀ ਮਿਲੇ। ਪ੍ਰਧਾਨ ਮੰਤਰੀ ਨੂੰ ਵੀ ਮਿਲਦੇ ਰਹੇ ਕਿ ਕਿਸੇ ਤਰ੍ਹਾਂ ਦਰਸ਼ਨ ਸਿੰਘ ਜੀ ਦੀ ਜਾਨ ਬਚ ਜਾਏ। ਪ੍ਰਧਾਨ ਮੰਤਰੀ ਤੋਂ ਤਾਰ ਵੀ ਦਿਵਾਈ। ਅਪੀਲ ਵੀ ਕਰਵਾਈ। 31 ਅਗਸਤ ਨੂੰ ਮੁਸਾਫ਼ਿਰ ਜੀ, ਸ. ਸੁਰਜੀਤ ਸਿੰਘ ਅਟਵਾਲ ਨੂੰ ਨਾਲ ਲੈ ਕੇ ਫ਼ਿਰ ਮਿਲੇ ਤੇ ਪ੍ਰਧਾਨ ਮੰਤਰੀ ਦੀ ਚਿੱਠੀ ਦਰਸ਼ਨ ਸਿੰਘ ਨੂੰ ਦਿੱਤੀ। ਚਿੱਠੀ ਇਸ ਪ੍ਰਕਾਰ ਸੀ :

ਪਿਆਰੇ ਫੇਰੂਮਾਨ ਜੀ

ਮੈਨੂੰ ਆਪ ਦੇ ਮਰਨ ਵਰਤ ਜਾਰੀ ਕਰਨ ਦਾ ਬਹੁਤ ਖੇਦ ਹੋਇਆ ਹੈ। ਮੈਂ ਚੰਡੀਗੜ੍ਹ ਦੀ ਸਮੱਸਿਆ ਛੇਤੀ ਹੱਲ ਕਰਨ ਬਾਰੇ ਆਪ ਦੀ ਬੇਤਾਬੀ ਦੀ ਕਦਰ ਕਰਦੀ ਹਾਂ। ਮੈਂ ਆਪ ਨੂੰ ਨਿਸ਼ਚਾ ਦਿਵਾਂਦੀ ਹਾਂ ਕਿ ਬਹੁਤ ਹੱਦ ਤੀਕ ਇਹ ਸਮੱਸਿਆ ਮੇਰੇ ਮਨ ਵਿਚ ਹੈ। ਅਸੀਂ ਇਸਦਾ ਛੇਤੀ ਤੇ ਤਸੱਲੀਬਖਸ਼ ਹੱਲ ਚਾਹੁੰਦੇ ਹਾਂ। ਆਪ ਇਸ ਗੱਲ ਦੀ ਕਦਰ ਕਰੋਗੇ ਕਿ ਆਪ ਦੇ ਮਰਨ ਵਰਤ ਰੱਖਣ ਨਾਲ ਬੇਲੋੜੀਆਂ ਪੇਚੀਦਗੀਆਂ ਤੇ ਤਲਖ਼ੀਆਂ ਪੈਦਾ ਹੋਣਗੀਆਂ। ਆਪ ਆਜ਼ਾਦੀ ਸੰਗਰਾਮ ਦੇ ਇਕ ਵੱਡੇ ਜੋਧੇ ਹੋ। ਆਪ ਦੀ ਜ਼ਿੰਦਗੀ ਕੀਮਤੀ ਹੈ। ਇਸ ਲਈ ਨਿਮਰਤਾ ਪੂਰਬਕ ਆਪ ਨੂੰ ਅਪੀਲ ਕਰਦੀ ਹਾਂ ਕਿ ਆਪ ਮਰਨ ਵਰਤ ਛੱਡ ਦਿਓ ਤਾਂ ਕਿ ਇਸ ਪ੍ਰਸ਼ਨ ਨੂੰ ਪੁਰਅਮਨ ਵਾਤਾਵਰਨ ਵਿਚ ਹੱਲ ਕੀਤਾ ਜਾ ਸਕੇ।

ਇੰਦਰਾ ਗਾਂਧੀ
ਪ੍ਰਧਾਨ ਮੰਤਰੀ

ਇਸ ਦਾ ਉੱਤਰ ਫੇਰੂਮਾਨ ਨੇ ਇੰਜ ਦਿੱਤਾ :—

"ਪ੍ਰਧਾਨ ਮੰਤਰੀ ਜੀ,

ਮੈਂ ਆਪ ਦੀ ਇਸ ਪੱਤ੍ਰਕਾ ਲਈ ਧੰਨਵਾਦੀ ਹਾਂ। ਪਰ ਮੇਰੀ ਅਰਦਾਸ ਵਿਚ ਰੁਕਾਵਟ ਨਾ ਪਾਈ ਜਾਵੇ ਕਿਉਂਕਿ ਇਹ ਗੁਰੂ ਦੇ ਸਿੱਖ ਲਈ ਇਕ ਪਵਿੱਤਰ ਗੱਲ ਹੈ।"

13 ਅਕਤੂਬਰ ਨੂੰ ਪ੍ਰਧਾਨ ਮੰਤਰੀ ਨੇ ਫਿਰ ਇਕ ਚਿੱਠੀ ਲਿਖੀ ਜਿਸ ਦਾ ਉੱਤਰ ਫੇਰੂਮਾਨ ਸਾਹਿਬ ਨੇ 16 ਅਕਤੂਬਰ 1969 ਨੂੰ ਭੇਜਿਆ। ਆਪ ਨੇ

Digitized by Panjab Digital Library | www.panjabdigilib.org

ਲਿਖਿਆ :—

"ਪ੍ਰਧਾਨ ਮੰਤਰੀ ਜੀ,

ਮੈਂ ਆਪ ਦੀ 13 ਅਕਤੂਬਰ ਦੀ ਚਿੱਠੀ ਦਾ ਧੰਨਵਾਦੀ ਹਾਂ ਇਸ ਵਿਚ ਕੋਈ ਸੰਦੇਹ ਨਹੀਂ ਕਿ ਮੈਂ ਆਪ ਨੂੰ ਜੋ ਅੰਤਿਮ ਚਿੱਠੀ ਲਿਖੀ ਹੈ ਉਹ ਪੀੜਾਂ ਨਾਲ ਲਿਖੀ ਹੈ। ਮੇਰਾ ਮਤਲਬ ਆਪ ਦੇ ਜਜ਼ਬਾਤ ਨੂੰ ਜ਼ਖ਼ਮੀ ਕਰਨਾ ਨਹੀਂ ਸੀ। ਉਸ ਵਿਚ ਮੈਂ ਆਪਣੀ ਪੀੜਾ ਪ੍ਰਗਟ ਕੀਤੀ ਹੈ।

ਮੈਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਆਪ ਦੇ ਪਾਸ ਕਿਸੇ ਨੇ ਵੀ ਅਰਦਾਸ ਦੀ ਮਹਾਨਤਾ ਦਰਸਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਜਦ ਕੋਈ ਸੱਚਾ ਸਿੱਖ ਗੁਰੂ ਦੇ ਸਨਮੁੱਖ ਅਰਦਾਸ ਕਰਦਾ ਹੈ ਤਾਂ ਉਸਨੂੰ ਉਹ ਅਰਦਾਸ ਪੂਰੀ ਕਰਨੀ ਚਾਹੀਦੀ ਹੈ। ਭਾਵੇਂ ਕੋਈ ਕਾਰਨ ਹੋਣ ਪਰ ਸਿੱਖ, ਗੁਰੂ ਦੇ ਸਾਹਮਣੇ ਜੋ ਅਰਦਾਸ ਕਰਦਾ ਹੈ, ਉਹ ਉਸਦਾ ਪਾਬੰਦ ਹੁੰਦਾ ਹੈ। ਮੈਂ ਸੱਚੇ ਅਤੇ ਪਵਿੱਤਰ ਦਿਲ ਨਾਲ ਮਰਨ-ਵਰਤ ਰੱਖਿਆ ਹੈ ਅਤੇ ਮੈਨੂੰ ਮੌਤ ਦਾ ਕੋਈ ਡਰ ਨਹੀਂ। ਮੈਂ ਅਰਦਾਸ ਕਰ ਚੁੱਕਾ ਹਾਂ। ਇਸ ਨੂੰ ਆਪਣਾ ਉਦੇਸ਼ ਪੂਰਾ ਕਰੇ ਬਿਨਾਂ ਨਜ਼ਰ-ਅੰਦਾਜ਼ ਨਹੀਂ ਕਰ ਸਕਦਾ। ਜਿੰਨਾ ਚਿਰ ਚੰਡੀਗੜ੍ਹ ਪੰਜਾਬ ਨੂੰ ਨਹੀਂ ਦਿੱਤਾ ਜਾਂਦਾ। ਮੇਰੀ ਪਿਆਰੀ ਸਪੁੱਤਰੀ, ਤੁਸੀਂ ਮੇਰੀ ਅਰਦਾਸ ਨੂੰ ਕੋਈ ਦਬਾਅ ਨਹੀਂ ਸਮਝਣਾ। ਸਿੱਖ ਦੀ ਅਰਦਾਸ ਜਿਹੜੀ ਸੰਜੀਦਗੀ ਨਾਲ ਕੀਤੀ ਜਾਵੇ ਉਹ ਕਿਸੇ ਤੇ ਦਬਾਅ ਪਾਉਣ ਅਤੇ ਉਸ ਦਾ ਦਿਲ ਦੁਖਾਣ ਲਈ ਨਹੀਂ ਹੁੰਦੀ ਇਸ ਦਾ ਮਨੋਰਥ ਕੇਵਲ ਪਵਿਤਰਤਾ ਹੈ।

ਤੁਸੀਂ ਇਹ ਦਸਿਆ ਹੈ ਕਿ ਲੋਕਰਾਜ ਵਿਚ ਵਰਤ ਤੇ ਇਸ ਕਿਸਮ ਦੇ ਦਬਾਅ ਲਈ ਕੋਈ ਥਾਂ ਨਹੀਂ ਹੈ। ਜਦ ਤਸ਼ੱਦਦ ਕੀਤਾ ਜਾਵੇ ਤਾਂ ਉਹ ਨਿਸ਼ਚਿਤ ਤੌਰ ਤੇ ਲੋਕ-ਰਾਜ ਦੇ ਹਿਤ ਵਿਚ ਨਹੀਂ ਹੁੰਦਾ। ਇਕ ਪੁਰਅਮਨ ਤੇ ਈਮਾਨਦਾਰੀ ਨਾਲ ਰੱਖਿਆ ਵਰਤ ਜਮਹੂਰੀਅਤ ਦੇ ਨੇਮਾਂ ਦੇ ਬਿਲਕੁਲ ਅਨਕੂਲ ਹੈ। ਜਿਸਦਾ ਮਤਲਬ ਆਪ ਕਸ਼ਟ ਉਠਾਉਣ ਤੋਂ ਬਿਨ੍ਹਾਂ ਹੋਰ ਕੁਝ ਨਹੀਂ।

ਮੈਂ ਕਿਸੇ ਤਰ੍ਹਾਂ ਦਾ ਦਬਾਅ ਪਾਉਣ ਲਈ ਵਰਤ ਨਹੀਂ ਰੱਖਿਆ। ਆਪ ਦਾ ਅਤੇ ਦੇਸ਼ ਦਾ ਧਿਆਨ ਇਕ ਜ਼ਰੂਰੀ ਅਤੇ ਮਹੱਤਵਪੂਰਨ ਸਮੱਸਿਆ ਵਲ ਦਿਵਾਉਣ ਲਈ ਰੱਖਿਆ ਹੈ। ਜੋ ਇਕ ਅਗਾਂਹਵਧੂ ਸੂਬੇ ਲਈ ਜ਼ਰੂਰੀ ਹੈ। ਮੇਰੀ ਰਾਏ ਹੈ ਕਿ ਚੰਡੀਗੜ੍ਹ ਪੰਜਾਬ ਨੂੰ ਦੇ ਦਿੱਤਾ ਜਾਵੇ ਜੋ ਕਈ ਕਾਰਨਾਂ ਕਰਕੇ

Digitized by Panjab Digital Library | www.panjabdigilib.org

ਇਸ ਸੂਬੇ ਲਈ ਬਣਵਾਇਆ ਗਿਆ ਹੈ। ਪੰਜਾਬੀਆਂ ਦੀ ਇਹ ਮੰਗ ਬਿਲਕੁਲ ਵਾਜਬ ਹੈ। ਮੈਂ ਇਨ੍ਹਾਂ ਸਾਰਿਆਂ ਕਾਰਨਾਂ ਨੂੰ ਵਿਚਾਰ ਕੇ ਅਰਦਾਸ ਕੀਤੀ ਹੈ ਤੇ ਵਰਤ ਰੱਖਿਆ ਹੈ। ਜੇ ਮੇਰਾ ਕੋਈ ਸ਼ਬਦ ਆਪ ਦੇ ਜਜ਼ਬਾਤ ਨੂੰ ਠੇਸ ਪਹੁੰਚਾਵੇ ਤਾਂ ਮੈਨੂੰ ਉਸਦਾ ਬਹੁਤ ਅਫ਼ਸੋਸ ਹੈ। ਉਸ ਲਈ ਖਿਮਾਂ ਦਾ ਜਾਚਕ ਹਾਂ। ਮੇਰੇ ਦਿਲ ਵਿਚ ਆਪ ਦਾ ਹੁਣ ਵੀ ਉਹੀ ਸਤਿਕਾਰ ਹੈ ਜੋ ਪਹਿਲਾਂ ਸੀ। ਮੈਨੂੰ ਆਪ ਤੇ ਇਹ ਮਾਣ ਤੇ ਭਰੋਸਾ ਹੈ। ਮੇਰੇ ਦਿਲ ਵਿਚ ਕਿਸੇ ਵਿਰੁੱਧ ਕੋਈ ਮੰਦ ਭਾਵਨਾ ਜਾਂ ਮਾੜੇ ਜਜ਼ਬਾਤ ਨਹੀਂ ਹਨ, ਮੈਂ ਆਪਣੇ ਪਿਆਰੇ ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਅਰਦਾਸ ਕਰਦਾ ਹਾਂ। ਮੈਨੂੰ ਉਮੀਦ ਹੈ ਕਿ ਆਪ ਹੁਣ ਮੇਰੇ ਜਜ਼ਬਾਤ ਨੂੰ ਪੂਰੀ ਤਰ੍ਹਾਂ ਸਮਝ ਗਏ ਹੋਵੋਗੇ।

ਮੈਂ ਆਸ ਕਰਦਾ ਹਾਂ ਕਿ ਆਪ ਇਸ ਸਮੱਸਿਆ ਨੂੰ ਬਿਨਾਂ ਦੇਰੀ ਸੁਲਝਾਉਣ ਲਈ ਚੰਡੀਗੜ੍ਹ ਪੰਜਾਬ ਨੂੰ ਦੇ ਦਿਓਗੇ। ਇਸ ਤੋਂ ਵਧੇਰੇ ਮੈਂ ਹੋਰ ਕੁਝ ਨਹੀਂ ਕਹਿ ਸਕਦਾ। ਮੇਰਾ ਆਪ ਨੂੰ ਅੰਤਮ ਪ੍ਰਨਾਮ।"

ਮੈਂ ਹਾਂ ਆਪ ਦਾ ਸ਼ੁਭ ਚਿੰਤਕ<br>
ਦਰਸ਼ਨ ਸਿੰਘ ਫੇਰੂਮਾਨ।

ਪ੍ਰਧਾਨ ਮੰਤਰੀ ਨੇ ਇਸ ਚਿੱਠੀ ਦੇ ਜਵਾਬ ਵਿਚ ਸ. ਗਿਆਨ ਸਿੰਘ ਰਾੜੇਵਾਲਾ ਦੇ ਰਾਹੀਂ ਫੇਰੂਮਾਨ ਨੂੰ ਸੁਨੇਹਾ ਵੀ ਭੇਜਿਆ ਕਿ ਜੇ ਆਪ ਮਰਨ-ਵਰਤ ਤੋੜ ਦੇਣ ਤਾਂ ਮੈਂ ਉਸ ਦੇ ਬਾਅਦ ਛੇਤੀ ਹੀ ਫ਼ੈਸਲਾ ਦੇਣ ਲਈ ਤਿਆਰ ਹਾਂ।

ਪਾਠਕ ਹੁਣ ਆਪ ਅੰਦਾਜ਼ਾ ਲਾ ਸਕਦੇ ਹਨ ਕਿ ਫੇਰੂਮਾਨ ਕਿਤਨੇ ਦ੍ਰਿੜ ਇਰਾਦੇ ਤੇ ਮਹਾਨ ਆਚਰਣ ਦਾ ਮਾਲਕ ਸੀ। ਪਹਿਲੀਆਂ ਕੀਤੀਆਂ ਅਰਦਾਸਾਂ ਤੇ ਹੁਣ ਦੀ ਅਰਦਾਸ ਵਿਚ ਤੇ ਅਰਦਾਸਾਂ ਕਰਨ ਵਾਲਿਆਂ ਦੇ ਕਿਰਦਾਰ ਦਾ ਮੁਕਾਬਲਾ ਕਰਨਾ ਔਖਾ ਨਹੀਂ ਰਿਹਾ।

ਦਰਸ਼ਨ ਸਿੰਘ ਫੇਰੂਮਾਨ ਬਾਰੇ ਆਖ਼ਰੀ ਕੁਝ ਅੱਖਰ ਲਿਖਣੇ ਵੀ ਜ਼ਰੂਰੀ ਸਮਝਦਾ ਹਾਂ। ਫੇਰੂਮਾਨ ਖਾਣ-ਪੀਣ ਦਾ ਬੜਾ ਸ਼ੌਕੀਨ ਸੀ। ਮੈਂ ਉਸ ਦੇ ਨਾਲ ਰਹਿ ਕੇ ਵੇਖਿਆ ਕਿ ਉਹ ਕਾਫੀ ਮਿਕਦਾਰ ਵਿਚ ਬਾਦਾਮ, ਅੰਡੇ, ਘਿਉ ਨਾਲ

Digitized by Panjab Digital Library | www.panjabdigilib.org

ਤਰ-ਬਤਰ ਦਾਲ ਸਬਜ਼ੀ ਤੇ ਤਿੰਨ ਚਾਰ ਕਿਲੋ ਦੁੱਧ ਰੋਜ਼ ਪੀ ਜਾਂਦਾ ਸੀ। ਪਰ ਇਸ ਦੇ ਨਾਲ ਡੰਡ-ਬੈਠਕਾਂ ਕੱਢ ਕੇ, ਵਰਜ਼ਿਸ਼ ਕਰਕੇ ਤੇ ਸੈਰ ਕਰਕੇ ਹਜ਼ਮ ਕਰਨ ਦਾ ਵੀ ਆਦੀ ਸੀ। ਫੁਲਕਾ ਇਕੋ ਹੀ ਖਾਂਦਾ ਸੀ। ਮੈਂ ਇਕ ਵਾਰੀ ਪੁੱਛਿਆ ਤਾਂ ਕਹਿਣ ਲੱਗਾ ਜਿਸ ਘੋੜੇ ਨੂੰ ਦਾਣਾ ਮਿਲੇ ਪੇਟ ਭਰਨ ਲਈ ਉਹ ਤੂੜੀ ਨਾਲ ਕਿਉਂ ਭਰੇ ?

ਜਦੋਂ ਮੈਂ ਗੁਜਰਾਤ ਸਪੈਸ਼ਲ ਜੇਲ੍ਹ ਵਿਚ ਪੁੱਜਾ ਤਾਂ ਫੇਰੂਮਾਨ ਪਹਿਲਾਂ ਉਥੇ ਮੌਜੂਦ ਸੀ। ਮੈਨੂੰ ਪਿਆਰ ਨਾਲ ਆਪਣੀ ਕੋਠੜੀ ਵਿਚ ਲੈ ਗਿਆ ਤੇ ਕਹਿਣ ਲੱਗਾ, ਦੋਵੇਂ ਵੀਰ ਇਕੱਠੇ ਰਵ੍ਹਾਂਗੇ। ਕੁਝ ਦਿਨਾਂ ਬਾਅਦ ਮੇਰਾ ਭਤੀਜਾ ਮੇਰੇ ਨਾਲ ਮੁਲਾਕਾਤ ਕਰਨ ਆਇਆ ਤੇ ਮੈਨੂੰ ਬਹੁਤ ਸਾਰੇ ਬਾਦਾਮ ਦੇ ਗਿਆ। ਦਰਸ਼ਨ ਸਿੰਘ ਬਾਦਾਮ ਰੋਜ਼ ਖਾਂਦਾ ਹੀ ਸੀ। ਜਿਹੜੇ ਥੋੜ੍ਹੇ ਜਿਹੇ ਬਾਦਾਮ ਉਸ ਕੋਲ ਬਚੇ ਹੋਏ ਸਨ, ਉਹ ਵੀ ਮੇਰੇ ਬਦਾਮਾਂ ਵਿਚ ਮਿਲਾ ਲਏ ਤੇ ਕਹਿਣ ਲੱਗਾ ਕਿ ਸੌ ਬਦਾਮ ਰੋਜ਼ ਕੱਢ ਕੇ ਖਾਇਆ ਕਰਾਂਗੇ। ਮੈਂ ਕਿਹਾ ਇਤਨੇ ਕੀ ਕਰਨੇ ਹਨ ਪਰ ਉਸ ਨੇ ਫ਼ੈਸਲਾ ਲੈ ਲਿਆ। ਦੂਸਰੇ ਦਿਨ ਸਵੇਰੇ ਇਕ ਸੌ ਬਦਾਮ ਕੱਢੇ। 80 ਆਪ ਖਾਧੇ ਤੇ 20 ਮੈਨੂੰ ਦਿੱਤੇ। ਮੈਂ ਕਿਹਾ ਇਹ ਵਿਤਕਰਾ ਕਿਉਂ ? ਕਹਿਣ ਲੱਗਾ ਤੂੰ ਨਿੱਕਾ ਹੈ। (ਵੈਸੇ ਵੀ ਮੈਨੂੰ ਉਹ ਨਿੱਕਾ ਵੀਰ ਕਰਕੇ ਬੁਲਾਉਂਦਾ ਸੀ।) ਤੇ ਨਾਲੇ ਕਹਿਣ ਲੱਗਾ, "ਮੈਂ ਕਸਰਤ ਕਰਦਾ ਹਾਂ, ਡੰਡ-ਬੈਠਕਾਂ ਕਢਦਾ ਹਾਂ।"

ਇਸ ਗਲ ਦਾ ਜ਼ਿਕਰ ਕਰਦਿਆਂ ਇਸ ਸਬੰਧ ਵਿਚ ਇਕ ਬੜੀ ਦਿਲ-ਚਸਪ ਗਲ ਚੇਤੇ ਆ ਗਈ। ਜਦੋਂ ਗਰਮੀਆਂ ਦੇ ਦਿਨ ਆ ਗਏ ਤਾਂ ਦਰਸ਼ਨ ਸਿੰਘ ਕਹਿਣ ਲਗਾ, 'ਪ੍ਰੇਮ, ਹੁਣ ਸੁੱਕੇ ਬਾਦਾਮ ਨਹੀਂ ਖਾਂਦੇ, ਸਰਦੇਈ ਰਗੜ ਕੇ ਪੀਆ ਕਰਾਂਗੇ।' ਮੈਂ ਸਮਝਿਆ ਕਿ ਹੁਣ ਤਾਂ ਇਕਠੇ ਸੌ ਬਦਾਮਾਂ ਦੀ ਸਰਦਾਈ ਬਣੇਗੀ। ਪਰ ਜਦੋਂ ਉਸਨੇ ਕਰਤਾਰ ਮੁਸ਼ੱਕਤੀ ਨੂੰ ਰਗੜਨ ਲਈ ਬੁਲਾਇਆ ਤਾਂ 80 ਬਦਾਮਾਂ ਦੀ ਰਗੜਵਾਈ। ਮੈਨੂੰ ਕਹਿਣ ਲਗਾ, "ਤੂੰ ਆਪਣੇ 20 ਬਦਾਮਾਂ ਦੀ ਵੱਖਰੀ ਕਰਾ ਲਈਂ।" ਸਰਦਾਈ ਤਿਆਰ ਹੋ ਗਈ ਤਾਂ ਉਸਨੇ ਇਕ ਗਿਲਾਸ ਮੁਸ਼ੱਕਤੀ ਨੂੰ ਪੀਣ ਲਈ ਦਿੱਤਾ। ਇਤਨੀ ਦੇਰ ਵਿਚ ਮੀਆਂ ਇਫ਼ਤਿਖ਼ਾਰ ਦੀਨ ਜੋ ਉਸ ਵੇਲੇ ਕਾਂਗਰਸ ਦਾ ਪ੍ਰਧਾਨ ਸੀ ਤੇ ਨਾਲ ਵਾਲੀ ਬੈਰਕ ਵਿਚ ਰਹਿੰਦਾ

Digitized by Panjab Digital Library | www.panjabdigilib.org

ਸੀ, ਬਾਹਰ ਆ ਗਿਆ। ਉਸ ਦੀ ਆਵਾਜ਼ ਸੁਣਨ ਤੇ ਫੇਰੂਮਾਨ ਨੇ ਛੇਤੀ-ਛੇਤੀ ਸਰਦਾਈ ਪੀ ਲਈ ਕਿ ਕਿਧਰੇ ਉਸਨੂੰ ਵੀ ਭੁਲ ਨਾ ਭੁਲਾਣੀ ਪੈ ਜਾਏ। ਇਸ ਦਾ ਇਹ ਮਤਲਬ ਨਹੀਂ ਕਿ ਫੇਰੂਮਾਨ ਆਪਣੇ ਕੋਲੋਂ ਖਰਚ ਕਰਕੇ ਦੋਸਤਾਂ ਦੀ ਸੇਵਾ ਨਹੀਂ ਸੀ ਕਰ ਸਕਦਾ ਉਸ ਗੱਲੋਂ ਉਹ ਤਕੜਾ ਸੀ ਪਰ ਆਪਣੀ ਮਿਥੀ ਹੋਈ ਖ਼ੁਰਾਕ ਵਿਚ ਫਰਕ ਨਾ ਪੈ ਜਾਵੇ, ਇਸ ਨੁਕਤੇ ਤੇ ਪੱਕਾ ਸੀ। ਆਪਣੇ ਪੁੱਤਰ ਦੇ ਵਿਆਹ ਤੇ ਉਸਨੇ ਆਂਢ-ਗੁਆਂਢ ਤੇ ਪਾਰਟੀ ਦੇ ਸਭ ਸਾਥੀ ਤੇ ਵਰਕਰ ਸੱਦੇ ਹੋਏ ਸਨ. ਤਿੰਨ ਦਿਨ ਸਾਨੂੰ ਉਥੇ ਰੱਖ ਕੇ ਉਹ ਸੇਵਾ ਕੀਤੀ ਕਿ ਰਹੇ ਰੱਬ ਦਾ ਨਾਂ। ਖ਼ੈਰ ਇਹ ਤਾਂ ਇਕ ਸੁਭਾਵਕ ਹੀ ਗੱਲ ਆ ਗਈ ਸੀ। ਜਦੋਂ ਦੂਸਰੇ ਦਿਨ ਮੈਂ ਸਵੇਰੇ ਉਠਿਆ ਤਾਂ ਵੇਖਿਆ ਕਿ ਫੇਰੂਮਾਨ ਸਾਹਿਬ ਆਪਣੇ ਬਦਾਮ ਪਏ ਖਾਣ। ਮੈਂ ਕਿਹਾ ਕਿਉਂ ਸਰਦਾਈ ਨਹੀਂ ਘੋਟਣੀ ਤਾਂ ਕਹਿਣ ਲੱਗਾ, ਇਕ ਤਾਂ ਗਲਾਸ ਮੁਸ਼ਕਤੀ ਨੂੰ ਦੇਣਾ ਪਿਆ ਤੇ ਜੇ ਉਤੋਂ ਕੋਈ ਆ ਜਾਵੇ ਤਾਂ ਉਸਨੂੰ ਵੀ ਤੇ ਫਿਰ ਇਸ ਤਰ੍ਹਾਂ ਬਦਾਮਾਂ ਦਾ ਕੁਝ ਨਾ ਕੁਝ ਗੁਣ ਤਾਂ ਪਿਛੇ ਵੀ ਰਹਿ ਜਾਂਦਾ ਹੋਵੇਗਾ। ਮੈਂ ਇਸੇ ਤਰ੍ਹਾਂ ਬਦਾਮ ਖਾਕੇ ਉਤੋਂ ਦੁੱਧ ਪੀ ਲਵਾਂਗਾ ਤੇ ਸਾਰੇ ਗੁਣਾਂ ਦਾ ਲਾਭ ਉਠਾਵਾਂਗਾ। ਸ. ਫੇਰੂਮਾਨ ਹੱਲਵਾਹੀ ਤਾਂ ਕਰਦਾ ਨਹੀਂ ਸੀ। ਸਾਰਾ ਸਮਾਂ ਤਾਂ ਸਿਆਸਤ ਵਿਚ ਲਗ ਜਾਂਦਾ ਸੀ। ਇਸ ਲਈ ਇਤਨੀ ਤਾਕਤਵਰ ਖ਼ੁਰਾਕ ਜਿਸਨੂੰ ਭਾਵੇਂ ਕਈ ਘੰਟੇ ਕਸਰਤ ਕਰਕੇ ਉਹ ਪਚਾਣ ਦਾ ਉਪਰਾਲਾ ਕਰਦਾ, ਅਖ਼ੀਰ ਰੰਗ ਲਿਆਈ। 1952 ਵਿਚ ਜਿਸ ਵੇਲੇ ਉਨ੍ਹਾਂ ਦੀ ਉਮਰ 68 ਸਾਲ ਦੀ ਸੀ ਆਪ ਬਿਮਾਰ ਹੋ ਗਏ। ਹਸਪਤਾਲ ਗਏ ਤੇ ਪ੍ਰਸਿਧ ਡਾ: ਵਿਗ ਸਾਹਿਬ ਨੇ ਆਪ ਨੂੰ ਵੇਖਿਆ। ਪੂਰਾ ਮੁਆਇਨਾ ਕਰਨ ਤੋਂ ਬਾਅਦ ਡਾਕਟਰ ਨੇ ਕਿਹਾ, 'ਫੇਰੂਮਾਨ ਸਾਹਿਬ ਆਪ ਛੇ ਮਹੀਨੇ ਵੀ ਨਹੀਂ ਕੱਢ ਸਕਦੇ।' ਫੇਰੂਮਾਨ ਨੇ ਕਿਹਾ, 'ਡਾਕਟਰ ਸਾਹਿਬ ਕੋਈ ਐਸਾ ਤਰੀਕਾ ਹੈ ਜਿਸ ਨਾਲ ਮੇਰੀ ਸਿਹਤ ਠੀਕ ਹੋ ਸਕਦੀ ਹੈ।' ਡਾਕਟਰ ਵਿਗ ਨੇ ਕਿਹਾ ਹੋ ਸਕਦਾ ਹੈ ਜੇ ਆਪ ਅੰਨ, ਮੀਟ, ਘਿਉ, ਮੱਖਣ ਆਦਿ ਖਾਣਾ ਛੱਡ ਦਿਓ। ਦੁੱਧ, ਫੱਲ, ਸਬਜ਼ੀਆਂ ਆਦਿ ਤੇ ਗੁਜ਼ਾਰਾ ਕਰੋ। ਫੇਰੂਮਾਨ ਨੇ ਇਕ ਮਿੰਟ ਵੀ ਸੋਚਣ ਵਿਚ ਨਹੀਂ ਲਾਇਆ ਕਿਹਾ ਹੁਣੇ ਤੋਂ ਸਭ ਕੁੱਝ ਛੱਡ ਦਿੱਤਾ।

ਇਸੇ ਫੈਸਲੇ ਅਨੁਸਾਰ ਆਪ ਨੇ 16 ਸਾਲ ਅੰਨ ਨਹੀਂ ਖਾਧਾ। ਦੁੱਧ,

Digitized by Panjab Digital Library | www.panjabdigilib.org

ਫਲ ਤੇ ਕੱਚੀਆਂ ਸਬਜ਼ੀਆਂ ਨਾਲ ਕੰਮ ਚਲਾਂਦੇ ਰਹੇ। ਕੁਝ ਚਿਰ ਬਾਅਦ ਇਕ ਦੋ ਅੰਡੇ ਖਾਣ ਦੀ ਇਜਾਜ਼ਤ ਮਿਲ ਗਈ ਸੀ ਤੇ ਅਖੀਰਲੇ ਦੋ ਕੁ ਸਾਲਾਂ ਵਿਚ ਕਦੇ ਕਦੇ ਮੱਛੀ ਵੀ ਖਾ ਲੈਂਦੇ ਸਨ। ਇਸ ਤਪਸਿਆ ਨਾਲ ਆਪ ਦੀ ਸਿਹਤ ਬਹੁਤ ਚੰਗੀ ਹੋ ਗਈ ਤੇ ਆਪ ਆਪਣੀਆਂ ਸਿਆਸੀ ਸਰਗਰਮੀਆਂ ਵਿਚ ਪੂਰਾ ਪੂਰਾ ਹਿੱਸਾ ਲੈਂਦੇ ਰਹੇ। ਮੇਰੇ ਖ਼ਿਆਲ ਅਨੁਸਾਰ ਇਸ ਖੁਰਾਕ ਨੇ ਆਪ ਨੂੰ ਹੋਰ ਵੀ ਬਲ ਬਖਸ਼ਿਆ ਜਿਹੜਾ 85 ਸਾਲਾਂ ਦੀ ਉਮਰ ਵਿਚ 74 ਦਿਨਾਂ ਦੀ ਭੁੱਖ ਹੜਤਾਲ ਵਿਚ ਸਹਾਈ ਹੋਇਆ। ਦੁਨੀਆਂ ਦੇ ਇਤਿਹਾਸ ਵਿਚ ਇਤਨੇ ਲੰਮੇ ਚਿਰ ਲਈ ਭੁੱਖ ਹੜਤਾਲ ਕੋਈ ਨਹੀਂ ਰੱਖ ਸਕਿਆ। ਫੇਰੂਮਾਨ ਇਸ ਖੇਤਰ ਵਿਚ ਆਪਣਾ ਰਿਕਾਰਡ ਕਾਇਮ ਕਰ ਗਿਆ।

ਜਦੋਂ ਭੁੱਖ-ਹੜਤਾਲ ਕਾਰਨ ਆਪ ਕਮਜ਼ੋਰ ਹੁੰਦੇ ਗਏ। ਮਾਨਸਕ ਤੌਰ ਤੇ ਕਦੇ ਵੀ ਕੋਈ ਕਮਜ਼ੋਰੀ ਉਨ੍ਹਾਂ ਵਿਚ ਨਹੀਂ ਆਈ। ਕਈ ਲੀਡਰਾਂ ਤੇ ਪਾਰਟੀਆਂ ਦੇ ਆਗੂਆਂ ਨੇ ਆਪ ਨੂੰ ਮਿਲ ਕੇ ਵਰਤ ਛੱਡਣ ਲਈ ਅਪੀਲਾਂ ਕੀਤੀਆਂ।

ਪੰਜਾਬ ਦੇ ਮੁਖ ਮੰਤਰੀ ਸ੍ਰ: ਗੁਰਨਾਮ ਸਿੰਘ, ਲੋਕ ਸਭਾ ਦੇ ਸਪੀਕਰ ਸ. ਗੁਰਦਿਆਲ ਸਿੰਘ ਢਿੱਲੋਂ ਤੇ ਹੋਰ ਕਾਂਗਰਸੀ, ਕਮਿਊਨਿਸਟ ਤੇ ਸਭ ਪਾਰਟੀਆਂ ਦੇ ਨੇਤਾ ਆਪ ਪਾਸ ਬੇਨਤੀ ਲੈ ਕੇ ਗਏ। ਸਭ ਪਾਰਟੀਆਂ ਨੇ ਇਕ ਮੀਟਿੰਗ ਵਿਚ ਮਤਾ ਪਾਸ ਕਰਕੇ ਅਪੀਲ ਕੀਤੀ। ਮਾਸਟਰ ਤਾਰਾ ਸਿੰਘ ਜੀ ਦਾ ਸਾਰਾ ਪਰਿਵਾਰ ਉਨ੍ਹਾਂ ਨੂੰ ਮਿਲਿਆ ਪਰ ਆਪ ਨੇ ਆਪਣੇ ਇਰਾਦੇ ਵਿਚ ਲਰਜ਼ਸ਼ ਨਹੀਂ ਆਣ ਦਿੱਤੀ। ਹਾਂ ਜੇ ਕਿਸੇ ਤੇ ਨਹੀਂ ਅਸਰ ਹੋਇਆ ਤਾਂ ਉਹ ਧਾਰਮਿਕ ਆਗੂ ਅਖਵਾਣ ਵਾਲੇ ਸੰਤ ਫਤਹਿ ਸਿੰਘ ਸਨ ਜੋ ਅੜੇ ਰਹੇ। ਪਰ ਆਖਰੀ ਦਿਨ ਜਦੋਂ ਖਬਰ ਫੈਲ ਗਈ ਕਿ ਹੁਣ ਫੇਰੂਮਾਨ ਜੀ ਪ੍ਰਾਣ ਛੱਡਣ ਵਾਲੇ ਹਨ ਤਾਂ ਸੰਤ ਜੀ ਮਿਲਣ ਗਏ। ਗੱਲ ਤਾਂ ਕਿੱਥੇ ਹੋਣੀ ਸੀ ਕਿਉਂਕਿ ਫੇਰੂਮਾਨ ਉਸ ਵੇਲੇ ਹੋਸ਼ ਵਿਚ ਨਹੀਂ ਸਨ। ਅਖਬਾਰ ਵਿਚ ਖਬਰ ਨਿਕਲੀ ਕਿ :—

"ਸੰਤ ਫ਼ਤਹਿ ਸਿੰਘ ਜ਼ਿੰਦਗੀ ਅਤੇ ਮੌਤ ਦੇ ਘੋਲ ਕਰ ਰਹੇ ਮਹਾਨ ਦੇਸ਼-ਭਗਤ ਸ. ਦਰਸ਼ਨ ਸਿੰਘ ਫੇਰੂਮਾਨ ਨੂੰ ਅੱਜ ਪਹਿਲੀ ਵਾਰ ਹਸਪਤਾਲ ਵਿਚ ਮਿਲਣ ਗਏ। ਆਪ ਨੇ ਫੇਰੂਮਾਨ ਨੂੰ ਬੁਲਾਣ ਲਈ ਕਾਫੀ ਉੱਚੀ ਉੱਚੀ ਆਵਾਜ਼ਾਂ ਦਿੱਤੀਆਂ ਪਰ ਬੇਹੋਸ਼ੀ ਕਾਰਨ ਉਨ੍ਹਾਂ ਕੋਈ ਉੱਤਰ ਨਾ ਦਿਤਾ।"

Digitized by Panjab Digital Library | www.panjabdigilib.org

ਹੜਤਾਲ ਦੇ 74 ਦਿਨਾਂ ਵਿਚ ਇਕ ਮਿੰਟ ਲਈ ਵੀ ਫੇਰੂਮਾਨ ਦਾ ਮਨ ਢਹਿੰਦੀ ਕਲਾ ਵਲ ਨਹੀਂ ਗਿਆ। ਆਪ ਬਾਣੀ ਦਾ ਪਾਠ ਕਰਦੇ ਤੇ ਸਬਰ ਸ਼ੁਕਰ ਨਾਲ ਸਮਾਂ ਗੁਜ਼ਾਰਦੇ ਰਹੇ। ਆਪਣੇ ਟੱਬਰ ਤੇ ਰਿਸ਼ਤੇਦਾਰਾਂ ਦੇ ਮੋਹ ਨੂੰ ਕੋਲ ਨਹੀਂ ਫਟਕਣ ਦਿਤਾ। ਇਕ ਵਾਰੀ ਮੁਸਾਫ਼ਿਰ ਜੀ ਤੇ ਮੈਂ ਉਨ੍ਹਾਂ ਕੋਲ ਬੈਠੇ ਸੀ। ਜਦੋਂ ਉਨ੍ਹਾਂ ਸਾਡੀ ਕੋਈ ਗਲ ਨਾ ਸੁਣੀ ਤਾਂ ਮੁਸਾਫਿਰ ਜੀ ਨੇ ਕਿਹਾ ਕਿ ਜੇ ਤੂੰ ਨਹੀਂ ਮੰਨਦਾ ਤਾਂ ਮੈਨੂੰ ਤੇਰੇ ਫੈਸਲੇ ਵਿਰੁੱਧ ਮਰਨ ਵਰਤ ਰਖਣਾ ਪਵੇਗਾ। ਭਾਵੇਂ ਮੁਸਾਫ਼ਿਰ ਦੀਆਂ ਅੱਖਾਂ ਸੇਜਲ ਸਨ। ਫੇਰੂਮਾਨ ਖਿੜ-ਖਿੜਾ ਕੇ ਹੱਸਿਆ ਤੇ ਕਹਿਣ ਲਗਾ: 'ਤੇਰੇ ਕੋਲੋਂ ਇਹ ਨਹੀਂ ਹੋ ਸਕਣਾ।'

ਬੇਹੋਸ਼ ਹੋਣ ਤੋਂ ਪਹਿਲਾਂ ਅਫਸਰਾਂ ਨੇ ਫੇਰੂਮਾਨ ਜੀ ਨੂੰ ਕਿਹਾ ਕਿ ਜੇ ਆਪ ਦੇ ਸਰੀਰ ਦਾ ਸੰਸਕਾਰ ਕੁੰਡਾਂ ਵਿਚ ਕੀਤਾ ਗਿਆ ਤਾਂ ਖ਼ੂਨ ਖਰਾਬੇ ਦਾ ਖਤਰਾ ਹੈ। ਆਪਨੇ ਕਿਹਾ ਕਿ ਮੈਂ ਆਪਣਾ ਪ੍ਰਣ ਪੂਰਾ ਕਰ ਦਿੱਤਾ ਹੈ। ਤੁਸੀਂ ਮੇਰਾ ਅੰਤਮ ਸੰਸਕਾਰ ਮੇਰੇ ਪਿੰਡ ਕਰ ਦੇਣਾ।

ਆਪਣੀ ਅਰਦਾਸ ਤੇ ਕਾਇਮ ਫੇਰੂਮਾਨ ਨੇ 27 ਅਕਤੂਬਰ ਗੁਰੂ ਰਾਮ ਦਾਸ ਜੀ ਦੇ ਜਨਮ ਦਿਨ ਵਾਲੇ ਦਿਨ 3 ਵੱਜ ਕੇ 30 ਮਿੰਟ ਤੇ ਸੁਆਸ ਛੱਡੇ ਤੇ 'ਸ਼੍ਰੋਮਣੀ ਸ਼ਹੀਦ' ਦਾ ਨਾਮਣਾ ਖੱਟ ਕੇ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ।

ਅਕਾਲੀ ਦਲ ਤੇ ਕਾਂਗਰਸ ਵਿਚ ਕਈ ਅਹੁਦਿਆਂ ਤੇ ਸੇਵਾ ਕਰਕੇ ਆਪ ਦੋ ਵਾਰੀ ਰਾਜ ਸਭਾ ਦੇ ਮੈਂਬਰ ਵੀ ਰਹੇ ਸਨ ਪਾਰਲੀਮੈਂਟ ਨੇ ਆਪ ਨੂੰ ਸ਼ਰਧਾਂਜਲੀ ਭੇਟ ਕੀਤੀ। ਆਪ ਦਾ ਸੰਸਕਾਰ ਆਪਦੇ ਪਿੰਡ ਫੇਰੂਮਾਨ ਅਤੇ ਫਿਰ ਭੋਗ ਵੀ ਉਥੇ ਹੀ ਪਾਇਆ ਗਿਆ।

Digitized by Panjab Digital Library | www.panjabdigilib.org

# ਸੋਹਣ ਸਿੰਘ ਜੋਸ਼

ਕਾਮਰੇਡ ਸੋਹਣ ਸਿੰਘ ਜੋਸ਼ ਨਾਲ ਮੇਰੀ ਜਾਣ-ਪਛਾਣ ਸੰਨ 1937 ਵਿਚ ਪਹਿਲੀਆਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਤੋਂ ਪਿਛੋਂ ਹੋਈ। ਵਾਸਤਵ ਵਿਚ ਮੈਂ ਸਿਆਸੀ ਮੈਦਾਨ ਵਿਚ ਇਹਨਾਂ ਚੋਣਾਂ ਤੋਂ ਬਾਅਦ ਹੀ ਦਾਖਲ ਹੋਇਆ। ਕਾਮਰੇਡ ਜੋਸ਼ ਨਾਲ ਭਾਵੇਂ ਮੇਰਾ ਨੇੜ ਕਦੇ ਨਹੀਂ ਰਿਹਾ ਕਿਉਂਕਿ ਕਾਂਗਰਸ ਵਿਚ ਰਹਿੰਦੇ ਹੋਏ ਵੀ ਅਸੀਂ ਅੱਡ-ਅੱਡ ਗਰੁੱਪਾਂ ਵਿਚ ਕੰਮ ਕਰਦੇ ਸਾਂ। ਮੈਂ ਅਕਾਲੀ ਗਰੁੱਪ ਵਿਚ ਸੀ ਤੇ ਕਾਮਰੇਡ ਜੋਸ਼ ਕਿਰਤੀ ਕਿਸਾਨ ਪਾਰਟੀ ਵਿਚ। ਚੂੰਕਿ ਇਹ ਦੋਵੇਂ ਧੜੇ ਪੇਂਡੂ ਲੋਕਾਂ ਵਿਚ ਬਾਕੀ ਕਾਂਗਰਸੀਆਂ ਨਾਲੋਂ ਵੱਧ ਕੰਮ ਕਰਦੇ ਸਨ, ਹਰ ਰੋਜ਼ ਹੀ ਇਹਨਾਂ ਦੇ ਜਲਸੇ ਪਿੰਡਾਂ ਵਿਚ ਰੱਖੇ ਹੋਏ ਹੁੰਦੇ ਸਨ, ਇਸ ਕਰਕੇ ਇਹਨਾਂ ਵਿਚਕਾਰ ਇਹ ਦੌੜ ਵੀ ਸੀ ਕਿ ਕਿਹੜਾ ਧੜਾ ਆਮ ਲੋਕਾਂ ਵਿਚ ਵਧੀਕ ਮਕਬੂਲ ਹੁੰਦਾ ਹੈ। ਇਸ ਸ਼ਰੀਕੇ ਕਰਕੇ ਇਹ ਇਕ ਦੂਜੇ ਦੇ ਵਿਰੁੱਧ ਸਨ।

ਇਸ ਵਿਰੋਧਤਾ ਸੰਬੰਧੀ ਦੋ ਗੱਲਾਂ ਯਾਦ ਆਈਆਂ ਜੋ ਇਥੇ ਦਰਜ ਕਰਨ ਦੀ ਦਲੇਰੀ ਕਰਦਾ ਹਾਂ। ਇਹ ਗੱਲਾਂ ਉਸ ਟੀਸੀ ਨੂੰ ਜ਼ਾਹਿਰ ਕਰਨਗੀਆਂ ਜਿਸ ਤੇ ਇਹਨਾਂ ਦੋਹਾਂ ਧੜਿਆਂ ਦੀ ਵਿਰੋਧਤਾ ਪਹੁੰਚੀ ਹੋਈ ਸੀ।

1938-39 ਵਿਚ ਮੈਂ ਇਕ ਨਜ਼ਮ 'ਹਲੂਣਾ' ਦੇ ਨਾਂ ਹੇਠਾਂ ਲਿਖੀ ਸੀ। ਜੋ ਗੁਲਾਮੀ ਵਿਰੁੱਧ ਘਿਰਣਾਂ ਨੂੰ ਇਕ ਖਾਸ ਸਿਖਰ ਤੇ ਦਰਸਾਂਦੀ ਸੀ ਤੇ ਨੌਜਵਾਨਾਂ ਵਿਚ ਇਹ ਅਥਾਹ ਜੋਸ਼ ਪੈਦਾ ਕਰਦੀ ਸੀ। ਉਹ ਨਜ਼ਮ ਬਹੁਤ ਮਕਬੂਲ ਹੋਈ ਤੇ ਤਕਰੀਬਨ ਸਰਕਾਰ ਵਿਰੁੱਧ ਹਰ ਸਿਆਸੀ ਜਲਸੇ ਵਿਚ ਪੜ੍ਹੀ ਜਾਂਦੀ ਸੀ। ਜੇ ਮੈਂ ਉਥੇ ਹਾਜ਼ਰ ਨਾ ਹੋਵਾਂ ਤਾਂ ਕੋਈ ਹੋਰ ਨੌਜਵਾਨ ਪੜ੍ਹ ਕੇ ਸੁਣਾ ਦੇਂਦਾ ਸੀ। ਕਵਿਤਾ ਦੇਸ਼ ਦੇ ਨੌਜਵਾਨਾਂ ਨੂੰ ਮੁਖ਼ਾਤਿਬ ਸੀ। ਉਸ ਚਲਾ ਵਿਚ ਇਕ ਬੰਦ ਇਸ ਤਰ੍ਹਾਂ ਸੀ :—

Digitized by Panjab Digital Library | www.panjabdigilib.org

ਉਠਾ ਦੇ ਇਸ ਧਰਤੀ ਤੋਂ ਉੱਚਾ ਉਠਾ ਦੇ
ਮਿਟਾ ਦੇ ਗਰੀਬਾਂ ਦੀ ਭੁੱਖ ਨੂੰ ਮਿਟਾ ਦੇ
ਜਗਾ ਦੇ ਕਿਸਾਨਾਂ ਨੂੰ ਟੁੰਭ ਕੇ ਜਗਾ ਦੇ
ਤੇ ਕਿਰਤੀ ਕਿਸਾਨਾਂ ਨੂੰ ਕਹਿ ਕੇ ਸੁਣਾ ਦੇ
ਬੜੇ ਸਾਲ ਸੁੱਤੇ ਹੋ, ਜਾਗੋ, ਨਿਹਾਲੋ
ਵਿਗੜੀ ਜੋ ਆਪਣੀ ਹੈ, ਕੁਝ ਤਾਂ ਬਣਾਲੋ

ਅਕਾਲੀਆਂ ਦੇ ਲੀਡਰ ਮਾ: ਤਾਰਾ ਸਿੰਘ ਨੇ ਮੁਸਾਫਿਰ ਨੂੰ ਕਿਹਾ ਕਿ ਪ੍ਰੇਮ ਨੇ ਬੜੀ ਵਧੀਆ ਕਵਿਤਾ ਲਿਖੀ ਹੈ ਜੋ ਇਕ ਵਾਰੀ ਤਾਂ ਜਲਸੇ ਵਿਚ ਜਾਨ ਪੈਦਾ ਕਰ ਦੇਂਦੀ ਹੈ ਪਰ ਉਸ ਨੂੰ ਕਹੋ ਕਿ ਕਿਰਤੀ ਕਿਸਾਨਾਂ ਵਾਲੀ ਸਤਰ ਕੱਟ ਕੇ ਬਦਲ ਦੇਵੇ, ਇਸ ਨਾਲ ਵਿਰੋਧੀ ਪਾਰਟੀ ਨੂੰ ਲਾਭ ਪਹੁੰਚਦਾ ਹੈ। ਮੁਸਾਫਿਰ ਜੀ ਨੇ ਜਦੋਂ ਮੇਰੇ ਨਾਲ ਗੱਲ ਕੀਤੀ ਤਾਂ ਮੇਰਾ ਅੰਦਰਲਾ ਸ਼ਾਇਰ 'ਪ੍ਰੇਮ' ਉਸ ਤਰਮੀਮ ਨੂੰ ਸਵੀਕਾਰ ਨਾ ਕਰ ਸਕਿਆ।

ਦੂਸਰੀ ਗੱਲ ਗਿਆਨੀ ਕਰਤਾਰ ਸਿੰਘ ਜੀ ਨਾਲ ਸਬੰਧ ਰੱਖਦੀ ਹੈ। ਮੈਂ ਜਦੋਂ ਵਿਅਕਤੀਗਤ, ਸਤਿਆਗ੍ਰਹਿ ਦੀ ਕੈਦ ਭੁਗਤ ਕੇ ਰਿਹਾਅ ਹੋਇਆ ਤਾਂ ਸਰਕਾਰ ਨੇ ਮੇਰਾ ਵਕਾਲਤ ਦਾ ਲਾਇਸੈਂਸ ਜ਼ਬਤ ਕਰ ਲਿਆ ਸੀ। ਉਸ ਮੁਕਦਮੇ ਵਿਚ ਗਿਆਨੀ ਜੀ ਨੇ ਦਿਲਚਸਪੀ ਲਈ ਤੇ ਮੇਰੀ ਸਹਾਇਤਾ ਵੀ ਕੀਤੀ। ਸਾਡੇ ਜੇਲ੍ਹ ਜਾਣ ਪਿੱਛੋਂ ਮਾਸਟਰ ਜੀ ਤੇ ਗਿਆਨੀ ਜੀ ਨੇ 'ਖ਼ਾਲਸਾ ਡੀਫੈਨਸ ਆਫ਼ ਇੰਡੀਆ ਲੀਗ' ਬਣਾਕੇ ਫੌਜ ਵਿਚ ਭਰਤੀ ਦੇਣੀ ਸ਼ੁਰੂ ਕਰ ਦਿੱਤੀ। ਜਦੋਂ ਮੈਨੂੰ ਗਿਆਨੀ ਜੀ ਨੇ ਇਹ ਕਿਹਾ ਕਿ, "ਪ੍ਰੇਮ' ਸਿਕੰਦਰ-ਬਲਦੇਵ ਸਿੰਘ ਸਮਝੌਤਾ ਹੋ ਰਿਹਾ ਹੈ: ਜਦੋਂ ਐਲਾਨ ਹੋਵੇਗਾ ਤੁਸੀਂ ਕੈਮਲਪੁਰ ਤੋਂ ਇਕ ਬਿਆਨ ਦੇ ਕੇ ਉਸ ਨੂੰ 'ਜੀ ਆਇਆ' ਆਖ ਦੇਣਾ" ਤਾਂ ਮੈਂ ਬੇਨਤੀ ਕੀਤੀ, 'ਗਿਆਨੀ ਜੀ, ਮੈਂ ਪ੍ਰਦੇਸ਼ ਕਾਂਗਰਸ ਦੀ ਵਰਕਿੰਗ ਕਮੇਟੀ ਦਾ ਮੈਂਬਰ ਹਾਂ, ਮੈਥੋਂ ਇਹ ਨਹੀਂ ਹੋ ਸਕਣਾ।' ਨਾਲ ਹੀ ਮੈਂ ਇਹ ਕਿਹਾ ਕਿ 'ਕਾਂਗਰਸ ਦੇ ਮੈਂਬਰ ਹੁੰਦੇ ਹੋਏ ਫੌਜ ਵਿਚ ਭਰਤੀ ਦੇਣ ਵਾਲੀ ਗੱਲ ਤੁਸੀਂ ਠੀਕ ਨਹੀਂ ਕਰ ਰਹੇ।' ਤਾਂ ਉਹਨਾਂ ਨੇ ਆਪਣੇ ਮਨ ਦੀ ਖੁਸ਼-ਫਹਿਮੀ, ਸੋਚ ਅਤੇ ਘੜ ਰੱਖੇ ਮਨਸੂਬੇ ਮੇਰੇ ਨਾਲ ਸਾਂਝੇ ਕੀਤੇ, ਕਹਿਣ ਲੱਗੇ ਕਿ ਲੜਾਈ ਦੇ

Digitized by Panjab Digital Library | www.panjabdigilib.org

ਖ਼ਾਤਮੇ ਦੇ ਨਾਲ-ਨਾਲ ਹੀ ਅੰਗਰੇਜ਼ ਨੂੰ ਇਥੋਂ ਜਾਣਾ ਪਵੇਗਾ ਤੇ ਫਿਰ ਇਥੇ ਖ਼ਾਨਾ-ਜੰਗੀ ਸ਼ੁਰੂ ਹੋ ਜਾਣੀ ਹੈ। ਜਿਹੜੀਆਂ ਪਾਰਟੀਆਂ ਨੇ ਤਕੜੇ ਹੋ ਕੇ ਇਲਾਕਿਆਂ ਤੇ ਕਬਜ਼ੇ ਕਰ ਲਏ, ਉਹ ਉਥੋਂ ਦੇ ਰਾਜੇ ਹੋ ਜਾਣਗੇ। ਸਾਡੇ ਕੋਲ ਫ਼ੌਜੀ ਤਾਕਤ ਹੋਈ ਤਾਂ ਅਸੀਂ ਅਮਕੇ-ਅਮਕੇ ਲੀਡਰਾਂ ਨੂੰ ਪਕੜ ਕੇ ਜੇਲ੍ਹ ਬੰਦ ਕਰ ਦਿਆਂਗੇ ਤੇ ਮੁੜ ਕੇ ਪੰਜਾਬ ਤੇ ਆਪਣਾ ਰਾਜ ਕਾਇਮ ਕਰਾਂਗੇ। ਜਿਨ੍ਹਾਂ ਲੀਡਰਾਂ ਨੂੰ ਫੜ ਕੇ ਕੈਦ ਕਰਨ ਦਾ ਉਹਨਾਂ ਜ਼ਿਕਰ ਕੀਤਾ ਉਹਨਾਂ ਵਿਚ ਜੋਸ਼ ਜੀ ਦਾ ਨਾਂ ਚੋਟੀ ਤੇ ਸੀ।

ਖ਼ੈਰ, ਇਹ ਤਾਂ ਇਕ ਵਿਚ ਦੀ ਗੱਲ ਆ ਗਈ ਸੀ, ਮੈਂ ਜ਼ਿਕਰ ਕਰ ਰਿਹਾ ਸੀ ਕਿ ਜੋਸ਼ ਜੀ ਨਾਲ ਮੇਰਾ ਨੇੜ ਦਾ ਰਿਸ਼ਤਾ ਕੋਈ ਨਹੀਂ ਰਿਹਾ ਪਰ ਉਹਨਾਂ ਦੀ ਸ਼ਖਸੀਅਤ ਦਾ ਅਸਰ ਮੇਰੇ ਤੇ ਜ਼ਰੂਰ ਸੀ। ਮੈਂ ਨਵਾਂ-ਨਵਾਂ ਰਾਜਨੀਤਕ ਖੇਤਰ ਵਿਚ ਆਇਆ ਸੀ ਤੇ ਜੋ ਲੀਡਰ ਉਸ ਵੇਲੇ ਮੈਦਾਨ ਵਿਚ ਸਨ, ਉਹਨਾਂ ਦਾ ਇਕ ਨਾ ਇਕ ਬਿੰਬ ਮੇਰੇ ਕੱਚ ਘੜੇ ਤੇ ਨਾ-ਤਜਰਬਾਕਾਰ ਮਨ ਤੇ ਜੰਮਣਾ ਜ਼ਰੂਰੀ ਸੀ। ਉਹਨਾਂ ਵਿਚੋਂ ਜੋ ਬਿੰਬ ਕਾਮਰੇਡ ਜੋਸ਼ ਦਾ ਬਣਿਆ ਉਹ ਇਕ ਚੋਟੀ ਦੇ ਦੇਸ਼ ਭਗਤ ਨਿਸ਼ਕਾਮ ਤੇ ਦਿਆਨਤਦਾਰ ਲੀਡਰ, ਅਣਥੱਕ ਵਰਕਰ, ਆਪਣੀ ਵਿਚਾਰ-ਧਾਰਾ ਤੇ ਚਿੰਤਨ-ਸ਼ੈਲੀ ਵਿਚ ਪਰਪੱਕ ਤੇ ਉਸ ਦੀ ਖ਼ਾਤਿਰ ਸਭ ਕੁਝ ਕੁਰਬਾਨ ਕਰ ਦੇਣ ਵਾਲੇ ਸੁਤੰਤਰਤਾ ਸੰਗਰਾਮੀਏ ਦਾ ਬਿੰਬ ਸੀ। ਪਿਛੋਂ ਆ ਕੇ ਤਾਂ ਅਸੀਂ ਕਈ ਸਾਹਿਤਕ ਇਕੱਠਾਂ ਵਿਚ ਵੀ ਇਕੱਠੇ ਹੁੰਦੇ ਰਹੇ ਤੇ ਆਖ਼ਰੀ ਐਸਾ ਇਕੱਠ ਜਿਸ ਤੋਂ ਬਾਅਦ ਆਪ ਮੈਨੂੰ ਨਹੀਂ ਮਿਲੇ ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਸੀ, ਜਿਸ ਵਿਚ ਸੁਤੰਤਰਤਾ ਸੰਗਰਾਮ ਬਾਰੇ ਮੈਂ ਤੇ ਜੋਸ਼ ਜੀ ਦੋਹਾਂ ਨੇ ਪਰਚੇ ਪੜ੍ਹੇ ਤੇ ਕੁਝ ਦਿਨ ਇਥੇ ਰਹਿ ਕੇ ਗੋਸ਼ਟੀਆਂ ਵਿਚ ਹਿੱਸਾ ਲਿਆ। ਜੋਸ਼ ਜੀ ਆਪਣੇ ਆਪ ਵਿਚ ਇਕ ਸੰਸਥਾ ਸਨ। ਉਹਨਾਂ ਦੇ ਚਲੇ ਜਾਣ ਨਾਲ ਉਹ ਸੰਸਥਾ ਮੁੱਕ ਗਈ ਤੇ ਇਕ ਯੁੱਗ ਬੀਤ ਗਿਆ।

ਪੰਜਾਬ ਦੇ ਦੂਸਰੇ ਕਈ ਸਿੱਖ ਲੀਡਰਾਂ ਦੀ ਤਰ੍ਹਾਂ ਜੋਸ਼ ਜੀ ਵੀ ਸੁਤੰਤਰਤਾ ਸੰਗਰਾਮ ਵਿਚ 'ਅਕਾਲੀ ਲਹਿਰ' ਅਥਵਾ 'ਗੁਰਦਵਾਰਾ ਸੁਧਾਰ ਲਹਿਰ' ਦੇ ਰਾਹੀਂ ਆਏ। ਅਕਾਲੀ ਲਹਿਰ, ਆਜ਼ਾਦੀ ਲਹਿਰ ਦਾ ਇਕ ਹਿੱਸਾ ਹੀ ਸੀ ਤਦੇ ਤਾਂ ਕੁੰਜੀਆਂ ਦਾ ਮੋਰਚਾ ਫਤਹਿ ਹੋ ਜਾਣ ਤੇ ਮਹਾਤਮਾ ਗਾਂਧੀ ਨੇ ਬਾਬਾ ਖੜਕ ਸਿੰਘ

Digitized by Panjab Digital Library | www.panjabdigilib.org

ਨੂੰ ਹੇਠ ਲਿਖੀ ਤਾਰ ਦਿੱਤੀ ਸੀ :—

"ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਲੜਾਈ ਜਿੱਤ ਲਈ ਗਈ ਵਧਾਈਆਂ"

— ਐਮ. ਕੇ. ਗਾਂਧੀ ।

ਕਾਮਰੇਡ ਸੋਹਣ ਸਿੰਘ ਜੋਸ਼ ਦਾ ਜਨਮ ਆਪਣੇ ਜੱਦੀ ਪਿੰਡ ਚੇਤਨਪੁਰਾ ਵਿਚ ਸੰਨ 1895-96 ਵਿਚ ਹੋਇਆ । ਪਿੰਡ ਦੇ ਮੌਲਵੀ ਪਾਸੋਂ ਮੁੱਢਲੀ ਤਾਲੀਮ ਹਾਸਲ ਕਰਕੇ ਆਪ ਡੰਗਰ ਚਾਰਨ ਲੱਗ ਗਏ ਕਿਉਂਕਿ ਪਿੰਡ ਵਿਚ ਉਦੋਂ ਸਕੂਲ ਕੋਈ ਨਹੀਂ ਸੀ ਤੇ ਕਿਧਰੇ ਬਾਹਰ ਭੇਜ ਕੇ ਪੜ੍ਹਾਉਣ ਦੀ ਉਸ ਦੇ ਗਰੀਬ ਬਾਪੂ ਦੀ ਸਮਰੱਥਾ ਨਹੀਂ ਸੀ । ਸਕੂਲ ਖੁਲ੍ਹਣ ਤੇ ਆਪ ਨੇ ਉਥੇ ਤੇ ਫਿਰ ਮਜੀਠਾ ਸਕੂਲ ਵਿਚ ਪੜ੍ਹ ਕੇ ਦਸਵੀਂ ਪਾਸ ਕੀਤੀ । ਕਾਲਜ ਵਿਚ ਦਾਖਲ ਹੋਏ । ਪਰ ਪਿਤਾ ਦੀ ਗਰੀਬੀ ਕਾਰਨ ਪੜ੍ਹਾਈ ਪੂਰੀ ਨਾ ਕਰ ਸਕੇ ।

ਜੋਸ਼ ਜੀ ਦੇ ਪਿੰਡ ਦਾ ਇਕ ਆਦਮੀ ਹੁਬਲੀ ਨੌਕਰੀ ਕਰਦਾ ਸੀ। ਉਸ ਵਸੀਲੇ ਨਾਲ ਜੋਸ਼ ਜੀ ਨੂੰ ਡੇਢ ਰੁਪਏ ਦਿਹਾੜੀ 'ਤੇ ਕੰਮ ਮਿਲ ਗਿਆ । ਜਦੋਂ ਮਾਤਾ ਜੀ ਤੋਂ ਆਗਿਆ ਲੈ ਕੇ ਜਾਣ ਲੱਗੇ (ਪਿਤਾ ਜੀ ਤਾਂ ਪਹਿਲਾਂ ਹੀ ਗੁਜ਼ਰ ਚੁੱਕੇ ਸਨ) ਤਾਂ ਮਜਬੂਰ ਮਾਂ ਨੇ ਭਰੇ ਹੋਏ ਗੱਚ ਨਾਲ ਪੁੱਤਰ ਨੂੰ ਇਹ ਸ਼ਬਦ ਕਹਿ ਕੇ ਵਿਦਾ ਕੀਤਾ :—

"ਰਿਜ਼ਕ ਵਿਹੂਣੇ ਆਦਮੀ ਜਾਣ ਮੁਹੱਬਤਾਂ ਤੋੜ"

ਮਾਂ ਦੇ ਇਹਨਾਂ ਸ਼ਬਦਾਂ ਨੇ ਜੋਸ਼ ਜੀ ਦੀ ਜ਼ਿੰਦਗੀ ਵਿਚ ਹਮੇਸ਼ਾਂ ਰਹਿਨੁਮਈ ਕੀਤੀ ਤੇ ਆਪ ਦ੍ਰਿੜ ਇਰਾਦੇ ਨਾਲ ਆਪਣੇ ਕੰਮ ਵਿਚ ਜੁੱਟੇ ਰਹੇ ।

ਹੁਬਲੀ ਤੋਂ ਪਿਛੋਂ ਆਪ ਨੂੰ ਬੰਬਈ ਸੈਂਸਰ ਵਿਭਾਗ ਵਿਚ ਨੌਕਰੀ ਮਿਲੀ ਜਿਥੇ ਆਪ ਬਾਹਰੋਂ ਆਈ ਡਾਕ ਦਾ ਨਿਰੀਖਣ ਕਰਦੇ ਸਨ । ਆਪ ਨੂੰ ਹੁਕਮ ਸੀ ਕਿ ਮਸ਼ਕੂਕ ਤੇ ਸਰਕਾਰ ਵਿਰੋਧੀ ਚਿੱਠੀਆਂ ਉਪਰਲੇ ਅਫਸਰਾਂ ਦੇ ਨੋਟਿਸ ਵਿਚ ਲਿਆਈਆਂ ਜਾਣ । ਇਸ ਕੰਮ ਦੌਰਾਨ ਜੋਸ਼ ਜੀ ਨੂੰ ਅੰਗਰੇਜ਼ੀ ਸਰਕਾਰ ਵਿਰੁੱਧ ਘਿਰਣਾ ਪੈਦਾ ਹੋਈ । ਉਹਨਾਂ ਨੇ ਇਕ ਥਾਂ ਕਿਹਾ ਕਿ ਲੈਨਿਨ ਦੇ ਨਾਂ

Digitized by Panjab Digital Library | www.panjabdigilib.org

ਤੋਂ ਜਾਣੂ ਉਹ ਉਥੇ ਹੀ ਹੋਏ। ਉਹਨਾਂ ਨੂੰ ਨਹੀਂ ਸੀ ਪਤਾ ਕਿ ਲੈਨਿਨ ਕੌਣ ਹੈ। ਉਹ ਕਹਿੰਦੇ ਸਨ :—"ਉਸ ਵੇਲੇ ਮੇਰੇ ਚਿੱਤ ਚੇਤੇ ਵੀ ਨਹੀਂ ਸੀ ਕਿ ਇਕ ਦਿਨ ਇਸੇ ਲੈਨਿਨ ਨੇ ਮੇਰੇ ਦਿਮਾਗ ਨੂੰ ਫੜ ਲੈਣਾ ਹੈ ਤੇ ਹਮੇਸ਼ਾਂ ਲਈ ਆਪਣਾ ਬਣਾ ਲੈਣਾ ਹੈ ਅਤੇ ਮੈਂ ਸਾਰੀ ਉਮਰ ਹੀ ਉਸ ਆਦਰਸ਼ 'ਚ ਅਰਪਣ ਕਰ ਦੇਣੀ ਹੈ ਜਿਸ ਦਾ ਲੈਨਿਨ ਖੁਦ ਦੇਹਮਾਨ ਰੂਪ ਤੇ ਝੰਡਾ ਬਰਦਾਰ ਸੀ।"

ਜੰਗ ਖਤਮ ਹੋ ਜਾਣ ਤੇ ਉਹ ਦਫਤਰ ਟੁੱਟ ਗਿਆ ਤੇ ਆਪ ਵਾਪਸ ਆ ਕੇ 'ਚਰਚ ਮਿਸ਼ਨ ਸਕੂਲ', ਮਜੀਠਾ ਵਿੱਚ ਅਧਿਆਪਕ ਲੱਗ ਗਏ।

ਇਹ ਉਹ ਦਿਨ ਸਨ ਜਦੋਂ ਜਲ੍ਹਿਆਂ ਵਾਲੇ ਬਾਗ ਦੇ ਕਤਲੇ-ਆਮ ਦੀ ਘਟਨਾ ਹੋ ਚੁੱਕੀ ਸੀ ਤੇ ਗੁਰਦਵਾਰਿਆਂ ਨੂੰ ਆਜ਼ਾਦ ਕਰਾਉਣ ਦੀ ਮੁਹਿੰਮ ਸ਼ੁਰੂ ਹੋ ਗਈ ਸੀ। ਅਕਾਲੀ ਆਗੂਆਂ ਨੇ ਲਹਿਰ ਦੀ ਕਾਮਯਾਬੀ ਲਈ ਜ਼ਰੂਰੀ ਸਮਝ ਕੇ ਲਾਹੌਰ ਸ਼ਹਿਰ ਤੋਂ 'ਅਕਾਲੀ' ਅਖਬਾਰ ਕੱਢਿਆ ਜੋ ਪਿੱਛੋਂ 'ਅਕਾਲੀ ਤੇ ਪਰਦੇਸੀ' ਦੇ ਨਾਂ ਵਿਚ ਬਦਲ ਗਿਆ। ਕਹਿੰਦੇ ਨੇ ਇਹ ਅਖ਼ਬਾਰ ਲੱਖਾਂ ਦੀ ਗਿਣਤੀ ਵਿਚ ਛਪਦਾ ਸੀ ਤੇ ਸਾਰੇ ਪਿੰਡਾਂ ਤਕ ਪਹੁੰਚਦਾ ਸੀ। ਮੈਕਲੇਗਨ ਰੋਡ ਲਾਹੌਰ ਤੇ ਅਖ਼ਬਾਰ ਦੇ ਦਫਤਰ ਅੱਗੇ ਲਾਹੌਰ ਨਿਵਾਸੀ ਸਵੇਰੇ-ਸਵੇਰੇ ਪਹੁੰਚ ਜਾਂਦੇ ਸਨ ਤੇ ਜਿਤਨੀਆਂ ਕਾਪੀਆਂ ਹੋਣ ਹੱਥੋਂ-ਹੱਥੀਂ ਵਿਕ ਜਾਂਦੀਆਂ ਸਨ। ਸਿੱਖ ਤਾਂ ਨਿੱਤ-ਨੇਮ ਦੀ ਤਰ੍ਹਾਂ ਇਸ ਅਖ਼ਬਾਰ ਨੂੰ ਪੜ੍ਹਦੇ ਸਨ। ਜੋਸ਼ ਜੀ ਨੇ ਆਪ ਇਕ ਥਾਂ ਕਿਹਾ ਹੈ ਕਿ "ਦੇਸ਼ ਭਗਤੀ ਜਗਾਈ ਮੇਰੀ ਰੋਜ਼ਾਨਾ ਅਕਾਲੀ ਨੇ" ਸੋ ਇਸ ਤਰ੍ਹਾਂ ਜਿਹੜਾ ਬੀਜ ਸੈਂਸਰ ਵਿਭਾਗ ਦੀ ਨੌਕਰੀ ਵੇਲੇ ਬੋਇਆ ਗਿਆ ਸੀ ਉਹ ਫੱਟ ਪਿਆ ਤੇ ਇਕ ਸਰਸਬਜ਼ ਬੂਟੇ ਦੀ ਸ਼ਕਲ ਇਖ਼ਤਿਆਰ ਕਰਨ ਲੱਗਾ। 'ਅਕਾਲੀ' ਬਾਰੇ ਜੋਸ਼ ਜੀ ਆਪ ਲਿਖਦੇ ਸਨ :—

"'ਰੋਜ਼ਾਨਾ ਅਕਾਲੀ' ਨਾਲ ਪੰਜਾਬ ਵਿਚ ਵਿਹਰਵੀਂ ਤੇ ਅਵੱਗਿਆਕਾਰੀ ਪੱਤਰਕਾਰੀ ਦਾ ਆਰੰਭ ਹੋਇਆ ਅਤੇ ਇਸ ਨੇ ਸਿੱਖਾਂ ਦੀ ਸਮਾਜੀ, ਰਾਜਸੀ ਤੇ ਸੱਭਿਆਚਾਰਕ ਜ਼ਿੰਦਗੀ ਵਿੱਚ ਇਕ ਤਰ੍ਹਾਂ ਦਾ ਇਨਕਲਾਬ ਲੈ ਆਂਦਾ।"

'ਅਕਾਲੀ' ਦੀਆਂ ਜੋਸ਼ੀਲੀਆਂ ਲਿਖਤਾਂ ਦੇ ਅਸਰ ਕਰਕੇ ਜੋਸ਼ ਜੀ ਮੈਦਾਨ ਵਿਚ ਉਤਰੇ ਅਤੇ **ਅਕਤੂਬਰ 1920** ਵਿਚ ਜੋ ਲਹੌਰ ਵਿਚ ਸਿੱਖ ਲੀਗ ਦਾ

Digitized by Panjab Digital Library | www.panjabdigilib.org

ਦੂਜਾ ਸਮਾਗਮ ਬਾਬਾ ਖੜਕ ਸਿੰਘ ਦੀ ਪ੍ਰਧਾਨਗੀ ਹੇਠ ਹੋਇਆ ਉਸ ਵਿਚ ਸ਼ਾਮਿਲ ਹੋਏ। ਗੁਰਦਵਾਰਾ ਰਕਾਬ ਗੰਜ ਦਿੱਲੀ ਦੀ ਸਰਕਾਰ ਵਲੋਂ ਢਾਹੀ ਗਈ ਕੰਧ ਨੂੰ ਦੁਬਾਰਾ ਉਸਾਰਨ ਲਈ ਮੋਰਚਾ ਲਾਣ ਦਾ ਫੈਸਲਾ ਕੀਤਾ ਗਿਆ ਅਤੇ ਸ਼ਹੀਦੀ ਜੱਥੇ ਲਈ ਨਾਂ ਮੰਗੇ ਗਏ। ਇਸ ਜੱਥੇ ਵਿਚ ਸ਼ਾਮਿਲ ਹੋਣ ਲਈ ਜੋਸ਼ ਜੀ ਨੇ ਵੀ ਆਪਣਾ ਨਾਂ ਲਿਖਵਾਇਆ। ਮੋਰਚਾ, ਸ਼ੁਰੂ ਹੋਣ ਤੋਂ ਪਹਿਲਾਂ ਹੀ ਫਤਿਹ ਹੋ ਗਿਆ। ਸਰਕਾਰ ਨੇ ਮੋਰਚੇ ਦੀ ਮਿੱਥੀ ਤਰੀਕ ਤੋਂ ਪਹਿਲਾਂ ਹੀ ਕੰਧ ਬਣਵਾ ਦਿੱਤੀ।

## ਜੋਸ਼ ਜੀ ਦੇ ਵਰੰਟ ਗ੍ਰਿਫਤਾਰੀ

ਜਦੋਂ 'ਅਕਾਲੀ' ਦੇ ਸੰਪਾਦਕ ਸ: ਮੰਗਲ ਸਿੰਘ ਨੂੰ ਉਸ ਦੀਆਂ ਲਿਖਤਾਂ ਦੇ ਕਾਰਨ ਗ੍ਰਿਫਤਾਰ ਕਰਕੇ, ਮੁਕੱਦਮਾ ਚਲਾ ਕੇ ਕੈਦ ਕਰ ਦਿੱਤਾ ਗਿਆ ਤਾਂ ਕਾਮਰੇਡ ਜੋਸ਼ ਨੇ ਆਪਣੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਤੇ ਕੁਝ ਚਿਰ 'ਅਕਾਲੀ' ਪਤ੍ਰਿਕਾ ਦੇ ਸੰਪਾਦਕੀ ਦੀ ਸੇਵਾ ਨਿਭਾਉਂਦੇ ਰਹੇ ਪਰ ਚੂੰਕਿ ਆਪ ਇਕ ਅਣਥੱਕ ਵਰਕਰ ਤੇ ਚੰਗੇ ਬੁਲਾਰੇ ਸਨ. ਆਪ ਨੂੰ ਕਾਰਜ-ਖੇਤਰ ਦਾ ਕੰਮ ਸੌਂਪਿਆ ਗਿਆ। ਆਪ ਨੇ ਪਿੰਡਾਂ ਵਿਚ ਜਾ ਕੇ ਕੰਮ ਕੀਤਾ ਤੇ ਅੰਗਰੇਜ਼-ਵਿਰੋਧੀ ਭੜਕਾਊ ਤਕਰੀਰਾਂ ਕੀਤੀਆਂ। ਨਤੀਜਾ ਇਹ ਹੋਇਆ ਕਿ ਕਈ ਥਾਣਿਆਂ ਤੋਂ ਆਪ ਦੇ ਵਾਰੰਟ-ਗ੍ਰਿਫਤਾਰੀ ਜਾਰੀ ਹੋ ਗਏ। ਆਪ ਕਿੰਨਾਂ ਚਿਰ ਪੁਲਿਸ ਦੇ ਹੱਥ ਨਾ ਆਏ। ਅਖੀਰ ਇਕ ਦਿਨ ਗ੍ਰਿਫਤਾਰ ਹੋ ਗਏ। ਮੁਕੱਦਮਾ ਚੱਲਿਆ ਤੇ ਆਪ ਨੂੰ ਇਕ ਸਾਲ ਦੀ ਕੈਦ ਤੇ 400 ਰੁਪਿਆ ਜੁਰਮਾਨਾ ਹੋਇਆ ਆਪ ਦੀ ਰਿਹਾਈ ਤੋਂ ਬਾਅਦ ਆਪ ਨੂੰ ਸ਼ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਜੋ ਸਾਰੇ ਪੰਥ ਦੇ ਪ੍ਰਤੀਨਿਧ ਇਕੱਠ ਤੇ ਅਕਾਲ ਤਖਤ ਤੇ ਮੀਟਿੰਗ ਕਰਕੇ ਕਾਇਮ ਕੀਤੀ ਸੀ। ਨਾਲ ਹੀ ਨਾਲ ਮਾਰਚ 1923 ਵਿਚ ਰਾਜਨੀਤਿਕ ਜੱਥੇਬੰਦੀ ਸ਼੍ਰੋਮਣੀ ਅਕਾਲੀ ਦਲ ਦਾ ਵੀ ਆਪ ਨੂੰ ਜਨਰਲ ਸਕੱਤਰ ਥਾਪਿਆ ਗਿਆ।

12 ਅਕਤੂਬਰ 1923 ਨੂੰ ਸਰਕਾਰ ਨੇ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦੱਲ ਤੇ ਅਕਾਲੀ ਜੱਥਿਆਂ ਨੂੰ ਕਾਨੂੰਨ ਵਿਰੁੱਧ ਕਰਾਰ ਦੇ ਦਿੱਤਾ ਤੇ ਬਹੁਤ ਸਾਰੇ ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ। ਇਹਨਾਂ ਲੀਡਰਾਂ ਵਿਰੁੱਧ ਸੰਗੀਨ ਦੋਸ਼ ਲਗਾ

Digitized by Panjab Digital Library | www.panjabdigilib.org

ਇੰਡੀਅਨ ਪੈਨਲ ਕੋਡ ਦੀਆਂ ਸਖ਼ਤ ਧਾਰਾਵਾਂ ਹੇਠ ਮੁਕੱਦਮਾ ਚਲਾਇਆ ਗਿਆ। ਇਹ ਮੁਕੱਦਮਾ ਕੋਈ ਤਿੰਨ ਸਾਲ ਚਲਦਾ ਰਿਹਾ ਤੇ ਅਖੀਰ ਗੁਰਦਵਾਰਾ ਬਿਲ ਪਾਸ ਹੋ ਕੇ ਸਾਹਮਣੇ ਆਇਆ। ਸਰਕਾਰ ਨੇ ਐਲਾਨ ਕੀਤਾ ਕਿ 'ਗੁਰਦਵਾਰਾ ਐਕਟ' ਪਾਸ ਕਰ ਦਿੱਤਾ ਗਿਆ ਹੈ। ਜੋ ਲੀਡਰ ਇਸ ਐਕਟ ਅਨੁਸਾਰ ਗੁਰਦਵਾਰਾ ਪ੍ਰਬੰਧ ਚਲਾਉਣ ਦੇ ਹਾਮੀ ਹਨ, ਉਹਨਾਂ ਨੂੰ ਰਿਹਾਅ ਕੀਤਾ ਜਾ ਸਕਦਾ ਹੈ। ਗਰਮ ਖਿਆਲੀਏ ਨੇਤਾ ਕੋਈ ਸ਼ਰਤ ਮੰਨ ਕੇ ਰਿਹਾਅ ਹੋਣ ਲਈ ਤਿਆਰ ਨਹੀਂ ਸਨ। ਜਦੋਂ ਕਿ ਨਰਮ ਖ਼ਿਆਲੀਏ ਨੇਤਾ ਇਸ ਖ਼ਿਆਲ ਦੇ ਸਨ ਕਿ ਜਦੋਂ ਐਕਟ ਬਣ ਗਿਆ ਹੈ ਤਾਂ ਤਜਰਬੇ ਵਜੋਂ ਇਸ ਤੇ ਅਮਲ ਕਰਨਾ ਚਾਹੀਦਾ ਹੈ ਤੇ ਇਹ ਕਹਿਣ ਵਿਚ ਕੋਈ ਹਰਜ ਨਹੀਂ ਕਿ ਅਸੀਂ ਇਸ ਕਾਨੂੰਨ ਅਨੁਸਾਰ ਗੁਰਦਵਾਰਾ ਪ੍ਰਬੰਧ ਚਲਾਉਣ ਲਈ ਤਿਆਰ ਹਾਂ। ਇਸ ਮਸਲੇ ਤੇ ਨੇਤਾਵਾਂ ਵਿਚ ਫੁੱਟ ਪੈ ਗਈ ਤੇ ਨਰਮ ਧੜੇ ਵਲੋਂ 25 ਜਨਵਰੀ 1926 ਨੂੰ ਬਾਵਾ ਹਰਕਿਸ਼ਨ ਸਿੰਘ ਨੇ ਅਦਾਲਤ ਵਿਚ ਇਕ ਬਿਆਨ ਪੜ੍ਹਿਆ ਜਿਸ ਦੇ ਨਤੀਜੇ ਦੇ ਤੌਰ ਤੇ ਬਾਬਾ ਜੀ, ਸ: ਬਹਾਦਰ ਮਹਿਤਾਬ ਸਿੰਘ, ਦਾਨ ਸਿੰਘ ਵਛੋਆ, ਭਗਤ ਜਸਵੰਤ ਸਿੰਘ ਤੇ ਗਿ: ਸ਼ੇਰ ਸਿੰਘ ਆਦਿ 19 ਆਦਮੀ ਰਿਹਾਅ ਹੋ ਗਏ। ਬਾਕੀ ਆਗੂ ਜਿਹੜੇ ਇਹ ਸ਼ਰਤ ਮੰਨਣਾ ਨਹੀਂ ਚਾਹੁੰਦੇ ਸਨ. ਉਹ ਅੰਦਰ ਹੀ ਰਹੇ ਇਹਨਾਂ ਵਿਚ ਤੇਜਾ ਸਿੰਘ ਸਮੁੰਦਰੀ, ਮਾ: ਤਾਰਾ ਸਿੰਘ, ਸੇਵਾ ਸਿੰਘ ਠੀਕਰੀ ਵਾਲਾ, ਗੋਪਾਲ ਸਿੰਘ ਕੌਮੀ, ਸਰਮੁੱਖ ਸਿੰਘ ਝਬਾਲ, ਤੇਜਾ ਸਿੰਘ ਅਕਰਪੁਰੀ ਦੇ ਨਾਲ ਕਾਮਰੇਡ ਸੋਹਣ ਸਿੰਘ ਜੋਸ਼ ਵੀ ਸਨ। ਇਥੋਂ ਸਿੱਖਾਂ ਵਿਚ ਦੋ ਪਾਰਟੀਆਂ ਅੱਡ-ਅੱਡ ਕਾਇਮ ਹੋ ਗਈਆਂ ਜੋ ਪਿੱਛੋਂ ਮਾ: ਤਾਰਾ ਸਿੰਘ ਪਾਰਟੀ ਤੇ ਸ: ਬਹਾਦਰ ਮਹਿਤਾਬ ਸਿੰਘ ਜਾਂ ਗਿ: ਸ਼ੇਰ ਸਿੰਘ ਪਾਰਟੀ ਦੇ ਨਾਮ ਨਾਲ ਜਾਣੀਆਂ ਜਾਣ ਲੱਗੀਆਂ।

ਅਕਾਲੀ ਸਾਜ਼ਿਸ਼ ਕੇਸ ਵਿਚ ਜੋਸ਼ ਜੀ ਨੂੰ ਕਾਫੀ ਲੰਮਾ ਚਿਰ ਕਿਲ੍ਹੇ ਵਿਚ ਬੰਦ ਰਹਿਣਾ ਪਿਆ। ਉਥੇ ਆਪ ਨੇ ਕਾਰਲ ਮਾਰਕਸ, ਏਂਜਲਸ ਤੇ ਲੈਨਿਨ ਬਾਰੇ ਤੇ ਉਹਨਾਂ ਦੀਆਂ ਲਿਖਤਾਂ ਵਿਚੋਂ ਬਹੁਤ ਕੁਝ ਪੜ੍ਹਿਆ। ਉਸ ਪ੍ਰਭਾਵ ਤਲੇ ਹੀ ਆਪ ਨੇ ਮੁਕੱਦਮੇ ਦੌਰਾਨ ਕਚਹਿਰੀ ਵਿਚ ਜੋ ਬਿਆਨ ਦਿੱਤਾ, ਉਹ ਇਸ ਪ੍ਰਕਾਰ ਸੀ :—

"ਮੈਂ ਉਹ ਸਮਾਜ ਚਾਹੁੰਦਾ ਹਾਂ ਜਿੱਥੇ ਸੱਚਾਈ, ਪਿਆਰ ਤੇ ਇਨਸਾਫ਼

Digitized by Panjab Digital Library | www.panjabdigilib.org

ਤਿੰਨੇ ਰਾਜ ਕਰਦੇ ਹੋਣ, ਜਿੱਥੇ ਮਿਹਨਤ ਦਾ ਪੂਰਾ-ਪੂਰਾ ਮੁਆਵਜ਼ਾ ਮਿਲੇ ਅਤੇ ਕੰਮ ਅਤੇ ਇਵਜ਼ਾਨਾ ਬਾਂਹ ਵਿਚ ਬਾਂਹ ਪਾ ਕੇ ਚੱਲਣ। ਦੁਨੀਆਂ ਭਰ ਵਿਚ 'ਅਮਨ -ਕਾਨੂੰਨ' ਸਰਕਾਰਾਂ ਦਾ ਦੇਵਤਾ ਹੈ। ਇਹ ਬੜਾ ਲਹੂ-ਪੀਣਾ ਦੇਵਤਾ ਹੈ। ਇਸ ਦੇ ਦੰਦ ਤੇ ਨਹੁੰ ਸਦਾ ਲਹੂ-ਭਰੇ ਹੁੰਦੇ ਹਨ। ਉਹ ਪੁਰ-ਅਮਨ ਸ਼ਹਿਰੀ ਜਿਹੜਾ ਕਿਸੇ ਮਸਲੇ ਉੱਤੇ ਲੋਕਾਂ ਸਾਹਮਣੇ ਆਪਣੇ ਵਿਚਾਰ ਪ੍ਰਗਟ ਕਰਨੇ ਚਾਹੁੰਦਾ ਹੈ ਇਸ ਦੀਆਂ ਨਜ਼ਰਾਂ ਵਿਚ ਬਦਮਾਸ਼ ਹੁੰਦਾ ਹੈ। ਜਲ੍ਹਿਆਂ ਵਾਲੇ ਬਾਗ ਵਿਚ ਲੋਕ 'ਰੌਲਟ ਐਕਟ' ਦੇ ਖਿਲਾਫ ਗੁੱਸਾ ਪ੍ਰਗਟ ਕਰਨ ਲਈ ਇਕੱਠੇ ਹੋਏ। ਕਿਉਂਕਿ ਇਹ ਐਕਟ ਉਹਨਾਂ ਉੱਤੇ ਉਹਨਾਂ ਦੀ ਮਰਜ਼ੀ ਦੇ ਵਿਰੁੱਧ ਮੜ੍ਹ ਦਿੱਤਾ ਗਿਆ ਸੀ। ਇਸ ਦੇਵਤੇ ਨੂੰ ਝੱਟ ਉਸ ਵਿਚੋਂ ਗੜਬੜ ਤੇ ਬਗਾਵਤ ਦੀ ਬੂ ਆ ਗਈ ਅਤੇ ਇਸ ਨੇ ਪੁਰ-ਅਮਨ ਨਿਰਦੋਸ਼ ਸ਼ਹਿਰੀਆਂ ਉੱਤੇ ਗੋਲੀਆਂ ਦੀ ਅੱਗ ਵਰ੍ਹਾਉਣੀ ਸ਼ੁਰੂ ਕਰ ਦਿੱਤੀ।"

ਜੋਸ਼ ਜੀ ਦਾ ਇਹ ਬਿਆਨ ਹਰ ਪਾਸੇ ਬਹੁਤ ਸਲਾਹਿਆ ਗਿਆ ਅਤੇ ਉਸ ਤੋਂ ਉਹਨਾਂ ਦੇ ਅੱਗੇ ਤੋਂ ਸਿਆਸੀ ਕਰਤੱਵ ਦਾ ਇਸ਼ਾਰਾ ਮਿਲਦਾ ਸੀ ਕਿ ਉਹ ਕਿਤਨੇ ਕੁ ਅਗਾਂਹ-ਵਧੂ ਖਿਆਲਾਂ ਦੇ ਨੇਤਾ ਹਨ।

ਸੰਨ 1926 ਵਿਚ ਗਦਰੀ ਆਗੂਆਂ ਨੇ 'ਕਿਰਤੀ' ਨਾਂ ਤਲੇ ਇਕ ਮਾਸਿਕ ਪਰਚਾ ਜਾਰੀ ਕੀਤਾ ਜਿਸ ਨੇ ਅਗਾਂਹ-ਵਧੂ ਰੁਝਾਨਾਂ ਦਾ ਪ੍ਰਚਾਰ ਕਰਨਾ ਸੀ। ਸਾਜ਼ਿਸ਼ ਕੇਸ ਵਿਚ ਜੋਸ਼ ਜੀ ਦੇ ਬਿਆਨ ਨੇ ਕਿਰਤੀ ਦੇ ਪ੍ਰਬੰਧਕਾਂ ਦਾ ਵੀ ਧਿਆਨ ਖਿੱਚਿਆ ਤੇ ਉਹਨਾਂ ਨੇ ਜੋਸ਼ ਜੀ ਨੂੰ ਉਸ ਰਸਾਲੇ ਦੀ ਸੰਪਾਦਕੀ ਪੇਸ਼ ਕੀਤੀ। 'ਕਿਰਤੀ' ਰਾਹੀਂ ਜੋਸ਼ ਜੀ ਨੇ ਆਜ਼ਾਦੀ ਤੇ ਸਮਾਜਵਾਦ ਦੇ ਸਿਧਾਂਤ ਦਾ ਜ਼ੋਰਦਾਰ ਪ੍ਰਚਾਰ ਕੀਤਾ ਆਪਣੇ ਨਾਂ ਤੋਂ ਇਲਾਵਾ ਆਪ ਮੀਆਂ ਰੁਕਨਦੀਨ ਤੇ ਸੁਤੰਤਰ ਸਿੰਘ ਬੀ. ਏ., ਦੇ ਫਰਜ਼ੀ ਨਾਵਾਂ ਹੇਠ ਬੜੀ ਬੇ-ਬਾਕੀ ਨਾਲ ਲਿਖਦੇ ਰਹੇ। ਇਸਦੇ ਨਾਲ ਆਪ ਕਮਿਊਨਿਸਟ ਸਾਹਿਤ ਦਾ ਮੁਤਾਲਿਆ ਵੀ ਕਰਦੇ ਰਹੇ ਤੇ ਇਸ ਤਰ੍ਹਾਂ ਉਹ ਮਾਰਕਸ ਤੇ ਏਂਜਲਸ਼ ਵਲੋਂ ਦੱਸੀ ਸੜਕ ਤੇ ਪੈ ਗਏ।

## ਨੌਜਵਾਨ ਭਾਰਤ ਸਭਾ ਦੀ ਮੁੜ ਸਥਾਪਨਾ

ਅਪ੍ਰੈਲ 1928 ਵਿਚ 'ਕਿਰਤੀ' ਦੇ ਪ੍ਰਬੰਧਕਾਂ ਨੇ ਨੌਜਵਾਨਾਂ ਦੀ ਜਥੇਬੰਦੀ

Digitized by Panjab Digital Library | www.panjabdigilib.org

ਕਾਇਮ ਕਰਨ ਲਈ ਇਕ ਮੀਟਿੰਗ ਸੱਦੀ। ਦਾਅਵਤ ਸੋਹਣ ਸਿੰਘ ਜੋਸ਼ ਤੇ ਭਾਗ ਸਿੰਘ ਕੈਨੇਡੀਅਨ ਵੱਲੋਂ ਦਿੱਤੀ ਗਈ ਤੇ ਉਹਨਾਂ ਦੇ ਨਾਵਾਂ ਥੱਲੇ ਹੀ ਇਸ਼ਤਿਹਾਰ ਕੱਢੇ ਗਏ। ਸ: ਭਗਤ ਸਿੰਘ ਨੇ ਜਦੋਂ ਇਸ਼ਤਿਹਾਰ ਵੇਖੇ ਤਾਂ ਆਪ ਕਿਰਤੀ ਦੇ ਦਫ਼ਤਰ ਵਿਚ ਗਏ ਤੇ ਜੋਸ਼ ਜੀ ਨੂੰ ਇਹ ਸਲਾਹ ਦਿੱਤੀ ਕਿ ਇਸ ਜਥੇਬੰਦੀ ਦਾ ਨਾਂ 'ਨੌਜਵਾਨ ਭਾਰਤ ਸਭਾ' ਰੱਖਿਆ ਜਾਏ। ਇਸ ਨਾਂ ਥੱਲੇ 1926 ਵਿਚ ਭਗਤ ਸਿੰਘ ਨੇ ਇਕ ਸਭਾ ਬਣਾਈ ਸੀ ਜੋ ਬਹੁਤ ਹੱਦ ਤਕ ਵਿਦਿਆਰਥੀ ਵਰਗ ਵਿਚ ਹੀ ਕੰਮ ਕਰਦੀ ਰਹੀ। ਕੋਈ ਇਕ ਸਾਲ ਤੋਂ ਉਹ ਬਿਲਕੁੱਲ ਖਾਮੋਸ਼ ਹੋ ਚੁੱਕੀ ਸੀ। ਭਗਤ ਸਿੰਘ ਮੌਕੇ ਦਾ ਲਾਭ ਉਠਾ ਕੇ ਉਸ ਨੂੰ ਮੁੜ ਕੇ ਜੀਵਤ ਕਰਨਾ ਚਾਹੁੰਦਾ ਸੀ। ਚੁਨਾਂਚਿ, ਉਹ ਮੀਟਿੰਗ ਜਲ੍ਹਿਆਂ ਵਾਲੇ ਬਾਗ਼ ਵਿਚ ਹੋਈ। ਭਗਤ ਸਿੰਘ ਤੇ ਉਸ ਦੇ ਕੁਝ ਸਾਥੀ ਵੀ ਸ਼ਾਮਿਲ ਹੋਏ ਅਤੇ ਜੋਸ਼ ਜੀ ਦੀ ਤਜਵੀਜ਼ 'ਤੇ ਉਸ ਜਥੇਬੰਦੀ ਦਾ ਨਾਂ 'ਨੌਜਵਾਨ ਭਾਰਤ ਸਭਾ' ਰੱਖਿਆ ਗਿਆ ਉਸ ਦਾ ਪ੍ਰਚਾਰ ਕੀਤਾ ਗਿਆ; ਸੰਵਿਧਾਨ ਤਿਆਰ ਕੀਤਾ ਗਿਆ ਅਤੇ ਸਾਰੇ ਪਾਸੇ ਫਿਰ ਕੇ ਸ਼ਾਖਾ, ਕਾਇਮ ਕੀਤੀਆਂ ਗਈਆਂ। 24 ਫਰਵਰੀ 1929 ਨੂੰ ਜੋਸ਼ ਜੀ ਨੂੰ ਸਭਾ ਦਾ ਪ੍ਰਧਾਨ ਚੁਣਿਆ ਗਿਆ।

ਸਭਾ ਦੀਆਂ ਸਰਗਰਮੀਆਂ ਤੋਂ ਸਰਕਾਰ ਚਿੰਤਾਤੁਰ ਹੋਈ ਤੇ ਹਰ ਵੇਲੇ ਇਸ ਮੌਕੇ ਦੀ ਤਲਾਸ਼ ਵਿਚ ਰਹਿਣ ਲੱਗੀ ਕਿ ਕਿਸ ਤਰ੍ਹਾਂ ਇਸ ਨੂੰ ਕੁਚਲਿਆ ਜਾਵੇ। 1929 ਵਿਚ ਸਭਾ ਦੇ ਤਿੰਨ ਨੇਤਾ ਕਾਮਰੇਡ ਜੋਸ਼, ਅਬਦੁਲ ਮਜੀਦ ਤੇ ਕਿਦਾਰ ਨਾਥ ਸਹਿਗਲ ਨੂੰ ਮੇਰਠ ਸਾਜਿਸ਼ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਹੋਰ ਵਰਕਰਾਂ ਨੂੰ ਕਈ ਮੁਕੱਦਮਿਆਂ ਵਿਚ ਉਲਝਾਇਆ ਤੇ ਅਖ਼ੀਰ ਕੁਝ ਸਮੇਂ ਬਾਅਦ ਸਭਾ, ਉਸ ਦੀਆਂ ਕਮੇਟੀਆਂ ਤੇ ਸਬ-ਕਮੇਟੀਆਂ ਨੂੰ ਕਾਨੂੰਨ ਵਿਰੁੱਧ ਕਰਾਰ ਦੇ ਕੇ ਸਭਾ ਦੀਆਂ ਸਾਰੀਆਂ ਸਰਗਰਮੀਆਂ ਤੇ ਪਾਬੰਦੀ ਲਗਾ ਦਿੱਤੀ।

## ਦੋ ਇਨਕਲਾਬੀਆਂ ਦਾ ਮੇਲ

ਸ਼ਹੀਦੇ-ਆਜ਼ਮ ਸ: ਭਗਤ ਸਿੰਘ ਤੇ ਕਾਮਰੇਡ ਜੋਸ਼ ਦਾ ਆਪੋ ਵਿਚ ਬੜਾ ਨੇੜ ਸੀ। ਭਾਵੇਂ ਮੰਜ਼ਿਲ ਤੇ ਪਹੁੰਚਣ ਲਈ ਰਾਹ ਇਖ਼ਤਿਆਰ ਕਰਨ ਦੇ ਢੰਗਾਂ

Digitized by Panjab Digital Library | www.panjabdigilib.org

ਵਿਚ ਕਿਤੇ ਕਿਤੇ ਮੱਤਭੇਦ ਵੀ ਆ ਜਾਂਦਾ ਸੀ ਫਿਰ ਵੀ ਨਿਸ਼ਾਨਾ ਇਕੋ ਹੋਣ ਕਰਕੇ ਆਪੋ ਵਿਚ ਸਾਂਝ ਮਜ਼ਬੂਤ ਸੀ ਤੇ ਨਾਲ ਹੀ ਦੋਵੇਂ ਇਕ ਦੂਜੇ ਦੇ ਵਿਸ਼ਵਾਸ ਦੇ ਪਾਤਰ ਵੀ ਸਨ। ਜਿਸ ਤਰ੍ਹਾਂ ਉੱਤੇ ਜ਼ਿਕਰ ਆਇਆ ਹੈ ਨੌਜਵਾਨਾਂ ਦੀ ਜੱਥੇਬੰਦੀ ਦਾ ਨਾਂ 'ਨੌਜਵਾਨ ਭਾਰਤ ਸਭਾ' ਵੀ ਭਗਤ ਸਿੰਘ ਦੀ ਤਜਵੀਜ਼ ਤੇ ਹੀ ਜੋਸ਼ ਜੀ ਨੇ ਪ੍ਰਵਾਨ ਕੀਤਾ। ਭਗਤ ਸਿੰਘ ਕੋਈ ਧਮਾਕਾ ਕਰਨ ਦੇ ਹੱਕ ਵਿੱਚ ਸੀ ਜਿਸ ਨਾਲ ਦੇਸ਼ ਦੇ ਨੌਜਵਾਨ ਜੋਸ਼ ਵਿਚ ਆ ਕੇ ਮੁਲਕ ਦੀ ਆਜ਼ਾਦੀ ਵਾਸਤੇ ਕੁਝ ਵੀ ਕਰ ਗੁਜ਼ਰਨ ਲਈ ਤਿਆਰ ਹੋ ਜਾਣ। ਚੁਨਾਂਚਿ, ਜਿਸ ਦਿਨ ਕਾਕੋਰੀ ਸਾਜਿਸ਼ ਕੇਸ ਦੇ ਸ਼ਹੀਦਾਂ ਦਾ ਦਿਨ ਮਨਾਇਆ ਗਿਆ ਉਸ ਤੋਂ ਅਗਲੇ ਦਿਨ ਹੀ ਲਾਹੌਰ ਵਿਚ ਪੁਲਸ ਅਫ਼ਸਰ ਸਾਂਡਰਸ ਦਾ ਕਤਲ ਕਰ ਦਿੱਤਾ ਗਿਆ। ਅਸਲ ਵਿੱਚ ਭਗਤ ਸਿੰਘ ਗਰੁੱਪ ਦੇ ਮਰ-ਜੀਊੜਿਆਂ ਨੇ ਲਾਲਾ ਲਾਜਪਤ ਰਾਏ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਪੁਲਸ ਅਫਸਰ ਸਕਾਟ ਨੂੰ ਖਤਮ ਕਰਨ ਦਾ ਫੈਸਲਾ ਕੀਤਾ ਹੋਇਆ ਸੀ। ਉਸ ਦਿਨ ਸਕਾਟ ਦੀ ਥਾਂ ਸਾਂਡਰਸ ਉਸ ਦਫ਼ਤਰ ਵਿਚੋਂ ਨਿਕਲਿਆ ਤੇ ਚੂੰਕਿ ਭਗਤ ਸਿੰਘ ਹੁਰਾਂ ਪੂਰੀ ਤਿਆਰੀ ਕੀਤੀ ਹੋਈ ਸੀ, ਸਾਥੀ ਥਾਂ-ਥਾਂ ਡਿਊਟੀ ਉੱਤੇ ਤਤਪਰ ਖੜ੍ਹੇ ਸਨ, ਉਹਨਾਂ ਉਸੇ ਤੇ ਵਾਰ ਕਰਨ ਦਾ ਫ਼ੈਸਲਾ ਕਰ ਲਿਆ ਤੇ ਉਸਨੂੰ ਆਪਣੀਆਂ ਗੋਲੀਆਂ ਨਾਲ ਭੁੰਨ ਦਿੱਤਾ। ਇਸ ਘਟਨਾ ਤੋਂ ਬਾਅਦ ਦੀ ਰਾਤ ਭਗਤ ਸਿੰਘ ਨੇ ਜੋਸ਼ ਜੀ ਪਾਸ ਜਾ ਕੇ ਗੁਜ਼ਾਰੀ। ਜੋਸ਼ ਜੀ ਜੋ ਉਸ ਵੇਲੇ ਬਾਰਾਂ ਘਰ ਇਸਲਾਮਾਬਾਦ ਦੇ ਮਹੱਲੇ ਵਿਚ ਰਹਿੰਦੇ ਸਨ, ਇਸ ਬਾਰੇ ਆਪ ਲਿਖਦੇ ਹਨ :—

"ਮੈਂ ਦਰਵਾਜ਼ਾ ਖੋਲ੍ਹਿਆ ਤੇ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਭਗਤ ਸਿੰਘ ਤੇ ਸੁਖਦੇਵ ਬਾਹਰ ਖਲੋਤੇ ਸਨ। ਮੈਂ ਉਹਨਾਂ ਨੂੰ 'ਜੀ ਆਇਆਂ ਆਖਿਆ' ਪਰ ਇਹਦੇ ਨਾਲ ਹੀ ਮੈਂ ਉਹਨਾਂ ਨੂੰ ਇਹ ਗੱਲ ਵੀ ਦੱਸੀ ਕਿ ਮੇਰੇ ਘਰ ਆਉਣਾ ਖਤਰੇ ਤੋਂ ਖਾਲੀ ਨਹੀਂ। ਕਿਉਂਕਿ ਪੁਲਿਸ ਇਸ ਘਰ ਤੇ ਕਿਸੇ ਵੇਲੇ ਵੀ ਛਾਪਾ ਮਾਰ ਸਕਦੀ ਹੈ।" ਭਗਤ ਸਿੰਘ ਨੇ ਕਿਹਾ, "ਫਿਕਰ ਨਾ ਕਰੋ, ਅਸੀਂ ਸਾਰੇ ਪ੍ਰਬੰਧ ਕਰ ਲਏ ਹਨ।" ਉਹ ਅੰਦਰ ਆ ਗਏ ਤੇ ਉਹਨਾਂ ਕਿਹਾ ਸਾਨੂੰ ਭੁੱਖ ਲੱਗੀ ਹੋਈ ਹੈ ਕੁਝ ਖਾਣ ਨੂੰ ਦਿਓ। ਉਸ ਸਮੇਂ ਮੇਰੇ ਕੋਲ ਕੇਵਲ ਦੋ ਰੋਟੀਆਂ ਪਈਆਂ ਸਨ, ਕੁਝ ਸਬਜ਼ੀ ਤੇ ਇਕ ਦੁੱਧ ਦਾ ਗਿਲਾਸ ਸੀ। ਮੈਂ ਉਹਨਾਂ ਨੂੰ ਆਖਿਆ ਕਿ ਸਜਰੀ ਰੋਟੀ ਪਕਾਈ ਜਾ ਸਕਦੀ ਹੈ। ਪਰ ਉਹਨਾਂ ਨੇ ਕਿਹਾ

Digitized by Panjab Digital Library | www.panjabdigilib.org

ਕਿ ਕੋਈ ਲੋੜ ਨਹੀਂ। ਆਪਾਂ ਗੱਲਾਂ ਕਰਾਂਗੇ ਤੇ ਫੇਰ ਸੌਂ ਜਾਵਾਂਗੇ।" ਭਗਤ ਸਿੰਘ ਨੇ ਆਪਣਾ ਪਿਸਤੌਲ ਮੰਜੀ ਤੋਂ ਉਤਾਂਹ ਕੰਧ ਵਿਚ ਠੁਕੀ ਹੋਈ ਕਿੱਲੀ ਉੱਤੇ ਟੰਗ ਦਿੱਤਾ।

ਰੋਟੀ ਖਾਣ ਤੋਂ ਪਿਛੋਂ ਭਗਤ ਸਿੰਘ ਨੇ ਪੁੱਛਿਆ, ਸਾਂਡਰਸ ਦੇ ਕਤਲ ਦਾ ਆਮ ਪ੍ਰਤੀਕਰਮ ਕੀ ਹੈ ?" ਜੋਸ਼ ਜੀ ਨੇ ਕਿਹਾ, "ਨੌਜਵਾਨ ਖੁਸ਼ ਹਨ ਪਰ ਉਹ ਵੱਧ ਖੁਸ਼ ਹੁੰਦੇ ਜੇ ਸਕਾਟ ਮਾਰਿਆ ਜਾਂਦਾ।"

ਭਗਤ ਸਿੰਘ—"ਅਸੀਂ ਉਥੇ ਗਏ ਤਾਂ ਉਸੇ ਲਈ ਸਾਂ ਪਰ ਇਹ ਦੂਜਾ ਸ਼ੈਤਾਨ ਬਾਹਰ ਨਿਕਲ ਆਇਆ ਅਤੇ ਅਸੀਂ ਖਾਲੀ ਹੱਥ ਨਹੀਂ ਸੀ ਮੁੜਨਾ ਚਾਹੁੰਦੇ। ਚਲੋ ਕੁਝ ਮੁੱਢ ਤਾਂ ਬੱਝਿਆ ਹੈ।" ਅੱਗੋਂ ਗੱਲਬਾਤ ਇਸ ਤਰ੍ਹਾਂ ਹੋਈ :—

ਜੋਸ਼ : ਇਸ ਕਤਲ ਬਾਰੇ ਇਕ ਹੋਰ ਵੀ ਰਾਇ ਹੈ; ਗਾਂਧੀ ਦੇ ਪੈਰੋਕਾਰਾਂ ਦੀ ਰਾਇ।

ਭਗਤ ਸਿੰਘ : "ਅਸੀਂ ਇਸ ਨੂੰ ਪਹਿਲਾਂ ਹੀ ਜਾਣਦੇ ਸੀ। ਇਸ ਐਕਸ਼ਨ ਦਾ ਫ਼ੈਸਲਾ ਕਰਨ ਤੋਂ ਪਹਿਲਾਂ ਅਸੀਂ ਇਸ ਉੱਤੇ ਵਿਚਾਰ ਕੀਤੀ ਸੀ। ਗਾਂਧੀ ਨੇ ਚੋਰਾ-ਚੋਰੀ ਦੀ ਘਟਨਾ ਪਿੱਛੋਂ ਨਾ-ਮਿਲਵਰਤਣ ਦੀ ਲਹਿਰ ਵਾਪਸ ਲੈ ਕੇ ਕੌਮ ਦੀ ਪਿੱਠ ਵਿੱਚ ਛੁਰਾ ਖੋਭਿਆ ਸੀ। ਲੋਕ ਅਜੇ ਵੀ ਉਸੇ ਮਾਯੂਸੀ ਤੇ ਸਾਹਸਹੀਣਤਾ ਦੀ ਮਾਰ ਹੇਠ ਹਨ ਜਿਸ ਵਿਚ ਗਾਂਧੀ ਨੇ ਦੇਸ਼ ਨੂੰ ਪਾਇਆ ਸੀ। ਇਸ ਐਕਸ਼ਨ ਬਾਰੇ ਤੇਰਾ ਕੀ ਖਿਆਲ ਹੈ ?"

ਜੋਸ਼ :—"ਮੇਰੇ ਵਿਚਾਰਾਂ ਦਾ ਤਾਂ ਤੈਨੂੰ ਪਤਾ ਹੀ ਹੈ। ਅਸੀਂ ਕਈ ਵਾਰੀ ਇਸ ਮਸਲੇ ਤੇ ਗੱਲਾਂ ਕਰ ਚੁੱਕੇ ਹਾਂ। ਨੌਜਵਾਨ ਭਾਰਤ ਸਭਾ ਦੇ ਵਰਕਰ ਗ੍ਰਿਫ਼ਤਾਰ ਕੀਤੇ ਜਾਣਗੇ। ਵਧੇਰੇ ਤਸ਼ੱਦਦ ਹੋਵੇਗਾ ਤੇ ਲਹਿਰ ਨੂੰ ਨੁਕਸਾਨ ਪੁੱਜੇਗਾ, ਇਹ ਮੱਠੀ ਪੈ ਜਾਵੇਗੀ।"

ਭਗਤ ਸਿੰਘ :—"ਮੈਂ ਨਹੀਂ ਮੰਨਦਾ ਇਹ ਗੱਲ। ਇਸ ਐਕੇਸ਼ਨ ਨਾਲ ਲੋਕਾਂ ਵਿਚ ਜੋਸ਼ ਆਵੇਗਾ ਤੇ ਲਹਿਰ ਮਜ਼ਬੂਤ ਹੋਵੇਗੀ।"

Digitized by Panjab Digital Library | www.panjabdigilib.org

ਘਰ ਵਿਚ ਦੋ ਹੀ ਮੰਜੀਆਂ ਸਨ । ਇਕ ਉਤੇ ਸੁਖਦੇਵ ਅਤੇ ਇਕ ਉਤੇ ਭਗਤ ਸਿੰਘ ਤੇ ਜੋਸ਼ ਸੌਂ ਗਏ । ਸਵੇਰੇ ਉੱਠ ਕੇ ਜੋਸ਼ ਨੂੰ ਜੱਫੀ ਪਾ ਕੇ ਚਲੇ ਗਏ : ਬਿਨ ਦੱਸੇ ਕਿ ਉਹ ਕਿਥੇ ਜਾਂ ਰਹੇ ਹਨ । ਸ਼ਾਂਡਰਸ ਦੇ ਕਤਲ ਤੋਂ ਦੋ ਦਿਨਾਂ ਬਾਅਦ ਹੀ ਨੌਜਵਾਨ ਭਾਰਤ ਸਭਾ ਦੇ ਕਈ ਵਰਕਰ ਗ੍ਰਿਫਤਾਰ ਕਰ ਲਏ ਗਏ ਵਾਰੰਟ ਜੋਸ਼ ਜੀ ਦੇ ਵੀ ਨਿੱਕਲ ਗਏ ਪਰ ਉਹ 'ਆਲ ਇੰਡੀਆ ਵਰਕਰਜ਼ ਐਂਡ ਪੈਜੰਟਜ ਕਾਨਫਰੰਸ ਦੀ ਪ੍ਰਧਾਨਗੀ ਕਰਨ ਲਈ ਕਲਕੱਤੇ ਚਲੇ ਗਏ ਸਨ । ਪੰਜਾਬ ਸਰਕਾਰ ਨੇ ਬੰਗਾਲ ਸਰਕਾਰ ਨੂੰ ਜੋਸ਼ ਦੀ ਗ੍ਰਿਫਤਾਰੀ ਲਈ ਸੁਨੇਹਾ ਭੇਜਿਆ ਪਰ ਬੰਗਾਲ ਸਰਕਾਰ ਨੇ ਉਹਨਾਂ ਦੀ ਪ੍ਰਧਾਨਗੀ ਦੇ ਦੌਰਾਨ ਗ੍ਰਿਫਤਾਰ ਕਰਨਾ ਮੁਨਾਸਿਬ ਨਾ ਸਮਝਿਆ । ਗ੍ਰਿਫਤਾਰੀ ਕਾਨਫਰੰਸ ਦੇ ਖਾਤਮੇ ਤਕ ਮੁਲਤਵੀ ਰੱਖੀ । 24 ਦਸੰਬਰ ਨੂੰ ਜੋਸ਼ ਜੀ ਉਸੇ ਕਾਨਫਰੰਸ ਦੀ ਪ੍ਰਧਾਨਗੀ ਕਰ ਰਹੇ ਸਨ ਕਿ ਇਕ ਆਦਮੀ ਨੇ ਆ ਕੇ ਉਹਨਾਂ ਦੇ ਕੰਨ ਵਿਚ ਕਿਹਾ ਕਿ ਆਪ ਨੂੰ ਮਿਲਣ ਵਾਲਾ ਕੋਈ ਸੱਜਣ ਬਾਹਰ ਆਪ ਦੀ ਉਡੀਕ ਕਰ ਰਿਹਾ ਹੈ । ਆਪ ਲਈ ਜਾਣਾ ਮੁਸ਼ਕਿਲ ਸੀ ਪਰ ਉਸ ਸ਼ਖਸ਼ ਦੇ ਜ਼ਿੱਦ ਕਰਨ ਤੇ ਆਪ ਚਲੇ ਗਏ । ਉਹ ਆਦਮੀ ਆਪ ਨੂੰ ਇਕ ਨਾਈ ਦੀ ਦੁਕਾਨ ਵਿਚ ਲੈ ਗਿਆ ਜਿੱਥੇ ਭਗਤ ਸਿੰਘ ਬੈਠਾ ਆਪ ਦਾ ਇੰਤਜ਼ਾਰ ਕਰ ਰਿਹਾ ਸੀ । ਅੱਗੋਂ ਜੋਸ਼ ਜੀ ਦੀ ਆਪਣੀ ਜ਼ਬਾਨ ਵਿਚ ਹੀ ਸੁਣੋ :

"ਮੈਂ ਹੱਕਾ-ਬੱਕਾ ਰਹਿ ਗਿਆ । ਜ਼ਰਾ ਸੋਚੋ ਜੋਸ਼ ਆਪਣੀ ਲੰਮੀ ਦਾੜ੍ਹੀ ਤੇ ਸਾਰੇ ਸਿੱਖ ਪਹਿਰਾਵੇ ਨਾਲ ਕਲਕੱਤੇ ਵਿਚ ਇਕ ਨਾਈ ਦੀ ਦੁਕਾਨ ਵਿਚ ਵੜ ਰਿਹਾ ਸੀ । ਸੀ. ਆਈ. ਡੀ. ਉਹਦਾ ਪਿੱਛਾ ਕਰਦੀ ਸੀ ਤੇ ਥਾਂ-ਥਾਂ ਭਗਤ ਸਿੰਘ ਦੀ ਭਾਲ ਵੀ ਕਰ ਰਹੀ ਸੀ । ਇਹ ਸਭ ਕੁਝ ਕੇਵਲ ਸ਼ੱਕੀ ਹਾਲਤ ਹੀ ਪੈਦਾ ਨਹੀਂ ਸੀ ਕਰਦਾ ਸਗੋਂ ਦੁਸ਼ਮਣ ਨੂੰ ਸੱਦਾ ਦੇ ਰਿਹਾ ਸੀ ਕਿ 'ਆਓ ਸਾਨੂੰ ਫੜ ਲਵੋ ।' ਮੈਂ ਭਗਤ ਸਿੰਘ ਉੱਤੇ ਇਹ ਮੂਰਖਾਂ ਵਾਲੀ ਗੱਲ ਕਰਨ ਉੱਤੇ ਖਿੱਝਿਆ । ਉਹ ਹੱਸਿਆ ਤੇ ਉਸ ਨੇ ਸਦਾ ਵਾਂਗ ਬੜੀ ਬੇ-ਫਿਕਰੀ ਨਾਲ ਜਵਾਬ ਦਿੱਤਾ—'ਫਿਕਰ ਨਾ ਕਰੋ । ਕੁਝ ਨਹੀਂ ਹੋਣ ਲੱਗਿਆ । ਅਸੀ ਸਾਰੇ ਪ੍ਰਬੰਧ ਕਰ ਛੱਡੇ ਹਨ ।'

ਫੇਰ ਕਾਨਫਰੰਸ ਵਿਚ ਦਿਲਚਸਪੀ ਲੈਂਦਿਆਂ ਉਹਨੇ ਉਹਦੀ ਕਾਰਵਾਈ

Digitized by Panjab Digital Library | www.panjabdigilib.org

ਬਾਰੇ ਪੁੱਛਿਆ ਕਿਹੜੇ-ਕਿਹੜੇ ਆਗੂ ਇਸ ਵਿਚ ਹਿੱਸਾ ਲੈ ਰਹੇ ਹਨ ਅਤੇ ਕਿਨ੍ਹਾਂ ਕਿਨ੍ਹਾਂ ਸੂਬਿਆਂ ਦੇ ਪ੍ਰਤਿਨਿਧ ਆਏ ਹੋਏ ਹਨ? ਫਿਰ ਕਿਹਾ, "ਤੁਸੀਂ ਮਜ਼ਦੂਰਾਂ ਤੇ ਕਿਸਾਨਾਂ ਨੂੰ ਜਥੇਬੰਦ ਕਰੋ ਤੇ ਅਸੀਂ ਬਰਤਾਨਵੀ ਹਾਕਮਾਂ ਦੀ ਜਥੇਬੰਦੀ ਨੂੰ ਤੋੜਾਂਗੇ। ਆਓ ਅਸੀਂ ਇਸ ਤਰ੍ਹਾਂ ਦੀ ਕੰਮ-ਵੰਡ ਕਰ ਲਈਏ।"

ਜੋਸ਼ ਜੀ ਨਾਲ ਭਗਤ ਸਿੰਘ ਦੀ ਇਹ ਮਿਲਣੀ ਆਖਰੀ ਮਿਲਣੀ ਸੀ। ਕਾਮਰੇਡ ਜੋਸ਼ ਪਿਛੋਂ ਮੇਰਠ ਸਾਜ਼ਿਸ਼ ਕੇਸ ਵਿਚ ਪਕੜੇ ਹਏ ਸਨ। ਅਜੇ ਮੁਕੱਦਮਾ ਚਲਦਾ ਹੀ ਸੀ ਕਿ 23 ਮਾਰਚ 1931 ਨੂੰ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਫਾਂਸੀ ਲਾ ਦਿੱਤਾ ਗਿਆ।

24 ਮਾਰਚ ਨੂੰ ਜਦੋਂ ਮੇਰਠ ਕੇਸ ਦੇ ਮੁਲਜ਼ਮ ਅਦਾਲਤ ਵਿਚ ਪੇਸ਼ ਹੋਏ ਤਾਂ ਬਾਵਜੂਦ ਅਦਾਲਤ ਦੀਆਂ ਧਮਕੀਆਂ ਦੇ ਜੋਸ਼ ਜੀ ਨੇ ਸਾਰੇ ਸਾਥੀਆਂ ਵਲੋਂ ਹੇਠ ਲਿਖਿਆ ਬਿਆਨ ਦਿੱਤਾ :

"ਅਸੀਂ ਅੱਜ ਵਹਿਸ਼ੀਆਨਾ ਫਾਂਸੀ ਦੇ ਸੋਗੀ ਪ੍ਰਛਾਵੇਂ ਹੇਠ ਅਦਾਲਤ ਵਿਚ ਹਾਜ਼ਰ ਹੋਏ ਹਾਂ। ਸਾਥੀ ਭਗਤ ਸਿੰਘ, ਸਾਥੀ ਰਾਜਗੁਰੂ ਤੇ ਸਾਥੀ ਸੁਖਦੇਵ ਨੂੰ ਫਾਂਸੀ ਦੇਣੀ ਅਸਲ ਵਿਚ ਬੇ-ਰਹਿਮੀ ਨਾਲ ਕੀਤੇ ਗਏ ਕਤਲ ਹਨ। ਇਹ ਸਾਮਰਾਜੀ ਇਨਸਾਫ਼ ਦਾ ਇਕ ਅਤਿਅੰਤ ਵਹਿਸ਼ੀਆਨਾ ਨਮੂਨਾ ਹੈ। ਇਹ ਚਿੱਟੀ ਦਹਿਸ਼ਤ ਦੀ ਇਕ ਬੁਜ਼ਦਿਲਾਨਾ ਕਾਰਵਾਈ ਹੈ। ਇਹ ਬਹਾਦਰ ਲੋਕ ਬਰਤਾਨਵੀ ਸਾਮਰਾਜਵਾਦ ਦੇ ਜ਼ਾਲਮਾਨਾ ਜਬਰ ਦੇ ਸ਼ਿਕਾਰ ਹੋਏ ਹਨ, ਜੀਹਦੇ ਵਿਰੁਧ ਬਗਾਵਤ ਕਰਨ ਦਾ ਇਹਨਾਂ ਨੇ ਜੇਰਾ ਤੇ ਹੌਸਲਾ ਵਿਖਾਇਆ ਹੈ। ਅਸੀਂ ਉਹਨਾਂ ਦਾ ਭਾਰਤ ਦੇ ਕੌਮੀ ਇਨਕਲਾਬ ਦੇ ਚੋਟੀ ਦੇ ਸ਼ਹੀਦਾਂ ਵਜੋਂ ਸਤਿਕਾਰ ਕਰਦੇ ਹਾਂ। ਅਸੀਂ ਉਹਨਾਂ ਦੀ ਬਹਾਦਰੀ ਤੇ ਕੁਰਬਾਨੀ ਦੀ ਸ਼ਲਾਘਾ ਕਰਦੇ ਹਾਂ। ਅਸੀਂ ਉਹਨਾਂ ਦੇ ਸਾਥੀਆਂ, ਮਿੱਤਰਾਂ ਅਤੇ ਰਿਸ਼ਤੇਦਾਰਾਂ ਦੇ ਡੂੰਘੇ ਗ਼ਮ ਵਿਚ ਸ਼ਰੀਕ ਹੁੰਦੇ ਹਾਂ। ਇਸ ਲਈ ਅਸੀਂ ਤੁਹਾਨੂੰ ਕਹਿੰਦੇ ਹਾਂ ਕਿ ਉਹਨਾਂ ਦੀ ਡਿਫੈਂਸ ਕਮੇਟੀ ਦੇ ਨਾਂ ਇਹ ਅਫਸੋਸ ਦੀ ਤਾਰ ਜ਼ਿਲਾ ਮੈਜਿਸਟਰੇਟ ਨੂੰ ਅੱਗੇ ਪਹੁੰਚਾਉਣ ਲਈ ਭੇਜ ਦਿਤੀ ਜਾਵੇ।" ਤਾਰ ਦੇ ਸ਼ਬਦ ਹੇਠ ਲਿਖੇ ਅਨੁਸਾਰ ਸਨ :—

ਸ: ਕਿਸ਼ਨ ਸਿੰਘ ਬ੍ਰੂੜਲਾ ਹਾਲ ਲਾਹੌਰ

"ਅਸੀਂ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਫਾਂਸੀ ਲਾਏ ਜਾਣ ਉੱਤੇ ਆਪਣਾ ਡੂੰਘਾ ਸਦਮਾ ਪ੍ਰਗਟ ਕਰਦੇ ਹਾਂ ਅਤੇ ਉਹਨਾਂ ਦੀ ਸ਼ਹੀਦੀ ਦੀ ਕਦਰ ਕਰਦੇ ਹਾਂ।"

ਕਿਰਤੀ ਕਿਸਾਨ ਪਾਰਟੀ

12 ਅਪ੍ਰੈਲ 1928 ਨੂੰ ਜਲ੍ਹਿਆਂ ਵਾਲੇ ਬਾਗ ਵਿਚ ਇਕ ਮੀਟਿੰਗ ਹੋਈ ਜਿਸ ਵਿਚ ਸਾਰੇ ਜ਼ਿਲਿਆਂ ਤੋਂ ਸੱਠ ਪ੍ਰਤਿਨਿਧ ਸ਼ਾਮਿਲ ਹੋਏ। ਉਸ ਮੀਟਿੰਗ ਵਿਚ 'ਕਿਰਤੀ ਕਿਸਾਨ ਪਾਰਟੀ' ਕਾਇਮ ਕੀਤੀ ਗਈ ਅਤੇ ਜੋਸ਼ ਜੀ ਨੂੰ ਉਸ ਦਾ ਸਕੱਤਰ ਨੀਯਤ ਕੀਤਾ ਗਿਆ। ਸਤੰਬਰ 1928 ਵਿਚ ਪੰਜਾਬ ਕਾਂਗਰਸ ਦੀ ਸੂਬਾਈ ਕਾਨਫਰੰਸ ਲਾਇਲਪੁਰ ਵਿੱਚ ਹੋਈ। ਜੋਸ਼ ਜੀ ਨੇ ਤਕਰੀਰ ਕਰਦਿਆਂ ਕਿਹਾ: 'ਸੋਸ਼ਲਿਜ਼ਮ ਉਸ ਸਮਾਜ ਦਾ ਓ, ਅ ਹੈ ਜਿਹੜਾ ਅਸੀਂ ਇਥੇ ਕਾਇਮ ਕਰਨਾ ਚਾਹੁੰਦੇ ਹਾਂ। ਇਹ ਤਹਿਰੀਕ ਕਾਰਲ ਮਾਰਕਸ ਨੇ ਹੋਂਦ ਵਿਚ ਲਿਆਂਦੀ ਸੀ। ਕਾਰਲ ਮਾਰਕਸ ਦਾ ਨਾਂ ਯਾਦ ਰੱਖੋ। ਇਹ ਉਹ ਪਹਿਲਾ ਆਦਮੀ ਸੀ ਜਿਸਨੇ ਮਨੁੱਖ ਜਾਤੀ ਦੇ ਸਾਰੇ ਇਤਿਹਾਸ ਨੂੰ ਨਵੀਂ ਅੱਖ ਨਾਲ ਵੇਖਿਆ ਅਤੇ ਸਰਮਾਏਦਾਰੀ ਸਮਾਜ ਦਾ ਜਮਾਤੀ ਨਿਰਣਾ ਕਰਦੇ ਦੱਸਿਆ ਕਿ ਇਹਦੇ ਅੰਦਰ ਹੀ ਉਹ ਤਾਕਤਾਂ ਕੰਮ ਕਰ ਰਹੀਆਂ ਹਨ ਜਿਹੜੀਆਂ ਇਹਦਾ ਖਾਤਮਾ ਕਰਕੇ ਸੋਸ਼ਲਿਜ਼ਮ ਕਾਇਮ ਕਰਨਗੀਆਂ।'

ਰੋਹਤਕ ਦੀ ਕਾਨਫਰੰਸ ਜੋ ਮਾਰਚ 1929 ਵਿਚ ਹੋਈ, ਜੋਸ਼ ਜੀ ਨੇ ਕਿਹਾ: "ਕੋਈ ਇਮਾਮ ਮਹਿਦੀ, ਅਵਤਾਰ ਜਾਂ ਗੁਰੂ ਉਤੋਂ ਆ ਕੇ ਤੁਹਾਡੇ ਬੰਧਨ ਨਹੀਂ ਤੋੜੇਗਾ। ਆਪਣੀ ਗ਼ੁਲਾਮੀ ਦੇ ਬੰਧਨ ਤੁਸੀਂ ਆਪ ਤੋੜਨੇ ਹਨ। ਸਮਾਂ ਆ ਗਿਆ ਹੈ ਕਿ ਏਕਾ ਅਤੇ ਜਥੇਬੰਦੀ ਕਰਕੇ, ਜਮਾਤੀ ਸੰਗਰਾਮ ਲੜਕੇ ਆਪਣੇ ਲਈ ਜਿੱਤਾਂ ਹਾਸਲ ਕਰੀਏ।" ਇਸ ਕਾਨਫਰੰਸ ਵਿਚ ਦੇਸ਼ ਦੇ ਮਹਿਬੂਬ ਨੇਤਾ ਜਵਾਹਰ ਲਾਲ ਨਹਿਰੂ ਵੀ ਸ਼ਾਮਿਲ ਹੋਏ।

## ਮੇਰਠ ਸਾਜ਼ਿਸ਼ ਕੇਸ

ਮੇਰਠ ਸਾਜ਼ਿਸ਼ ਕੇਸ ਬੜਾ ਲੰਮਾ ਚੱਲਿਆ। ਕੇਸ ਦੇ ਦੌਰਾਨ ਹੀ ਮੁਲਜ਼ਮ

Digitized by Panjab Digital Library | www.panjabdigilib.org

ਕਮਿਊਨਿਸਟ ਤੇ ਗ਼ੈਰ ਕਮਿਊਨਿਸਟ ਗਰੁੱਪਾਂ ਵਿਚ ਵੰਡੇ ਗਏ। ਜੋਸ਼ ਜੀ ਤੇ ਉਹਨਾਂ ਦੇ ਸਾਥੀਆਂ ਨੇ ਅਦਾਲਤੀ ਸਟੇਜ ਨੂੰ ਇਨਕਲਾਬੀ ਬਾਲਸ਼ਵਿਕ ਵਿਚਾਰਾਂ ਦਾ ਪ੍ਰਚਾਰ ਕਰਨ ਲਈ ਵਰਤਿਆ। ਜੋਸ਼ ਜੀ ਨੇ ਬੜੀ ਨਿਡਰਤਾ ਨਾਲ ਅਦਾਲਤ ਵਿਚ ਬਿਆਨ ਦਿੱਤਾ :

"ਮੈਂ ਆਪਣੇ ਵਿਚਾਰ ਜਿਹੜੇ ਬਰਤਾਨਵੀ ਸਾਮਰਾਜ ਨੂੰ ਚੰਗੇ ਨਹੀਂ ਲਗਦੇ, ਛੱਡਣ ਨਾਲੋਂ ਭਾਰੀ ਸਜ਼ਾ ਪ੍ਰਵਾਨ ਕਰਨ ਦਾ ਰਾਹ ਚੁਣਾਂਗਾ। ਮੁਕੱਦਮਾ ਏਨਾ ਗੰਭੀਰ, ਏਨਾ ਬਹੁਤਾ ਗੰਭੀਰ ਹੈ ਕਿ ਆਪਣੀ ਗਰਮ-ਖਿਆਲੀ ਨੂੰ ਤਜ ਦੇਣ ਵਾਲਾ ਅਤੇ ਇਹ ਇਕਰਾਰ ਦੇਣ ਵਾਲਾ ਕਿ ਉਹ ਕਮਿਊਨਿਸਟ ਨਹੀਂ ਹੈ, ਅਤੇ ਕਦੇ ਵੀ ਕਮਿਊਨਿਸਟਾਂ ਦਾ ਸਾਥੀ ਨਹੀਂ ਬਣੇਗਾ ਕੋਈ ਵੀ ਆਦਮੀ ਸੌਖਿਆ ਹੀ ਬਰੀ ਹੋ ਸਕਦਾ ਹੈ। ਮੈਂ ਇਉਂ ਆਪਣੀ ਰਿਹਾਈ ਖਰੀਦਣ ਉੱਤੇ ਥੁੱਕਦਾ ਹਾਂ। ਇਸ ਲਈ ਮੈਂ ਅੰਗਰੇਜ਼ ਸਾਮਰਾਜ ਨੂੰ ਵੰਗਾਰਦਾ ਹਾਂ ਕਿ ਉਹ ਪੂਰੀ ਵਾਹ ਲਾ ਲਵੇ ਕਿਉਂਕਿ ਮੇਰਾ ਯਕੀਨ ਹੈ ਕਿ ਦੁਨੀਆਂ ਦੀ ਕੋਈ ਵੀ ਤਾਕਤ ਸਾਡੀ ਲਹਿਰ ਨੂੰ ਮਲੀਆਮੇਟ ਨਹੀਂ ਕਰ ਸਕਦੀ। ਜੇ ਭਲਾ ਕੁਝ ਸਮੇਂ ਲਈ ਅਜਿਹਾ ਹੋ ਵੀ ਜਾਵੇ, ਇਹ ਛੇਤੀ ਹੀ ਪੂਰੀ ਤਰ੍ਹਾਂ ਸੁਰਜੀਤ ਹੋਵੇਗੀ ਅਤੇ ਸਾਡੇ ਵੈਰੀ, ਬਰਤਾਨਵੀ ਸਾਮਰਾਜਵਾਦ ਨੂੰ ਮਲੀਆਮੇਟ ਕਰ ਦੇਵੇਗੀ।

ਇਸ ਮੁਕੱਦਮੇ ਵਿਚ ਜੋਸ਼ ਜੀ ਨੂੰ ਸੱਤ ਸਾਲ ਦੀ ਸਖ਼ਤ ਕੈਦ ਹੋਈ।

ਇਹ ਕੈਦ ਕੱਟ ਕੇ ਜੋਸ਼ ਜੀ 1934 ਵਿਚ ਰਿਹਾਅ ਹੋਏ ਤੇ ਬਾਹਰ ਆ ਕੇ ਕਿਸਾਨਾਂ ਨੂੰ ਤੇ ਕਮਿਊਨਿਸਟ ਪਾਰਟੀ ਨੂੰ ਜਥੇਬੰਦ ਕਰਨ ਦਾ ਕੰਮ ਸ਼ੁਰੂ ਕੀਤਾ।

ਖ਼ਾਸ ਤੌਰ ਤੇ ਜ਼ਿਲਾ ਅੰਮ੍ਰਿਤਸਰ ਦੇ ਕਿਸਾਨਾਂ ਵਿਚ ਬਹੁਤ ਗੁੱਸਾ ਸੀ। ਸਰਕਾਰ ਨੇ ਇਕ ਤਾਂ ਪਾਣੀ ਦੇ ਮੋਘੇ ਤੰਗ ਕਰ ਦਿੱਤੇ ਤੇ ਨਾਲ ਹੀ ਆਬਿਆਨਾ ਵਧਾ ਦਿੱਤਾ। ਇਸਦੇ ਨਾਲ ਹੀ ਜੋ ਰਕਮਾਂ ਸਰਕਾਰ ਦੇ ਗ਼ਲਤ ਤੇ ਵਧੀਕੀ ਭਰੇ ਰਵਈਏ ਕਾਰਨ ਕਿਸਾਨਾਂ ਦੇ ਜ਼ਿੰਮੇ ਸਨ ਉਹਨਾਂ ਨੂੰ ਸਖ਼ਤੀ ਨਾਲ ਉਗਰਾਹੁਣਾ ਸ਼ੁਰੂ ਕਰ ਦਿੱਤਾ। ਕਿਸਾਨ ਲੀਡਰਾਂ ਨੇ ਜਿਨ੍ਹਾਂ ਵਿਚ ਜਥੇਦਾਰ ਊਧਮ ਸਿੰਘ, ਦਰਸ਼ਨ ਸਿੰਘ ਫੇਰੂਮਾਨ, ਸੋਹਣ ਸਿੰਘ ਜੋਸ਼, ਸੋਹਣ ਸਿੰਘ ਭਕਨਾ ਤੇ ਪ੍ਰਤਾਪ ਸਿੰਘ ਕੈਰੋਂ ਮੋਹਰੀ ਸਨ, 20 ਜੁਲਾਈ 1938 ਨੂੰ 500 ਕਿਸਾਨਾਂ ਦਾ ਜੱਥਾ

Digitized by Panjab Digital Library | www.panjabdigilib.org

ਭੇਜ ਕੇ ਮੁਜ਼ਾਹਿਰਾ ਕਰਨ ਦਾ ਪ੍ਰੋਗਰਾਮ ਬਣਾਇਆ। ਸਰਕਾਰ ਨੇ ਦਫ਼ਾ 144 ਲਗਾ ਦਿੱਤੀ। ਜੱਥੇ ਨੇ ਮਿੱਥੇ ਪ੍ਰੋਗਰਾਮ ਅਨੁਸਾਰ ਦਫ਼ਾ 144 ਤੋੜ ਦਿੱਤੀ। ਸਰਕਾਰ ਨੇ ਲਾਠੀ-ਚਾਰਜ ਕੀਤਾ। 145 ਲੀਡਰ ਗ੍ਰਿਫ਼ਤਾਰ ਕੀਤੇ ਗਏ ਤੇ 300 ਆਦਮੀ ਜ਼ਖ਼ਮੀ ਹੋਏ। ਵਾਰ-ਕੌਂਸਲ ਜੀਹਦੇ ਮੈਂਬਰ ਜੋਸ਼, ਭਕਨਾ ਫੇਰੂਮਾਨ ਤੇ ਪ੍ਰਤਾਪ ਸਿੰਘ ਸਨ ਨੇ ਇਸ ਸਖ਼ਤੀ ਤੋਂ ਪਿੱਛੋਂ ਰੋਜ਼ ਜੱਥੇ ਭੇਜਣ ਦਾ ਫੈਸਲਾ ਕਰ ਦਿੱਤਾ। 9 ਅਗਸਤ ਨੂੰ ਸਰਕਾਰ ਨੂੰ ਇਸ ਅੰਦੋਲਨ ਅੱਗੇ ਝੁਕਣਾ ਪਿਆ ਤੇ ਤਾਂ ਜਾ ਕੇ ਇਹ ਤਹਿਰੀਕ ਸਮਾਪਤ ਹੋਈ।

## ਦੂਜੀ ਵਿਸ਼ਵ ਜੰਗ

ਦੂਜੀ ਵਿਸ਼ਵ ਜੰਗ ਸ਼ੁਰੂ ਹੋਣ ਤੇ ਕੁਝ ਗਰਮ-ਖਿਆਲੀਏ ਸਿਆਸਤਦਾਨਾਂ ਦਾ ਫੈਸਲਾ ਇਹ ਸੀ ਕਿ ਚੂੰਕਿ ਅੰਗਰੇਜ਼ ਸਰਕਾਰ ਸ਼ਿਕੰਜੇ ਵਿਚ ਆਈ ਹੋਈ ਹੈ, ਇਸ ਲਈ ਇਹ ਨਾਦਰ ਮੌਕਾ ਹੈ ਕਿ ਦੇਸ਼ ਨੂੰ ਆਜ਼ਾਦ ਕਰਾ ਲਿਆ ਜਾਵੇ। ਮਹਾਤਮਾ ਗਾਂਧੀ ਨੇ ਆਪਣੇ ਢੰਗ ਅਨੁਸਾਰ ਵਿਅਕਤੀਗਤ ਸਤਿਆਗ੍ਰਹਿ ਦੀ ਤਹਿਰੀਕ ਚਲਾ ਦਿੱਤੀ ਤੇ ਕਾਂਗਰਸੀ ਆਏ ਦਿਨ ਜੇਲ੍ਹਾਂ ਵਿਚ ਜਾਣ ਸ਼ੁਰੂ ਹੋ ਗਏ। ਇਹ ਤਹਿਰੀਕ ਬਿਲਕੁਲ ਸ਼ਾਂਤਮਈ ਅਸੂਲ ਅਨੁਸਾਰ ਚਲਾਈ ਗਈ। ਕੁਝ ਇਹ ਸੋਚਦੇ ਸਨ ਕਿ ਇਸ ਵੇਲੇ ਹਿੰਸਾ ਦੇ ਤਰੀਕੇ ਵਰਤੋਂ ਵਿਚ ਲੈ ਆਉਣ ਦਾ ਕੋਈ ਹਰਜ਼ ਨਹੀਂ। ਪਰ ਇਸ ਲਈ ਸਾਧਨ ਨਹੀਂ ਸਨ। ਕਾਮਰੇਡ ਜੋਸ਼ ਦਹਿਸ਼ਤ ਵਾਲੇ ਢੰਗ ਦੇ ਹਾਮੀ ਨਹੀਂ ਸਨ। ਆਪ ਨੇ ਇਕ ਥਾਂ ਇਹ ਸ਼ਪਸ਼ਟ ਵੀ ਕੀਤਾ ਕਿ "ਸਾਡੀ ਨੌਜਵਾਨ ਭਾਰਤ ਸਭਾ ਦਹਿਸ਼ਤ ਪਸੰਦੀ ਵਿੱਚ ਯਕੀਨ ਨਹੀਂ ਰੱਖਦੀ। ਅਸੀਂ ਜਾਣਦੇ ਹਾਂ ਕਿ ਵਿਅਕਤੀਗਤ ਦਹਿਸਤ-ਪਸੰਦੀ ਦੁਨੀਆਂ ਵਿੱਚ ਕਿਸੇ ਥਾਂ ਵੀ ਕਾਮਯਾਬ ਨਹੀਂ ਹੋਈ। ਦਹਿਸ਼ਤੀ ਤਰੀਕਿਆਂ ਦੀ ਵਰਤੋਂ ਨਾਲ ਕੁਝ ਲੋਕਾਂ ਨੂੰ ਮਾਰਨਾ ਸੰਭਵ ਹੈ ਪਰ ਉਹਨਾਂ ਦੀ ਥਾਂ ਨਵੇਂ ਜਾਬਰ ਆ ਜਾਣਗੇ। ਇਸ ਤਰੀਕੇ ਨਾਲ ਅਸੀਂ ਪ੍ਰਬੰਧ ਨੂੰ ਨਹੀਂ ਬਦਲ ਸਕਦੇ ਅਤੇ ਨਾ ਹੀ ਅਸੀਂ ਬੇ-ਇਨਸਾਫ਼ੀ ਤੇ ਜ਼ਬਰ ਨੂੰ ਖ਼ਤਮ ਕਰ ਸਕਦੇ ਹਾਂ। ਸਾਡਾ ਨਿਸ਼ਾਨਾ ਹੈ ਕਿ ਆਦਮੀ ਕਤਲ ਨਾ ਕੀਤੇ ਜਾਣ ਸਗੋਂ ਪ੍ਰਬੰਧ ਨੂੰ ਜੜ੍ਹੋਂ ਪੁਟਿਆ ਜਾਵੇ।

ਜੰਗ ਵਿਚ ਨਾ-ਮਿਲਵਰਤਣ ਦੇ ਕਾਰਨ 1940 ਵਿਚ ਜੋਸ਼ ਜੀ ਨੂੰ ਹੋਰ

Digitized by Panjab Digital Library | www.panjabdigilib.org

ਕਮਿਊਨਿਸਟ ਲੀਡਰਾਂ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਜਦੋਂ ਹਿਟਲਰ ਨੇ ਰੂਸ ਤੇ ਹਮਲਾ ਕਰ ਦਿੱਤਾ ਤਾਂ ਕਮਿਊਨਿਸਟ ਪਾਰਟੀ ਨੇ ਜੰਗ ਨੂੰ ਜਿਸ ਨੂੰ ਉਹ ਸਾਮਰਾਜਤ ਜੰਗ ਕਹਿੰਦੇ ਸਨ, ਜਨਤਕ-ਜੰਗ ਦਾ ਨਾਂ ਦਿੱਤਾ ਤੇ ਸਾਰੇ ਜੇਲ੍ਹਾਂ ਤੋਂ ਬਾਹਰ ਆ ਗਏ।

ਜਿਸ ਤਰ੍ਹਾਂ ਮੈਂ ਉੱਤੇ ਦੱਸਿਆ ਹੈ ਕਿ ਉਸ ਵੇਲੇ ਮੁਖ਼ਤਲਿਫ਼ ਸਿਆਸੀ ਗਰੁੱਪ ਸਾਰੇ ਕਾਂਗਰਸ ਦਾ ਹੀ ਅੰਗ ਸਨ। ਜਦੋਂ ਡਾਕਟਰ ਸੈਫ ਉਦ-ਦੀਨ ਕਿਚਲੂ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਚੁਣੇ ਗਏ ਤਾਂ ਕਾਮਰੇਡ ਜੋਸ਼ ਜਨਰਲ ਸਕੱਤਰ ਥਾਪੇ ਗਏ। ਪਰ ਲੜਾਈ ਦੇ ਦੌਰਾਨ ਚੂੰਕਿ ਨੀਤੀਆਂ ਅੱਡ-ਅੱਡ ਹੋ ਗਈਆਂ ਤਾਂ ਉਹ ਜੋੜ ਟੁੱਟ ਗਿਆ। ਕਮਿਊਨਿਸਟ ਪਾਰਟੀ ਜਨਤਕ-ਜੰਗ ਦਾ ਨਾਅਰਾ ਦੇਣ ਕਰਕੇ ਕਾਂਗਰਸ ਤੋਂ ਅੱਡ ਹੋ ਗਈ ਤੇ ਮਾਸਟਰ ਤਾਰਾ ਸਿੰਘ ਦੇ ਅਕਾਲੀ ਖ਼ਾਲਸਾ 'ਡਿਫੈਂਸ ਆਫ ਇੰਡੀਆ ਲੀਗ' ਬਣਾ ਕੇ ਫੌਜੀ ਭਰਤੀ ਦੇ ਹੱਕ ਵਿਚ ਫੈਸਲਾ ਕਰਨ ਕਰਕੇ ਦੂਰ ਹੋ ਗਏ। ਜੰਗ ਖਤਮ ਹੋਣ ਤੇ ਕਈਆਂ ਦੇ ਰਾਹ ਅੱਡ-ਅੱਡ ਹੋ ਗਏ। ਕੈਰੋਂ, ਮੁਸਾਫ਼ਿਰ, ਫੇਰੂਮਾਨ ਤੇ ਲੇਖਕ ਜੋ ਪਹਿਲਾਂ ਅਕਾਲੀ ਧੜੇ ਵਿਚ ਸਨ, ਸਿੱਧੇ ਕਾਂਗਰਸ ਵਿਚ ਹੀ ਰਹੇ ਤੇ ਜੋਸ਼ ਜੀ ਆਪਣੇ ਹੋਰ ਸਾਥੀਆਂ ਸਮੇਤ ਕਮਿਊਨਿਸਟ ਪਾਰਟੀ ਵਿਚ ਚਲੇ ਗਏ ਜਿਥੇ ਉਹਨਾਂ ਨੂੰ ਪਾਰਟੀ ਦਾ ਸਕੱਤਰ ਥਾਪਿਆ ਗਿਆ। ਆਪ ਨੇ ਬੜੀ ਤਨਦੇਹੀ ਤੇ ਸਫਲਤਾ ਨਾਲ ਪਾਰਟੀ ਨੂੰ ਜਥੇਬੰਦ ਕੀਤਾ ਤੇ ਆਪਣੇ ਸੂਬੇ ਤੋਂ ਬਾਹਰ ਵੀ ਪਾਰਟੀ ਦੀਆਂ ਮੀਟਿੰਗਾਂ ਵਿਚ ਜਾਂਦੇ ਰਹੇ। ਇਸ ਕੰਮ ਕਰਕੇ ਆਪ ਸਰਬ ਭਾਰਤੀ ਪੱਧਰ ਦੇ ਨੇਤਾ ਬਣੇ ਤੇ 1951 ਵਿਚ ਆਪ ਨੂੰ ਕੇਂਦਰੀ ਕਮੇਟੀ ਦਾ ਮੈਂਬਰ ਲਿਆ ਗਿਆ। 1964-68 ਵਿਚ ਉਹ ਸੈਂਟਰ ਦੀ ਐਗਜ਼ੇਕਟਿਵ ਕਮੇਟੀ ਦੇ ਮੈਂਬਰ ਰਹੇ। 1971-75 ਵਿਚ ਉਹ ਪਾਰਟੀ ਦੇ ਕੇਂਦਰੀ ਕੰਟਰੋਲ ਕਮਿਸ਼ਨ ਦੇ ਚੇਅਰਮੈਨ ਰਹੇ।

## ਔਕੜਾਂ ਤੇ ਮੁਸੀਬਤਾਂ

ਇਸ ਛੋਟੇ ਜਿਹੇ ਮਜ਼ਮੂਨ ਵਿਚ ਕਾਮਰੇਡ ਜੋਸ਼ ਦੀਆਂ ਕੁਰਬਾਨੀਆਂ ਔਕੜਾਂ ਤੇ ਮੁਸੀਬਤਾਂ ਦਾ ਵਿਸਥਾਰ ਪੂਰਬਕ ਜ਼ਿਕਰ ਕਰਨ ਤੋਂ ਮੇਰੀ ਕਲਮ ਅਸਮੱਰਥ ਹੈ। 1922 ਤੋਂ ਲੈ ਕੇ ਮੁਲਕ ਆਜ਼ਾਦ ਹੋਣ ਤਕ ਤੇ ਫਿਰ ਆਜ਼ਾਦ

Digitized by Panjab Digital Library | www.panjabdigilib.org

ਭਾਰਤ ਵਿਚ ਜਦੋਂ ਵਕਤ ਦੀ ਸਰਕਾਰ ਨਾਲ ਉਹਨਾਂ ਦੇ ਮੱਤ-ਭੇਦ ਰਹੇ, ਆਪ ਨੇ ਕਈ ਸਾਲ ਜੇਲ੍ਹਾਂ ਵਿਚ ਗੁਜ਼ਾਰੇ। ਆਪ ਜੇਲ੍ਹ ਵਿਚ ਹੀ ਸਨ ਕਿ ਆਪ ਦੇ ਮਾਤਾ ਜੀ ਵਿਛੋੜਾ ਦੇ ਗਏ। ਆਪ ਦੇ ਦੋ-ਤਿੰਨ ਬੱਚੇ ਛੋਟੀ ਅਵਸਥਾ ਵਿਚ ਹੀ ਘਰ ਦੀ ਗ਼ਰੀਬੀ ਦੇ ਕਾਰਨ ਗੁਜ਼ਰ ਗਏ। ਆਪ ਨੇ ਘਰ ਦੀ ਭਲਾਈ ਵਿਚ ਘੱਟ ਹੀ ਤਵੱਜੋ ਕੀਤੀ ਤੇ ਆਪ ਦੇ ਸਿਰ ਚੜ੍ਹਿਆ ਜਨੂੰਨ ਆਪ ਨੂੰ ਆਪਣੇ ਇਸ਼ਟ ਦੀ ਪੂਰਤੀ ਲਈ ਸ਼ਹਿਰ-ਸ਼ਹਿਰ, ਪਿੰਡ-ਪਿੰਡ, ਗਲੀ-ਗਲੀ ਤੇ ਕੂਚੇ-ਕੂਚੇ ਘੁਮਾਈ ਫਿਰਦਾ ਰਿਹਾ।

ਕਾਮਰੇਡ ਜੋਸ਼ ਆਪਦੀ ਪਾਰਟੀ ਦੀ ਸਭ ਤੋਂ ਵੱਡੀ ਕਮੇਟੀ ਦੇ ਮੈਂਬਰ ਰਹੇ। ਆਪ ਨੂੰ ਪੰਜਾਬ ਅਸੈਂਬਲੀ ਤੇ ਪੰਜਾਬ ਕੌਂਸਲ ਵਿਚ ਵੀ ਸੇਵਾ ਕਰਨ ਦਾ ਮਾਣ ਮਿਲਿਆ। 1937 ਦੀਆਂ ਚੋਣਾਂ ਵਿਚ ਆਪ ਇਲਾਕੇ ਦੇ ਸਿਰਕੱਢ ਜ਼ਿਮੀਂਦਾਰ ਰਾਜਾ ਰਘਬੀਰ ਸਿੰਘ ਮੰਧਾਵਾਲੀਏ ਨੂੰ ਹਰਾ ਕੇ ਮੈਂਬਰ ਬਣੇ।

## ਸਾਹਿਤਕਾਰ ਜੋਸ਼

ਜੋਸ਼ ਸਾਹਿਬ ਦੀ ਪੱਤਰਕਾਰੀ ਦਾ ਜ਼ਿਕਰ ਤਾਂ ਉੱਪਰ ਆ ਹੀ ਚੁੱਕਾ ਹੈ। ਆਪ ਕਲਮ ਦੇ ਬੜੇ ਧਨੀ ਸਨ। ਆਪ ਨੇ ਕਈ ਕਿਤਾਬਾਂ ਲਿਖੀਆਂ। ਜਿਨ੍ਹਾਂ ਵਿਚੋਂ ਕੁਝ ਕੁ ਦੇ ਨਾਂ ਇਸ ਪ੍ਰਕਾਰ ਹਨ :—

1. ਬੰਗਾਲੀ ਸਾਹਿਤ ਦੀ ਵੰਨਗੀ
2. ਰੁੱਤ ਨਵਿਆਂ ਦੀ ਆਈ (ਕਵਿਤਾ)
3. ਮੇਰੀ ਰੂਸ ਯਾਤਰਾ
4. ਪੰਜਾਬੀ ਬੋਲੀ ਤੇ ਭਾਸ਼ਾ-ਵਿਗਿਆਨ
5. ਜੀਵਨੀ ਬਾਬਾ ਸੋਹਣ ਸਿੰਘ ਭਕਨਾ
6. ਅਕਾਲੀ ਮੋਰਚਿਆਂ ਦਾ ਇਤਿਹਾਸ
7. ਅਦੁੱਤੀ ਇਨਕਲਾਬ (ਰੂਸ ਦੇ ਅਕਤੂਬਰ ਇਨਕਲਾਬ ਬਾਰੇ)
8. ਕਾਮਾ ਗਾਟਾ ਮਾਰੂ ਦੁਖਾਂਤ
9. ਭਗਤ ਸਿੰਘ ਨਾਲ ਮੇਰੀਆਂ ਮੁਲਾਕਾਤਾਂ
10. ਹਿੰਦੁਸਤਾਨ ਗ਼ਦਰ ਪਾਰਟੀ ਦਾ ਇਤਿਹਾਸ

Digitized by Panjab Digital Library | www.panjabdigilib.org

11. ਮੇਰਠ ਸਾਜ਼ਿਸ਼ ਕੇਸ
12. ਸੱਠ ਸਾਲਾ ਗੱਭਰੂ

ਆਪ ਕਵੀ ਵੀ ਸਨ। ਯੋਲ ਕੈਂਪ ਵਿਚ ਕੈਦ ਸਮੇਂ ਲਿਖੀਆਂ ਕਵਿਤਾਵਾਂ ਦੀ ਕਿਤਾਬ 'ਰੁੱਤ ਨਵਿਆਂ ਦੀ ਆਈ' ਆਪ ਨੇ 1955 ਵਿਚ ਛਾਪੀ। ਕਵਿਤਾ ਬਾਰੇ ਆਪ ਨੇ ਖੁਦ ਲਿਖਿਆ ਹੈ :—

"ਤੁੱਕ-ਬੰਦੀ ਮੈਂ ਛੋਟੀ ਉਮਰ ਤੋਂ ਹੀ ਕਰਦਾ ਰਿਹਾ ਹਾਂ। ਅੱਜ ਵੀ ਮੈਂ ਆਪਣੇ ਆਪ ਨੂੰ ਤੁੱਕ-ਬੰਦੀਕਾਰ ਹੀ ਸਮਝਦਾ ਹਾਂ, ਕਵੀ ਨਹੀਂ। ਚੰਗੇ ਕਵੀ ਵਾਲੇ ਗੁਣ, ਉੱਚੀ ਖ਼ਿਆਲ ਉਡਾਰੀ, ਵਿਸ਼ਾਲ ਕਲਪਨਾ, ਭਾਵ-ਉਛਾਲ ਵਿਚ ਡੁੱਬੇ ਹੋਏ ਲੋਕ-ਪਿਆਰੇ ਸ਼ਬਦ ਤੇ ਮੁਹਾਵਰੇ, ਲੋਕਾਂ ਦੇ ਅਹਿਸਾਸਾਂ, ਵਿਚਾਰਾਂ ਤੇ ਖ਼ਾਹਿਸ਼ਾਂ ਵਿਚ ਲੀਨ, ਸੁਚੇਤ-ਮਨ ਆਦਿ ਗੁਣ, ਹਾਲਾਂ ਮੈਨੂੰ ਹਾਸਲ ਨਹੀਂ ਹੋਏ, ਸ਼ਾਇਦ ਕਦੇ ਵੀ ਹਾਸਲ ਨਾ ਹੋ ਸਕਣ। ਇਹਨਾਂ ਦੇ ਹਾਸਲ ਕਰਨ ਲਈ ਜਿੰਨੀ ਮਿਹਨਤ ਤੇ ਸਿਰਜਣਾ-ਸ਼ਕਤੀ ਚਾਹੀਦੀ ਹੈ, ਇੰਨੀ ਮੈਨੂੰ ਵਿਹਲ ਨਹੀਂ ਮਿਲਦੀ। ਇਹ ਬੜੇ ਅਭਿਆਸ ਅਤੇ ਤਪੱਸਿਆ ਦਾ ਕੰਮ ਹੈ। ਮੈਂ ਤਾਂ ਜਨ-ਸੰਗਰਾਮਾਂ ਦਾ ਇਕ ਸਿਪਾਹੀ ਹਾਂ—ਸਾਹਿਤਕਾਰ ਨਹੀਂ।"

ਇਸ ਤਰ੍ਹਾਂ ਮਹਿਸੂਸ ਕਰਨਾ ਤੇ ਲਿਖਣਾ ਜੋਸ਼ ਜੀ ਦੀ ਨਿਮਰਤਾ ਤੇ ਵਡੱਪਣ ਹੈ। ਆਪ ਦੀਆਂ ਲਿਖੀਆਂ ਹੋਈਆਂ ਕਈ ਕਿਤਾਬਾਂ ਅਜੇ ਛਪਣ ਗੋਚਰੀਆਂ ਪਈਆਂ ਹਨ। ਜਿਨ੍ਹਾਂ ਵਿਚ ਉਹਨਾਂ ਦੀ ਸਵੈ-ਜੀਵਨੀ, ਨਾਵਲ, ਕਹਾਣੀ ਤੇ ਕਵਿਤਾ-ਸੰਗ੍ਰਹਿ ਸ਼ਾਮਿਲ ਹਨ। ਇਤਨੇ ਮਸਰੂਫ਼ ਸਿਆਸਤਦਾਨ ਦਾ ਇਤਨਾ ਸਾਰਾ ਸਾਹਿਤ ਰਚਨਾ ਕੋਈ ਛੋਟੀ ਜਿਹੀ ਪ੍ਰਾਪਤੀ ਨਹੀਂ। 'ਸੋਵੀਅਤ ਦੇਸ਼ ਨਹਿਰੂ ਇਨਾਮ' ਤੇ 'ਪੰਜਾਬ ਦੇ ਸ਼੍ਰੋਮਣੀ ਪੱਤਰਕਾਰ' ਇਨਾਮਾਂ ਨਾਲ ਆਪ ਨੂੰ ਨਿਵਾਜ਼ਿਆ ਗਿਆ।

ਆਪ ਇਕ ਕੱਟੜ ਤੇ ਪਾਬੰਦ ਸਿਆਸਤਦਾਨ ਹੋਣ ਦੇ ਬਾਵਜੂਦ ਨਿਰਵੈਰ ਸਨ। ਮਤ-ਭੇਦ ਦੇ ਕਾਰਨ ਜ਼ਾਤੀ ਦੁਸ਼ਮਣੀ ਪੈਦਾ ਹੋ ਜਾਏ, ਇਹ ਕਾਮਰੇਡ ਜੋਸ਼ ਦਾ ਖ਼ਾਸਾ ਨਹੀਂ ਸੀ।

Digitized by Panjab Digital Library | www.panjabdigilib.org

ਇਸ ਤਰ੍ਹਾਂ ਇਸਮ-ਬਾ-ਮੁਸੱਮੀ ਜੋਸ਼ ਇਕ ਭਰਪੂਰ ਜੀਵਨ ਜੀਅ ਕੇ ਤੇ ਆਪਣੇ ਮਿੱਤਰਾਂ ਤੇ ਵਿਰੋਧੀਆਂ ਉੱਤੇ ਆਪਣੇ ਇਖ਼ਲਾਕ ਦੀ ਇਕ ਛਾਪ ਛੱਡ ਕੇ 29 ਜੁਲਾਈ 1982 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਮੈਂ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਜੋਸ਼ ਸਾਹਿਬ ਦਾ ਜੀਵਨ ਆਉਂਦੀਆਂ ਪੀੜ੍ਹੀਆਂ ਲਈ ਹਮੇਸ਼ਾਂ ਰੋਸ਼ਨੀ ਦਾ ਮੁਨਾਰਾ ਰਹੇਗਾ।

ਅੰਤ ਵਿਚ ਮੈਂ ਉਹਨਾਂ ਦੀ ਵਸੀਅਤ ਦੇ ਸ਼ਬਦ ਦਰਜ ਕਰਦਾ ਹਾਂ। ਇਸ ਤੋਂ ਤੁਸੀਂ ਉਸ ਨਿਧੜਕ, ਨਿਰਵੈਰ, ਨੇਕ ਨੀਅਤ, ਅਸੰਪਰਦਾਇਕ ਤੇ ਚਿੰਤਨ-ਸ਼ੀਲ ਸੁਤੰਤਰਤਾ ਸੰਗਰਾਮੀ ਦੀ ਪ੍ਰਾਪਤੀ ਤੇ ਮਾਨਸਿਕ ਸੰਤੁਸ਼ਟਤਾ ਦਾ ਅੰਦਾਜ਼ਾ ਭਲੀ-ਭਾਂਤ ਲਾ ਸਕਦੇ ਹੋ।

## ਅੰਤਲਾ ਸੁਨੇਹਾ

(1) ਮੈਂ ਇਕ ਕਮਿਊਨਿਸਟ ਹਾਂ—ਮਾਰਕਸਵਾਦ ਲੈਨਿਨਵਾਦ ਦਾ ਧਾਰਨੀ। ਮੈਂ ਕਮਿਊਨਿਸਟ ਪਾਰਟੀ ਦੇ ਸਿਰਜਣ ਤੇ ਕਮਿਊਨਿਸਟ ਵਿਚਾਰਾਂ ਦੇ ਪ੍ਰਚਾਰਨ ਵਿਚ ਯਥਾ-ਯੋਗ ਹਿੱਸਾ ਪਾਇਆ ਹੈ।

(2) ਮੈਂ ਪੂਰੀ ਉਮਰ ਭੋਗ ਕੇ ਜਾ ਰਿਹਾ ਹਾਂ। ਮੈਂ ਬੜਾ ਖੁਸ਼ ਹਾਂ ਕਿ ਮੈਂ ਆਪਣੀ ਜ਼ਿੰਦਗੀ ਮਿਹਨਤਕਸ਼ਾਂ ਲਈ ਅਰਪਨ ਕੀਤੀ ਜਿਹੜੇ ਦੇਸ਼ ਦੀ ਦੌਲਤ ਦਾ ਸੋਮਾ ਹਨ ਅਤੇ ਜਿਨ੍ਹਾਂ ਦੀ ਮਿਹਨਤ ਉੱਤੇ ਸਮਾਜ ਦੀ ਜ਼ਿੰਦਗੀ ਨਿਰਭਰ ਹੈ। ਮੇਰੀ ਜਾਚੇ ਮੇਰਾ ਜੀਵਨ ਸਾਰਥਕ ਤੇ ਸੁਫਲਾ ਰਿਹਾ ਹੈ।

(3) ਕਮਿਊਨਿਸਟ ਵਿਚਾਰ-ਧਾਰਾ ਦਾ ਆਧਾਰ 'ਇਤਿਹਾਸਕ ਪਦਾਰਥਵਾਦ' ਹੈ, ਜਿਸ ਅਨੁਸਾਰ ਮਨੁੱਖ ਦਾ ਸਿਰਜਣਹਾਰਾ ਰੱਬ ਨਹੀਂ, ਰੱਬ ਦਾ ਸਿਰਜਣਹਾਰਾ ਮਨੁੱਖ ਹੈ ਅਤੇ ਇਹ ਨਰਕ-ਸੁਰਗ ਦੇ ਕਿੱਸੇ ਖ਼ਿਆਲੀ ਤੇ ਬੇ-ਹਕੀਕਤ ਢਕੌਂਸਲੇ ਹਨ।

(4) ਇਸ ਲਈ ਮੇਰੀ ਇੱਛਿਆ ਹੈ ਕਿ ਮੇਰੇ ਮਰਨ ਪਿੱਛੋਂ ਨਾ ਕੋਈ ਰੋਣਾ-ਧੋਣਾ ਨਾ ਕੋਈ ਕਿਰਿਆ-ਕਰਮ ਕੀਤੀ ਜਾਵੇ ਅਤੇ ਨਾ ਹੀ ਕੋਈ ਧਾਰਮਕ ਰਸਮ ਹੋਵੇ ਨਾ ਕੋਈ ਪਾਠ ਰੱਖਿਆ ਜਾਵੇ ਤੇ ਨਾ ਮੇਰੀ ਆਤਮਾ ਦੀ ਸ਼ਾਂਤੀ ਲਈ

Digitized by Panjab Digital Library | www.panjabdigilib.org

ਕਿਸੇ ਕੋਲੋਂ ਅਰਦਾਸੇ ਕਰਵਾਏ ਜਾਣ ।

5) ਮੈਂ ਸੰਤੁਸ਼ਟ ਹਾਂ ਕਿ ਮੈਂ, ਵਾਹ ਲੱਗਦੀ ਦਿਆਨਤਦਾਰੀ, ਬੇ-ਗਰਜ਼ੀ, ਕੁਰਬਾਨੀ ਤੇ ਆਪਣੇ ਮਿਹਨਤਕਸ਼ਾਂ ਲਈ ਲਗਨ ਦਾ ਅਮਲੀ ਜੀਵਨ ਜੀਵਿਆ ਹੈ ਅਤੇ ਜੀਵਨ ਦੀ ਸਫਲਤਾ, ਮਿਹਨਤਕਸ਼ਾਂ ਦੇ ਘੋਲ ਲੜਨ, ਇਹਨਾਂ ਨੂੰ ਆਪਣੇ ਪੈਰਾਂ ਤੇ ਖੜ੍ਹੇ ਕਰਨ ਅਤੇ ਬਰਾਬਰ ਦੇ ਅਣਖੀਲੇ ਮਰਦ ਬਨਾਉਣ ਵਿਚ ਸਮਝੀ ਹੈ । ਮੇਰੇ ਲਈ ਕਿਸੇ ਧਰਮੀ ਆਦਮੀ ਦਾ ਅਸ਼ੀਰਵਾਦ ਕੋਈ ਕੀਮਤ ਨਹੀਂ ਰੱਖਦਾ ਅਤੇ ਨਾ ਹੀ ਇਸ ਦੀ ਲੋੜ ਹੈ । ਆਤਮਾਵਾਂ ਉਹਨਾਂ ਲੋਕਾਂ ਦੀਆਂ ਭਟਕਦੀਆਂ ਹਨ ਜਿਨ੍ਹਾਂ ਨੇ ਲੋਕਾਂ ਨਾਲ ਦਗੇ, ਪਾਪ ਜਾਂ ਧ੍ਰੋਹ ਕਮਾਏ ਹੋਣ । ਦੌਲਤ ਦਾ ਮੋਹ ਮੈਨੂੰ ਨਹੀਂ ਭਟਕਾ ਸਕਿਆ ।

6) ਮੈਂ ਇਹ ਸਭ ਕੁਝ ਲਿਖ ਕੇ ਇਸ ਲਈ ਪਿੱਛੇ ਛੱਡ ਰਿਹਾ ਹਾਂ ਕਿ ਮੇਰੀ ਲੋਥ ਨੂੰ ਧਾਰਮਕ ਰੀਤਾਂ-ਰਸਮਾਂ ਵਿੱਚ ਨਾਂ ਘਸੀਟਿਆ ਜਾਵੇ । ਦਾਹ-ਸੰਸਕਾਰ ਕਰਕੇ ਰਹਿੰਦੀ ਭਸਮ, ਵਗਦੀ ਨਹਿਰ ਲਾਹੌਰ ਬ੍ਰਾਂਚ ਵਿਚ ਰੋੜ ਦਿੱਤੀ ਜਾਏ ਤਾਂ ਜੋ ਵਾਹਗਾ ਪਾਰ ਦੇ ਮੁਸਲਮਾਨ ਲੋਕਾਂ ਨਾਲ ਮੇਰੇ ਸਦੀਵੀ ਪਿਆਰ ਤੇ ਵੰਡ ਵੇਲੇ ਦੇ ਕਤਲਾਮ ਤੋਂ ਮੇਰੀ ਪਾਰਟੀ ਦੀ ਪਾਕਦਾਮਨੀ ਦਾ ਇਜ਼ਹਾਰ ਹੋ ਸਕੇ ।

7) ਅੰਤਮ ਗੱਲ ਇਹ ਹੈ ਕਿ ਮੇਰਾ ਜੀਵਨ ਕਮਿਊਨਿਸਟ ਪਾਰਟੀ ਦਾ ਬੰਧੇਜ਼-ਬੱਧ ਜੀਵਨ ਰਿਹਾ ਹੈ । ਮੈਂ ਉਸ ਦੇ ਫੈਸਲਿਆਂ ਨੂੰ ਪ੍ਰਵਾਨ ਕਰਨਾ ਤੇ ਸਿਰੇ ਚੜ੍ਹਾਉਣਾ ਆਪਣਾ ਫਰਜ਼ ਸਮਝਦਾ ਰਿਹਾ ਹਾਂ । ਮੇਰੇ ਮਰਨ ਪਿਛੋਂ ਮੇਰੇ ਸੰਬੰਧੀ ਫੈਸਲੇ ਲੈਣ ਦਾ ਅਧਿਕਾਰ ਸਿਰਫ਼ ਮੇਰੀ ਪਾਰਟੀ ਨੂੰ ਹੀ ਹਾਸਲ ਹੈ, ਕਿਸੇ ਰਿਸ਼ਤੇਦਾਰ ਨੂੰ ਨਹੀਂ । ਇਸ ਲਈ ਪਾਰਟੀ ਦੇ ਫੈਸਲਿਆਂ ਉੱਤੇ ਫੁੱਲ ਚੜ੍ਹਾਏ ਜਾਣ ।

ਅਲਵਿਦਾ — ਸੋਹਣ ਸਿੰਘ ਜੋਸ਼

ਇਨਕਲਾਬ-ਜ਼ਿੰਦਾਬਾਦ । — 3-5-73

ਜੋਸ਼ ਜੀ ਨੇ 1973 'ਚ ਪ੍ਰਗਟਾਈਆਂ ਆਪਣੀਆਂ ਭਾਵਨਾਵਾਂ ਦੀ ਦ੍ਰਿੜਤਾ ਨਾਲ ਹੀ ਆਪਣੀ ਰਹਿੰਦੀ ਜ਼ਿੰਦਗੀ ਗੁਜ਼ਾਰਦਿਆਂ ਆਪਣਾ ਆਖਰੀ ਸੁਆਸ 1982 ਦੀ ਮਿਤੀ 29 ਜੁਲਾਈ ਨੂੰ ਲੈ ਕੇ ਦੇਹ ਨੂੰ ਤਿਆਗਿਆ ।

Digitized by Panjab Digital Library | www.panjabdigilib.org

# ਭਗਵਾਨ ਸਿੰਘ ਗੋਇੰਦੀ

ਸ: ਭਗਵਾਨ ਸਿੰਘ ਦਾ ਜਨਮ 22 ਮਈ 1895 ਨੂੰ ਪਿੰਡ ਬੰਨ ਬਾਜਵਾ ਜ਼ਿਲਾ ਸਿਆਲਕੋਟ ਵਿਚ ਸ: ਪ੍ਰੇਮ ਸਿੰਘ ਗੋਇੰਦੀ ਦੇ ਘਰ ਹੋਇਆ। ਆਪ ਕਾਲਜ ਦੀ ਸਿੱਖਿਆ ਪੂਰੀ ਕਰਨ ਤੋਂ ਪਹਿਲਾਂ ਹੀ ਗਵਾਲੀਅਰ ਰਿਆਸਤ ਵਿਖੇ ਮਹਿਕਮਾ ਜੰਗਲਾਤ ਵਿੱਚ ਡਿਪਟੀ ਰੇਂਜਰ ਲੱਗ ਗਏ। ਪਰ ਉੱਥੇ ਆਪ ਬਹੁਤਾ ਚਿਰ ਨਾ ਟਿਕੇ। ਆਪ ਦਾ ਰੁਝਾਨ ਸ਼ੁਰੂ ਤੋਂ ਹੀ ਸਚਾਈ ਤੇ ਇਮਾਨਦਾਰੀ ਵੱਲ ਸੀ। ਵਣ ਵਿਭਾਗ ਵਿਚ ਵਾਤਾਵਰਣ ਆਪ ਵਰਗੇ ਨੇਕ ਪੁਰਸ਼ ਲਈ ਸਾਜ਼ਗਾਰ ਨਹੀਂ ਸੀ। ਇਸ ਲਈ ਆਪ ਨੌਕਰੀ ਛੱਡ ਕੇ ਯੂ. ਪੀ. ਦੇ ਸ਼ਹਿਰ ਪ੍ਰਤਾਪਗੜ੍ਹ ਵਿਚ ਚਲੇ ਗਏ ਜਿਥੇ ਆਪ ਨੂੰ ਖੇਤੀਬਾੜੀ ਦੇ ਵਿਭਾਗ ਵਿਚ ਇਨਸਪੈਕਟਰ ਦੀ ਨੌਕਰੀ ਮਿਲ ਗਈ। ਇਸ ਵੇਲੇ ਆਪ ਦੀ ਉਮਰ ਕੋਈ 21-22 ਸਾਲ ਦੀ ਸੀ।

1919 ਵਿਚ ਜਦੋਂ ਜਲ੍ਹਿਆਂ ਵਾਲੇ ਬਾਗ ਦੀ ਘਟਨਾ ਹੋਈ ਤਾਂ ਸਾਰੇ ਮੁਲਕ ਵਿਚ ਇਕ ਅਥਾਹ ਜੋਸ਼ ਸੀ। ਗਾਂਧੀ ਜੀ ਦੀ ਸ਼ਖ਼ਸੀਅਤ ਉਭਰ ਕੇ ਦੇਸ਼ ਦੇ ਕੌਮੀ ਮੰਚ 'ਤੇ ਆ ਗਈ ਸੀ। 1920 ਵਿਚ ਪੰਡਿਤ ਜਵਾਹਰ ਲਾਲ ਨਹਿਰੂ, ਗਾਂਧੀ ਜੀ ਦੇ ਆਸ਼ੇ ਅਨੁਸਾਰ ਪ੍ਰਤਾਪ ਗੜ੍ਹ ਦੇ ਇਲਾਕੇ ਦੇ ਪਿੰਡਾਂ ਦਾ ਦੌਰਾ ਕਰ ਰਹੇ ਸਨ ਤਾਂ ਆਪ ਨੂੰ ਭਗਵਾਨ ਸਿੰਘ ਜੀ ਮਿਲੇ ਜੋ ਉਸ ਸਮੇਂ ਤਕ ਇਕ ਸਮਾਜ ਸੇਵਕ ਦੀ ਪ੍ਰਸਿੱਧਤਾ ਹਾਸਲ ਕਰ ਚੁੱਕੇ ਸਨ। ਇਸ ਦੌਰੇ ਦੌਰਾਨ ਇਕ ਵਾਰ ਪੰਡਿਤ ਜੀ ਸ: ਭਗਵਾਨ ਸਿੰਘ ਦੇ ਘਰ ਹੀ ਠਹਿਰੇ। ਭਗਵਾਨ ਸਿੰਘ ਨੇ ਸਰਕਾਰੀ ਨੌਕਰੀ ਵਿਚ ਹੁੰਦੇ ਹੋਏ ਵੀ ਇਕ ਇਕੱਠ ਵਿਚ ਜਿੱਥੇ ਵਿਦੇਸ਼ੀ ਕੱਪੜੇ ਸਾੜੇ ਜਾ ਰਹੇ ਸਨ, ਆਪਣੇ ਕੱਪੜੇ ਉਤਾਰ ਕੇ ਅੱਗ ਦੀ ਭੇਟ ਕਰ ਦਿੱਤੇ। ਜਦੋਂ ਆਪ ਇਕ ਪਰਨੇ ਨਾਲ ਘਰ ਵਾਪਸ ਆਏ ਤਾਂ ਘਰ ਵਾਲਿਆਂ ਨੇ ਦੂਰੋਂ ਵੇਖ ਕੇ ਸੋਚਿਆ ਕਿ ਕੋਈ ਸਾਧੂ ਆ ਰਿਹਾ ਹੈ। ਜਿਹੜੇ ਲੋਕ ਸ: ਭਗਵਾਨ ਸਿੰਘ ਦੇ ਸੰਪਰਕ ਵਿਚ ਆਏ, ਉਹ ਇਸ ਗੱਲ ਦੀ ਹਾਮੀ ਭਰਨਗੇ ਕਿ ਆਚਰਨ ਅਨੁਸਾਰ ਆਪ ਵਾਕਈ ਇਕ ਸਾਧੂ ਸੰਤ ਹੀ ਸਨ। ਆਪ ਇਕ ਪੱਕੇ ਗਾਂਧੀ ਭਗਤ ਸਾਬਤ ਹੋਏ ਤੇ ਆਪਨੇ ਆਪਣਾ

Digitized by Panjab Digital Library | www.panjabdigilib.org

ਸਾਰਾ ਜੀਵਨ ਖੱਦਰ-ਪ੍ਰਚਾਰ ਦੇ ਤੇ ਹੋਰ ਰਚਨਾਤਮਕ ਕੰਮਾਂ ਵਿਚ ਲਗਾ ਦਿੱਤਾ। ਛੇਤੀ ਹੀ ਆਪ ਪ੍ਰਤਾਪ ਗੜ੍ਹ ਦੀ ਕਾਂਗਰਸ ਕਮੇਟੀ ਦੇ ਸਕੱਤਰ ਥਾਪੇ ਗਏ।

1921 ਵਿਚ ਜਦੋਂ ਗਾਂਧੀ ਜੀ ਨੇ ਸਰਕਾਰੀ ਨੌਕਰੀਆਂ ਤਿਆਗ ਦੇਣ ਦਾ ਨਾਅਰਾ ਲਾਇਆ ਤਾਂ ਆਪ ਨੇ ਇਸ ਆਵਾਜ ਤੇ 'ਲਬੈਕ' ਕਹਿ ਕੇ ਨੌਕਰੀ ਛੱਡ ਦਿੱਤੀ ਤੇ ਸਿਆਲ ਕੋਟ ਵਾਪਸ ਆ ਕੇ ਖਾਦੀ ਪ੍ਰਚਾਰ ਦਾ ਕੰਮ ਸ਼ੁਰੂ ਕਰ ਦਿੱਤਾ। ਪੰਜਾਬ ਵਿਚ ਆਪ ਪਹਿਲੇ ਇਕ ਦੋ ਆਦਮੀਆਂ ਵਿਚੋਂ ਹਨ ਜਿਨ੍ਹਾਂ ਨੇ ਖਾਦੀ-ਪ੍ਰਚਾਰ ਦਾ ਬੀੜਾ ਚੁੱਕਿਆ। ਆਪ ਦੀ ਪਤਨੀ ਬੀਬੀ ਅਨੰਤ ਕੌਰ ਵੀ ਇਕ ਲਗਨ ਵਾਲੀ ਇਸਤਰੀ ਸੀ ਜਿਸਨੇ ਆਪ ਦੇ ਮੋਢੇ ਨਾਲ ਮੋਢਾ ਡਾਹ ਕੇ ਖਾਦੀ ਤੇ ਹੋਰ ਰਚਨਾਤਮਕ ਕੰਮਾਂ ਵਿੱਚ ਪੂਰਾ ਪੂਰਾ ਹਿੱਸਾ ਲਿਆ। ਸਿਆਲਕੋਟ ਸ਼ਹਿਰ ਤੇ ਬੰਨ ਬਾਜਵਾ ਪਿੰਡ ਵਿਚ ਖਦਰ ਕੇਂਦਰ ਖੋਲ੍ਹੇ। ਕਈ ਗਰੀਬ ਔਰਤਾਂ ਨੂੰ ਚਰਖ਼ਾ ਚਲਾਉਣ ਵਲ ਲਗਾਇਆ ਜਿਸ ਨਾਲ ਉਹ ਆਪਣੀ ਰੋਜ਼ੀ ਕਮਾਉਣ ਦੇ ਕਾਬਲ ਹੋ ਗਈਆਂ।

ਆਪਦੇ ਇਖ਼ਲਾਕ ਤੇ ਅਮਲੀ ਜੀਵਨ ਦਾ ਪ੍ਰਭਾਵ ਔਲਾਦ ਅਤੇ ਚੌਗਿਰਦੇ 'ਤੇ ਪੈ ਜਾਣਾ ਜ਼ਰੂਰੀ ਸੀ। ਆਪਦੇ ਬੱਚੇ ਵੀ ਉਸੇ ਰੰਗ ਵਿਚ ਰੰਗੇ ਗਏ ਤੇ ਪੱਕੇ ਖੱਦਰਧਾਰੀ ਬਣੇ।

ਸਿਆਲਕੋਟ ਚੂੰਕਿ ਖੇਡਾਂ ਦੇ ਸਾਮਾਨ ਦਾ ਸ਼ੁਰੂ ਤੋਂ ਹੀ ਕੇਂਦਰ ਸੀ, ਇਸ ਲਈ ਉਥੇ ਵਾਪਸ ਆ ਕੇ ਸਰਦਾਰ ਜੀ ਨੇ ਆਪਣੇ ਗੁਜ਼ਾਰੇ ਲਈ ਸਪੋਰਟਸ ਦਾ ਵਪਾਰ ਸ਼ੁਰੂ ਕੀਤਾ ਜਿਸਦੀ ਕਮਾਈ ਨਾਲ ਘਰ ਦਾ ਨਿਰਬਾਹ ਵੀ ਹੁੰਦਾ ਰਿਹਾ।

ਪ੍ਰਤਾਪ ਗੜ੍ਹ ਵਿਚ ਰਹਿਣ ਸਮੇਂ ਆਪਦਾ, ਪੰਡਿਤ ਜਵਾਹਰ ਲਾਲ ਨਹਿਰੂ ਨਾਲ ਗਹਿਰਾ ਸੰਬੰਧ ਹੋ ਗਿਆ ਸੀ ਜੋ ਮਿੱਤਰਤਾ ਦੀ ਸ਼ਕਲ ਇਖ਼ਤਿਆਰ ਕਰ ਗਿਆ। ਪੰਡਤ ਜੀ ਦੇ ਕਹਿਣ 'ਤੇ ਸ: ਭਗਵਾਨ ਸਿੰਘ ਨੇ ਆਪਣੇ ਕੰਮ ਦੀ ਇਕ ਬ੍ਰਾਂਚ ਅਲਾਹਾਬਾਦ ਖੋਲ੍ਹ ਦਿੱਤੀ ਜੋ ਡੀ. ਜੇ. ਲਵ ਐਂਡ ਕੰਪਨੀ ਦੇ ਨਾਂ ਨਾਲ ਉੱਥੇ ਸਥਾਪਤ ਹੋਈ। ਇਹ ਸ਼ਾਖਾ ਪਿਛੋਂ ਬਹੁਤ ਵੱਡੇ ਵਪਾਰ ਦੀ ਸ਼ਕਲ ਇਖ਼-ਤਿਆਰ ਕਰ ਗਈ ਤੇ ਇਸ ਬਹਾਨੇ ਸ: ਭਗਵਾਨ ਸਿੰਘ ਜੀ ਦਾ ਅਲਾਹਾਬਾਦ ਆਉਣਾ-ਜਾਣਾ ਸ਼ੁਰੂ ਹੋ ਗਿਆ। ਪਿਛੋਂ ਜਾ ਕੇ ਉਨ੍ਹਾਂ ਦੀ ਰਿਹਾਇਸ਼ ਅਲਾਹਾਬਾਦ

Digitized by Panjab Digital Library | www.panjabdigilib.org

ਹੀ ਹੋ ਗਈ ਤੇ ਆਪ ਯੂ. ਪੀ. ਦੇ ਵੱਡੇ ਵੱਡੇ ਕਾਂਗਰਸੀ ਨੇਤਾਵਾਂ ਦੇ ਸੰਪਰਕ ਵਿਚ ਆਏ। ਚੂੰਕਿ ਆਪ ਵਿਚ ਕੋਈ ਜ਼ਾਤੀ ਜਾਂ ਸਿਆਸੀ ਲਾਲਸਾ ਨਹੀਂ ਸੀ ਇਸ ਲਈ ਆਪਣੀ ਲਗਨ ਤੇ ਨਿਸ਼ਕਾਮ ਸੇਵਾ ਦੇ ਕਾਰਨ ਆਪ ਚੋਟੀ ਦੇ ਆਗੂਆਂ ਦੇ ਦਿਲ ਵਿਚ ਬੈਠ ਗਏ ਜੋ ਸਾਰੇ ਦੇ ਸਾਰੇ ਆਪ ਦੀ ਬਹੁਤ ਕਦਰ ਕਰਦੇ ਸਨ। ਦੂਜੀ ਵੱਡੀ ਜੰਗ ਦੇ ਦਿਨਾਂ ਵਿਚ ਸਰਕਾਰ ਨੇ 'ਵਾਰ-ਫੰਡ' ਇਕੱਠਾ ਕਰਨ ਵੇਲੇ ਇਕ ਇਹ ਸਕੀਮ ਚਲਾਈ ਕਿ ਤਾਲੀਮੀ ਅਦਾਰੇ ਜਿਸ ਸਪੋਰਟਸ ਅਥਵਾ ਖੇਡਾਂ ਦੀ ਦੁਕਾਨ ਤੋਂ ਸਕੂਲਾਂ-ਕਾਲਜਾਂ ਲਈ ਸਾਮਾਨ ਖਰੀਦਣ ਉਹ ਦੁਕਾਨਾਂ ਕੀਮਤ ਵਿਚ ਤਿੰਨ ਫੀ ਸਦੀ ਕਟੌਤੀ ਦੇਣ ਤੇ ਉਹ ਰਕਮ ਜੰਗ ਦੇ ਫੰਡ ਵਿਚ ਚਲੀ ਜਾਵੇ। ਇਹ ਕਟੌਤੀ ਇਕ ਤਰ੍ਹਾਂ ਦਾ ਆਦੇਸ਼ ਹੀ ਸੀ। ਜਿਸ 'ਤੇ ਸਾਰੀਆਂ ਸੰਬੰਧਤ ਦੁਕਾਨਾਂ ਨੇ ਅਮਲ ਕਰਨਾ ਸੀ। ਜੇ ਕੋਈ ਫਰਮ ਇਹ ਕਟੌਤੀ ਦੇਣ ਤੋਂ ਇਨਕਾਰ ਕਰੇ ਤਾਂ ਉਸਦਾ ਬਾਈਕਾਟ ਕਰਕੇ ਉਸ ਤੋਂ ਕੋਈ ਸਾਮਾਨ ਨਾਂਹ ਖ਼ਰੀਦਣ ਦਾ ਫ਼ੈਸਲਾ ਕੀਤਾ ਜਾਂਦਾ ਸੀ। ਸ: ਭਗਵਾਨ ਸਿੰਘ ਨੇ ਇਸ ਤਰ੍ਹਾਂ ਜੰਗੀ ਫੰਡ ਵਿਚ ਚੰਦਾ ਦੇਣ ਤੋਂ ਇਨਕਾਰ ਕਰ ਦਿਤਾ ਤੇ ਬਹੁਤ ਸਾਰਾ ਨੁਕਸਾਨ ਉਠਾਇਆ। ਜਦੋਂ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਆਪ ਨੇ ਸ: ਭਗਵਾਨ ਸਿੰਘ ਨੂੰ ਇਕ ਚਿੱਠੀ ਲਿਖੀ ਜਿਸ ਵਿਚ ਸਰਕਾਰ ਦੀ ਇਸ ਸਕੀਮ ਦੀ ਬੁਰਾਈ ਕੀਤੀ ਤੇ ਸ: ਭਗਵਾਨ ਸਿੰਘ ਦੇ ਫੈਸਲੇ ਦੀ ਤਾਰੀਫ ਕੀਤੀ। ਆਪ ਨੇ ਕਿਹਾ, "ਮੈਨੂੰ ਆਪ ਦੇ ਨੁਕਸਾਨ ਦਾ ਬੜਾ ਅਫ਼ਸੋਸ ਹੈ ਪਰ ਨਾਲ ਹੀ ਮੈਂ ਆਪ ਨੂੰ ਮੁਬਾਰਕ ਦੇਂਦਾ ਹਾਂ ਕਿ ਆਪ ਆਪਣੇ ਅਸੂਲ ਤੇ ਕੌਮੀ ਨੀਤੀ 'ਤੇ ਕਾਇਮ ਰਹੇ। ਮੈਨੂੰ ਯਕੀਨ ਹੈ ਕਿ ਇਸ ਨਾਲ ਆਪ ਨੂੰ ਤਾਕਤ ਮਿਲੇਗੀ।

ਮੈਂ ਸੋਚਦਾ ਹਾਂ ਕਿ ਪ੍ਰਾਈਵੇਟ ਵਿਦਿਅਕ ਅਦਾਰਿਆਂ, ਵਿਦਿਆਰਥੀ ਜਮਾਤਾਂ ਤੇ ਹੋਰ ਲੋਕਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਆਪਣਾ ਲੋੜੀਂਦਾ ਸਮਾਨ ਆਪ ਦੀ ਦੁਕਾਨ ਤੋਂ ਖਰੀਦ ਕੇ ਆਪ ਨਾਲ ਹੋਈ ਇਸ ਵਧੀਕੀ ਦਾ ਉੱਤਰ ਦੇਣ। ਮੈਨੂੰ ਪੂਰੀ ਆਸ ਹੈ ਕਿ ਆਪ ਦੀ ਦੁਕਾਨ ਨੂੰ ਦੇਸ਼ ਦਾ ਹਿੱਤ ਰੱਖਣ ਵਾਲੇ ਸਾਰੇ ਲੋਕਾਂ ਤੋਂ ਇਹ ਸਰਪਰਸਤੀ ਤੇ ਸਹਾਇਤਾ ਜ਼ਰੂਰ ਮਿਲੇਗੀ।"

ਪੰਡਿਤ ਜੀ ਦਾ ਇਹ ਖ਼ਤ ਜ਼ਾਹਿਰ ਕਰਦਾ ਹੈ ਕਿ ਸ: ਭਗਵਾਨ ਸਿੰਘ ਦੀ

Digitized by Panjab Digital Library | www.panjabdigilib.org

ਸ਼ਖ਼ਸੀਅਤ ਦਾ ਕਿਤਨਾ ਸਤਿਕਾਰ ਸੀ ਉਨ੍ਹਾਂ ਦੇ ਦਿਲ ਵਿਚ। ਜਦੋਂ ਦੇਸ਼-ਭਗਤ ਭਗਵਾਨ ਸਿੰਘ ਨੇ ਆਪਣੇ ਵਪਾਰ ਦਾ ਨੁਕਸਾਨ ਬਰਦਾਸ਼ਤ ਕਰਨਾ ਕਬੂਲ ਕਰ ਲਿਆ ਪਰ ਸਰਕਾਰ ਦੇ ਨਾਜਾਇਜ਼ ਹੁਕਮ ਅੱਗੇ ਝੁਕਣ ਤੋਂ ਇਨਕਾਰ ਕੀਤਾ ਤਾਂ ਪੰਡਿਤ ਜੀ ਦੇ ਮਨ 'ਤੇ ਐਸਾ ਅਸਰ ਹੋਇਆ ਕਿ ਉਨ੍ਹਾਂ ਨੇ ਇਕ ਨਿੱਜੀ ਵਪਾਰ ਨੂੰ ਉਤਸ਼ਾਹ ਦੇਣ ਵਾਸਤੇ ਇਕ ਸਾਰਵਜਨਕ ਅਪੀਲ ਕੀਤੀ।

1942 ਦੀ 'ਭਾਰਤ ਛੋੜੋ' ਤਹਿਰੀਕ ਸਮੇਂ ਸਰਦਾਰ ਸਾਹਿਬ ਸਿਆਲਕੋਟ ਤੋਂ ਅਲਾਹਾਬਾਦ ਗਏ ਹੋਏ ਸਨ। ਜਿਥੇ 1942 ਦੀ ਲਹਿਰ ਜ਼ੋਰਾਂ 'ਤੇ ਸੀ। ਆਪ ਨੇ ਉਥੇ ਹੀ ਤਸ਼ੱਦਦ ਦੇ ਵਿਰੋਧ 'ਚ ਇਸ ਲਹਿਰ ਨੂੰ ਅਮਨ ਨਾਲ ਚਲਾਉਣ ਦੇ ਯਤਨ ਕੀਤੇ। 1943 ਵਿੱਚ ਜਿਉਂ ਹੀ ਆਪ ਸਿਆਲਕੋਟ ਪਹੁੰਚੇ ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸਰਵ ਸ਼੍ਰੀ ਮੁਸਾਫ਼ਿਰ, ਤੇਰੋਂ, ਫੇਰੂਮਾਨ ਤੇ ਲੇਖਕ ਉਸ ਵੇਲੇ ਉਥੇ ਹੀ ਨਜ਼ਰਬੰਦੀ ਦੀ ਸਜ਼ਾ ਭੁਗਤ ਰਹੇ ਸਨ।

ਮੁਲਕ ਦੀ ਵੰਡ ਤੋਂ ਪਿਛੋਂ ਸ: ਭਗਵਾਨ ਸਿੰਘ ਅਲਾਹਾਬਾਦ ਆ ਗਏ ਤੇ ਪੰਜਾਬ ਤੇ ਬੰਗਾਲ ਤੋਂ ਉਜੜ ਕੇ ਆਏ ਸ਼ਰਨਾਰਥੀਆਂ ਦੇ ਮੁੜ-ਵਸੇਬੇ ਦੇ ਕੰਮ ਵਿਚ ਜੁਟੇ ਰਹੇ। ਜਦੋਂ ਗਾਂਧੀ ਜੀ ਬੰਗਾਲ ਤੋਂ ਵਾਪਸ ਆ ਰਹੇ ਸਨ ਤਾਂ ਅਲਾਹਾਬਾਦ ਸਟੇਸ਼ਨ 'ਤੇ ਸ: ਭਗਵਾਨ ਸਿੰਘ ਜੀ ਉਨ੍ਹਾਂ ਨੂੰ ਮਿਲੇ ਤੇ ਆਪਣੇ ਰਚਨਾਤਮਕ ਕੰਮਾਂ ਨੂੰ ਸਾਰੀ ਜ਼ਿੰਦਗੀ ਜਾਰੀ ਰੱਖਣ ਦਾ ਹੋਰ ਉਤਸ਼ਾਹ ਹਾਸਲ ਕੀਤਾ।

ਆਪ ਚੂੰਕਿ ਅਸੰਪਰਦਾਇਕ ਰੁਚੀ ਦੇ ਮਾਲਕ ਸਨ ਫਿਰਕੂ ਝਗੜੇ ਵੇਖ ਕੇ ਆਪ ਦੇ ਮਨ ਨੂੰ ਬਹੁਤ ਦੁੱਖ ਹੁੰਦਾ ਸੀ। 1948 ਵਿਚ ਜਦੋਂ ਅਲਾਹਾਬਾਦ ਫਿਰਕੂ ਫਸਾਦ ਹੋਏ ਤਾਂ ਆਪ ਦਿਨ-ਰਾਤ ਬਿਨਾਂ ਕਿਸੇ ਵਿਤਕਰੇ ਦੇ ਫਸਾਦ-ਪੀੜਤਾਂ ਦੀ ਸੇਵਾ ਵਿਚ ਜੁਟੇ ਰਹੇ। 1968 ਵਿਚ ਹੋਲੀ ਦੇ ਤਿਉਹਾਰ 'ਤੇ ਹੋਏ ਫਿਰਕੂ ਫਸਾਦ ਵੇਲੇ ਉਹ ਆਪਣੀ ਸਿਹਤ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਪੀੜਤਾਂ ਦੇ ਦੁਖ ਨਵਿਰਤ ਕਰਨ ਵਿਚ ਮਸਰੂਫ਼ ਰਹੇ ਤੇ ਇਤਨੇ ਕਮਜ਼ੋਰ ਹੋ ਗਏ ਕਿ ਦੁਬਾਰਾ ਆਪਣੀ ਸੇਹਤ ਬਹਾਲ ਨਾ ਕਰ ਸਕੇ।

7 ਜੂਨ 1968 ਨੂੰ ਇਹ ਨਿਸ਼ਕਾਮ ਸੇਵਕ, ਆਪਣੇ ਦੇਸ਼ ਵਾਸੀਆਂ ਦੀ ਸੇਵਾ ਕਰਦਾ ਸਾਨੂੰ ਸਦੀਵੀ ਵਿਛੋੜਾ ਦੇ ਗਿਆ।

Digitized by Panjab Digital Library | www.panjabdigilib.org

ਵੈਸੇ ਤਾਂ ਸ: ਭਗਵਾਨ ਸਿੰਘ ਦਾ ਸਾਰਾ ਪ੍ਰਵਾਰ ਹੀ ਮਹਾਤਮਾ ਗਾਂਧੀ ਦੀ ਤਾਲੀਮ ਦਾ ਪਾਬੰਦ ਹੈ ਤੇ ਹੁਣ ਤਕ ਰਚਨਾਤਮਕ ਕੰਮਾਂ ਵਿਚ ਆਪਣਾ ਹਿੱਸਾ ਪਾ ਰਿਹਾ ਹੈ ਪਰ ਖ਼ਾਸ ਤੌਰ ਤੇ ਆਪ ਦੀ ਲੜਕੀ ਕਮਲਾ ਬਹਿਨ ਨੇ ਆਪਣਾ ਸਾਰਾ ਜੀਵਨ ਹੀ ਇਸ ਪਾਸੇ ਲਾ ਦਿੱਤਾ। ਆਪ ਨੇ ਸ਼ਾਦੀ ਨਹੀਂ ਕਰਾਈ ਤੇ ਵਿਦਿਅਕ, ਖ਼ਾਦੀ, ਹਰੀਜਨ ਸੁਧਾਰ ਤੇ ਹੋਰ ਰਚਨਾਤਮਕ ਕੰਮਾਂ ਦੀ ਸੇਵਾ ਵਿਚ ਸਾਰੀ ਉਮਰ ਜੁਟੇ ਰਹੇ। ਆਪ ਯੂ. ਪੀ. ਅਸੈਂਬਲੀ ਦੇ ਮੈਂਬਰ ਵੀ ਬਣੇ, ਪਰ ਚੂੰਕਿ ਆਪ ਦੀ ਰੁਚੀ ਸਿਆਸਤ ਵਲ ਨਹੀਂ ਸੀ, ਆਪ ਨੇ ਉਹ ਪਾਸਾ ਛੱਡ ਕੇ ਬਾਪੂ ਵਲੋਂ ਜਾਰੀ ਕੀਤੇ ਰਚਨਾਤਮਕ ਕੰਮਾਂ ਵਿਚ ਆਪਣਾ ਯੋਗਦਾਨ ਪਾਇਆ।

ਸ: ਭਗਵਾਨ ਸਿੰਘ ਗੋਇੰਦੀ ਦਾ ਨਾਮ ਗਾਂਧੀ ਜੀ ਦੇ ਚੰਦ ਕੁ ਉਨ੍ਹਾਂ ਭਗਤਾਂ ਦੀ ਸੂਚੀ ਵਿਚ ਆਉਂਦਾ ਹੈ ਜਿਨ੍ਹਾਂ ਨੇ ਬਾਪੂ ਦੇ ਪਾਏ ਪੂਰਨਿਆਂ ਤੇ ਚਲ ਕੇ ਜੀਵਨ ਭਰ ਦੇਸ਼-ਸੇਵਾ ਕੀਤੀ।

Digitized by Panjab Digital Library | www.panjabdigilib.org

# ਗੁਰਮੁਖ ਸਿੰਘ ਮੁਸਾਫ਼ਿਰ

ਇਸ ਵਿਚ ਸ਼ਕ ਨਹੀਂ ਕਿ ਗਿ: ਗੁਰਮੁਖ ਸਿੰਘ ਮੁਸਾਫ਼ਿਰ ਇਕ ਚੋਟੀ ਦਾ ਸਿਆਸਤਦਾਨ ਹੋ ਗੁਜ਼ਰਿਆ ਹੈ ਉਸਨੇ ਇਸ ਪੱਖ ਤੋਂ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ, ਮੁੱਖ ਮੰਤਰੀ ਪੰਜਾਬ, ਮੈਂਬਰ ਪਾਰਲੀਮੈਂਟ ਤੇ ਮੈਂਬਰ ਕਾਂਗਰਸ ਵਰਕਿੰਗ ਕਮੇਟੀ ਦੀਆਂ ਪਦਵੀਆਂ ਪ੍ਰਾਪਤ ਕੀਤੀਆਂ। ਇਸ ਪੱਖ ਵੱਲ ਉਸ ਨੂੰ ਉਸ ਦੀ ਪੰਥ-ਸ਼ਰਧਾ ਤੇ ਦੇਸ਼-ਪਿਆਰ ਦੀ ਰੁਚੀ ਲੈ ਗਈ। ਗੁਰਦਵਾਰਾ-ਲਹਿਰ ਤੇ ਸੁਤੰਤਰਤਾ-ਸੰਗਰਾਮ ਨੇ ਉਸ ਨੂੰ ਝੰਜੋੜਿਆ ਤੇ ਉਹ ਇਸ ਸਬੰਧ ਵਿਚ ਕਵਿਤਾ ਲਿਖਦਾ ਲਿਖਦਾ ਜੇਲ੍ਹ ਦੀ ਕਾਲ ਕੋਠੜੀ ਤਕ ਪਹੁੰਚ ਗਿਆ ਭਾਵ ਅਦਬ ਦੀ ਰੁਚੀ ਹੀ ਉਸ ਨੂੰ ਰਾਜ-ਨੀਤਿਕ ਮੈਦਾਨ ਵਲ ਵੀ ਖਿੱਚ ਕੇ ਲੈ ਗਈ ਤੇ ਇਸ ਤਰ੍ਹਾਂ ਉਸ ਨੇ ਦੋਵੇਂ ਪਖ ਕਾਮਯਾਬੀ ਨਾਲ ਨਿਭਾਏ ਤੇ ਦੋਵਾਂ ਵਿਚ ਟੀਸੀ ਤੇ ਪੁੱਜ ਕੇ ਨਾਮਣਾ ਖੱਟਿਆ। ਸੋ ਉਸਦਾ ਅਸਲੀ ਤੇ ਜਮਾਂਦਰੂ ਪੱਖ ਸਾਹਿਤ ਦਾ ਹੀ ਸੀ। ਦੋਹਾਂ ਦੇ ਤਜਰਬੇ ਤੋਂ ਨਤੀਜਾ ਕੱਢਕੇ ਉਸ ਨੇ 'ਲੀਡਰੀ ਦੀ ਫ਼ਿਕਰ' ਕਵਿਤਾ ਵਿਚ ਆਪ ਖੁਦ ਲਿਖਿਆ ਹੈ।

ਲੀਡਰੀ ਦੀ ਫਿਕ ਨੇ ਜੀਵਨ ਦੇ ਰਸ ਨੂੰ ਮਾਰਿਆ<br>
ਮਰਦੀ ਮਨੁੱਖਤਾ ਦੇਖ ਕੇ ਤੂੰ ਪੱਥਰਾ ਰੋਇਆ ਨਹੀਂ<br>
ਨਾਅਤ ਨ ਕੋਈ ਮਰਸੀਆ ਇਕ ਵੈਣ ਤਕ ਛੋਹਿਆ ਨਹੀਂ

—0—

ਪਰਲੋ ਤੇ ਨਹੀਂ ਆ ਜਾਵਣੀ ਜੇ ਤੂੰ ਰਿਹਾ ਪ੍ਰਧਾਨ ਨਾ<br>
ਤੇਰੇ ਸਹਾਰੇ ਟਿਕਿਆ ਟਟੀਹਰੀਏ ਅਸਮਾਨ ਨਾ<br>
ਦੇਸ਼ ਸੇਵਾ ਸੀ ਬਹਾਨਾ ਉਹ ਵੀ ਹੁਣ ਪ੍ਰਵਾਨ ਨਾ<br>
ਕਾਵਿ ਦੇ ਆਕਾਸ਼ ਦੀ ਜੇ ਸ਼ੁਧ ਹਵਾ ਤੂੰ ਮਾਣਨੀ<br>
ਤਾਂ ਲੀਡਰੀ ਦੇ ਟਿਬਿਆਂ ਦੀ, ਛੱਡ ਮਿੱਟੀ ਛਾਣਨੀ।

—0—

Digitized by Panjab Digital Library | www.panjabdigilib.org

ਇਹ ਠੀਕ ਹੈ ਕਿ ਮੁਸਾਫ਼ਿਰ ਇਕ ਐਸਾ ਸਮੁੰਦਰ ਸੀ ਜਿਸ ਦੀ ਗੰਭੀਰਤਾ ਦੀ ਥਾਹ ਨਹੀਂ ਪਾਈ ਜਾ ਸਕਦੀ। ਉਹ ਇਕ ਸੁਹਿਰਦ ਮਿੱਤਰ ਤੇ ਇਕ ਮੁਕੰਮਲ ਇਨਸਾਨ ਸੀ ਪਰ ਇਨ੍ਹਾਂ ਸਾਰੀਆਂ ਪ੍ਰਾਪਤੀਆਂ ਦੀ ਜੜ੍ਹ ਉਸਦਾ ਸਾਹਿਤ ਸੀ। ਮੁਸਾਫ਼ਿਰ ਇਕ ਚੋਟੀ ਦਾ ਕਵੀ, ਮਹਾਨ ਕਹਾਣੀਕਾਰ ਤੇ ਵਾਰਤਕ ਦਾ ਲਿਖਾਰੀ ਸੀ।

ਮਹਾਨ ਚਿੰਤਕ ਪ੍ਰੋ: ਪੂਰਨ ਸਿੰਘ ਨੇ ਇਕ ਵਾਰ ਇਸ ਤਰ੍ਹਾਂ ਲਿਖਿਆ :—

"ਜਿਸ ਬੰਦੇ ਤੇ ਸਦਾ ਜਵਾਨੀ ਦਾ, ਸਦਾ ਬਹਾਰ ਦਾ ਖੇੜਾ ਚੜ੍ਹਿਆ ਰਹੇ, ਕੇਸ ਧੌਲੇ ਹੋ ਜਾਣ, ਹੱਡੀ ਮਾਸ ਸਿਥਲ ਹੋ ਜਾਏ, ਨਿਰਬਲ ਗਰੀਬ ਹੋਵੇ ਪਰ ਰੂਹ ਵਿਚ ਸਦਾ ਬਸੰਤ ਦੇ ਰੰਗ ਖਿੜੇ ਹੋਣ, ਉਹ ਭਾਵੇਂ ਇਕ ਅੱਖਰ ਨਾ ਲਿਖੇ, ਭਾਵੇਂ ਇਕ ਬਚਨ ਨਾ ਬੋਲੇ। ਉਹਦੀ ਬਾਂਹ ਦੀ ਉਲਾਰ, ਉਹਦਾ ਬਹਿਣਾ, ਚਲਣਾ, ਖਾਣਾ, ਪੀਣਾ, ਪਹਿਨਣਾ ਕਾਵਿ ਹੈ। ਜੇ ਕੋਈ ਗੱਲ ਕਰੇ ਤਾਂ ਉਹ ਲਿਖ ਲਈ ਜਾਵੇ, ਉਹ ਉੱਚਾ ਸਾਹਿਤ ਹੈ, ਕਵਿਤਾ ਹੈ।"

ਇਹ ਸਾਰੀਆਂ ਸਿਫ਼ਤਾਂ ਮੁਸਾਫ਼ਿਰ ਵਿਚ ਮੌਜੂਦ ਸਨ। ਉਹ ਉਚ-ਕੋਟੀ ਦਾ ਸਾਹਿਤਕਾਰ ਤੇ ਜਮਾਂਦਰੂ ਕਵੀ ਸੀ। ਉਸਦੇ ਹਰ ਕਰਤੱਵ, ਉਹਦੀ ਹਰ ਹਰਕਤ ਵਿਚੋਂ ਕਵਿਤਾ ਟਪਕਦੀ ਸੀ।

ਗਿ: ਗੁਰਮੁੱਖ ਸਿੰਘ ਮੁਸਾਫ਼ਿਰ ਦਾ ਜਨਮ ਪੰਜਾਬੀ ਅਦਬ ਵਿਚ ਪ੍ਰਸਿੱਧ ਦਰਿਆ ਸੁਹਾਂ ਦੇ ਕੰਢੇ ਵਸਦੇ ਇਕ ਪਿੰਡ ਅਧਵਾਲ ਵਿਚ 15 ਜਨਵਰੀ, 1899 ਨੂੰ ਭਾਈ ਸੁਜਾਨ ਸਿੰਘ ਦੇ ਘਰ ਹੋਇਆ। ਭਾਈਆਂ ਦਾ ਇਹ ਘਰਾਣਾ, ਇਕ ਮਹਾਂਪੁਰਸ਼ ਤੇ ਭਜਨੀਕ ਸਾਧੂ ਸੰਤ ਭਾਈ ਮਨਸਾ ਸਿੰਘ ਦੀ ਸੰਤਾਨ ਕਰਕੇ ਮਸ਼ਹੂਰ ਸੀ। ਪਿੰਡ ਅਧਵਾਲ ਜ਼ਿਲਾ ਅਟਕ (ਕੈਮਲਪੁਰ) ਵਿਚ ਭਾਈ ਮਨਸਾ ਸਿੰਘ ਦੀ ਡੇਹਰੀ ਵੀ ਕਾਇਮ ਸੀ ਜਿਥੇ ਦੂਰ ਦੂਰ ਤੋਂ ਸ਼ਰਧਾਲੂ ਯਾਤਰੀ ਤੇ ਆਪਣੀਆਂ ਆਸ਼ਾਵਾਂ ਦੀ ਪੂਰਤੀ ਲਈ ਮੰਨਤਾਂ ਲੈ ਕੇ ਜਾਂਦੇ ਸਨ। ਅਧਵਾਲ ਦੇ ਉਜੜ ਜਾਣ ਤੋਂ ਬਾਅਦ ਹੁਣ ਭਾਈ ਮਨਸਾ ਸਿੰਘ ਦੀ ਡੇਹਰੀ, ਭਾਈ ਸਾਹਿਬ ਦੇ ਸ਼ਰਧਾਲੂਆਂ ਨੇ ਜਗਾਧਰੀ ਜ਼ਿਲ੍ਹਾ ਅੰਬਾਲਾ ਵਿਚ ਸਥਾਪਤ ਕੀਤੀ ਜਿੱਥੇ ਹਰ ਸਾਲ ਜੋੜਮੇਲਾ ਹੁੰਦਾ ਹੈ ਤੇ ਭਾਈ ਸਾਹਿਬ ਦੇ ਨਾਮ-ਲੇਵਾ ਇਕੱਠੇ ਹੁੰਦੇ ਹਨ।

Digitized by Panjab Digital Library | www.panjabdigilib.org

ਗੁਰਮੁਖ ਸਿੰਘ ਦੇ ਪਿਤਾ ਸੁਜਾਨ ਸਿੰਘ ਇਕ ਨਿਕੇ ਜਿਹੇ ਕਿਸਾਨ ਸਨ। ਆਪਣੇ ਮਿੱਠੇ ਸੁਭਾ ਦੇ ਕਾਰਨ ਪਿੰਡ ਵਿਚ ਹਰਮਨ ਪਿਆਰੇ ਸਨ। ਬਚਪਨ ਵਿਚ ਹੀ ਆਪਦੇ ਮਾਤਾ ਜੀ ਗੁਜ਼ਰ ਗਏ। ਆਪ ਨੇ ਮਿਡਲ ਦਾ ਇਮਤਿਹਾਨ ਅਧਵਾਲ ਸਕੂਲ ਤੋਂ ਪਾਸ ਕੀਤਾ ਤੇ ਫਿਰ ਜੇ. ਬੀ. ਟੀ. ਦੀ ਟਰੇਨਿੰਗ ਲਈ ਗਏ। ਪਰ ਆਪ ਜੀ ਦਾ ਅਧਵਾਲ 'ਚੋਂ ਰਾਤੋ ਰਾਤ ਨਿਕਲਣਾ ਵੀ ਇਕ ਘਟਨਾ 'ਤੇ ਨਿਰਭਰ ਹੈ। ਆਮ ਲੋਕਾਂ ਵਿਚ ਇਹ ਗੱਲ ਫੈਲ ਗਈ ਕਿ ਅੰਗਰੇਜ਼ੀ ਸਰਕਾਰ ਜੇਹੜੇ ਡਾਕਟਰ ਪਿੰਡਾਂ ਵਿਚ ਭੇਜ ਰਹੀ ਹੈ ਉਹ ਦਵਾਈਆਂ ਦੇ ਕੇ ਪਲੇਗ ਦੀ ਬੀਮਾਰੀ ਫੈਲਾਉਂਦੇ ਹਨ। ਅਧਵਾਲ ਵਿਚ ਇਕ ਡਾਕਟਰ ਨੂੰ ਲੋਕਾਂ ਨੇ ਘੇਰ ਲਿਆ। ਭਾਵੇਂ ਮੁਸਾਫ਼ਿਰ ਉਨ੍ਹਾਂ ਮੁੰਡਿਆਂ ਵਿਚੋਂ ਸੀ ਜਿਨ੍ਹਾਂ ਨੇ ਉਸ ਨੂੰ ਬਚਾਇਆ। ਪਰ ਥਾਣੇ ਵਿਚ ਉਸ ਦਾ ਨਾਂ ਵੀ ਮੁਲਜ਼ਮਾਂ ਵਿਚ ਲਿਖਵਾ ਦਿਤਾ ਗਿਆ। ਗੱਲ ਹੈਡਮਾਸਟਰ ਦੇ ਵਿੱਚ ਪੈਣ ਨਾਲ ਮੁੱਕ ਗਈ। ਇਸ ਘਟਨਾ ਸਬੰਧੀ ਮੁਸਾਫ਼ਿਰ ਨੇ ਲਿਖਿਆ। ਇਹ ਉਨ੍ਹਾਂ ਦੀ ਪਹਿਲੀ ਕਵਿਤਾ ਸੀ "ਤੇ ਤਜ਼ਕਰਾ" ਉਨੀ ਸੌ ਪੰਦਰਾਂ ਦਾ ਯਕਮ ਮਾਰਚ ਤੇ ਵਾਰ ਸੋਮਵਾਰ ਦਾ ਸੀ ਉਨ੍ਹਾਂ ਦਿਨਾਂ ਵਿਚ ਹੀ ਇਕ ਕਵਿਤਾ ਅਧਵਾਲ ਦੇ ਥਾਣਾ ਚੌਂਤਰਾ ਵਿਚ ਲਗੇ ਇਕ ਜ਼ਾਲਮ ਤੇ ਰਾਸ਼ੀ ਥਾਣੇਦਾਰ ਸ਼ੇਖ ਵਿਰੁੱਧ ਲਿਖੀ ਤੇ ਜਲਸੇ ਵਿਚ ਸੁਣਾ ਦਿੱਤੀ। ਕਵਿਤਾ ਦਾ ਬੰਦ ਪੇਸ਼ ਹੈ :

"ਪੋ ਪੰਜ ਹੈ ਫ਼ੀਸ ਸਿਪਾਹੀਆਂ ਦੀ, ਸੌ ਸ਼ੇਖ ਤੇ ਪੰਝੀ ਹੌਲਦਾਰ ਲੈਂਦੇ
ਕੁਝ ਚੌਧਰੀ ਕੁਝ ਜ਼ੈਲਦਾਰ ਲੈਂਦੇ ਜਿਹੜੇ ਬਣ ਮੁਦੱਬਰ ਵਿਚਕਾਰ ਬਹਿੰਦੇ
ਬਾਹਰੋਂ ਚਿੱਟੜੇ ਕਪੜੇ ਦੇਖ ਕੇ ਜੀ, ਲੋਕ ਉਨ੍ਹਾਂ ਨੂੰ ਕਰ ਨਮਸਕਾਰ ਬਹਿੰਦੇ
ਦਸ ਨੰਬਰ ਦੇ ਯਾਰੋ ਬਦਮਾਸ਼ ਏਹੀ, ਐਵੇਂ ਹੋਰਨਾਂ ਨੂੰ ਬਦਕਾਰ ਕਹਿੰਦੇ।"

ਇਹ ਕਵਿਤਾ 1915 ਦੀ ਹੈ। ਮੁਸਾਫ਼ਿਰ ਦੀ ਮਾਤਾ ਘਬਰਾ ਗਈ ਤੇ ਜਿਹੜੀ ਕਦੇ ਮੁਸਾਫ਼ਿਰ ਨੂੰ ਬਾਹਰ ਨਹੀਂ ਸੀ ਜਾਣ ਦਿੰਦੀ ਉਸ ਨੇ ਜ਼ਿੱਦ ਕਰਕੇ ਨਾਲ ਆਦਮੀ ਟੋਰ ਕੇ ਰਾਤੋ ਰਾਤ ਮੁਸਾਫ਼ਿਰ ਨੂੰ ਘਰੋਂ ਟੋਰ ਦਿੱਤਾ ਤਾਂ ਜੋ ਥਾਣੇ ਵਾਲੇ ਫੜ ਨਾ ਲੈਣ।

ਇਸ ਤੋਂ ਬਾਅਦ ਮੁਸਾਫ਼ਿਰ ਜਿਥੇ ਵੀ ਰਿਹਾ ਚਾਹੇ ਉਹ ਮਾਸਟਰ ਤਾਰਾ

Digitized by Panjab Digital Library | www.panjabdigilib.org

ਸਿੰਘ ਦੀ ਹੈਡਮਾਸਟਰੀ ਹੇਠਾਂ ਕੱਲਰ ਸਕੂਲ ਸੀ ਜਾਂ ਬਸਾਲੀ, ਲਾਹੌਰ ਜਾਂ ਅੰਮ੍ਰਿਤਸਰ। ਹਿੰਦੁਸਤਾਨ ਜਾਂ ਦੁਨੀਆਂ ਦਾ ਕੋਈ ਕੋਨਾ। ਉਸ ਨੇ ਕਵਿਤਾਵਾਂ ਤੇ ਕਹਾਣੀਆਂ ਲਿਖੀਆਂ ਜੋ ਬਹੁਤ ਸਾਰੀਆਂ ਘਟਨਾਵਾਂ ਦਾ ਦਸਤਾਵੇਜ਼ ਹਨ। ਮੁਸਾਫ਼ਿਰ ਨੇ ਮਨਘੜਤ ਜਾਂ ਕਾਲਪਿਕ ਕਥਾਵਾਂ ਨਹੀਂ ਲਿਖੀਆਂ ਬਲਕਿ ਆਪਣੇ ਨਾਲ ਜਾਂ ਦੇਸ਼ ਵਿਚ ਵਾਪਰੀਆਂ ਘਟਨਾਵਾਂ ਦੇ ਆਧਾਰ ਤੇ ਹੀ ਲਿਖਿਆ। ਪ੍ਰਿੰਸੀਪਲ ਤੇਜਾ ਸਿੰਘ ਨੇ ਮੁਸਾਫ਼ਿਰ ਜੀ ਬਾਰੇ ਏਦਾਂ ਲਿਖਿਆ ਹੈ :—

"ਗੁਰਮੁਖ ਸਿੰਘ ਮੁਸਾਫ਼ਿਰ ਜੀਵਨ-ਤਜ਼ਰਬਾ ਵਿਸ਼ਾਲ ਹੋਣ ਕਾਰਨ ਆਪਣੀਆਂ ਕਹਾਣੀਆਂ ਜੀਵਨ ਤਜ਼ਰਬੇ ਦੇ ਆਧਾਰ ਤੇ ਹੀ ਲਿਖਦਾ ਹੈ। ਲਹੂ-ਰੰਗੀ ਕਲਮ ਨਾਲ ਮਹਾਨ ਕਸ਼ਟਾਂ ਨੂੰ ਬਿਆਨਿਆਂ ਹੈ ਉਸ ਨੇ, ਤੇ ਉਹ ਕਾਗ਼ਜ਼ ਜਿਸ ਉਤੇ ਇਹ ਕਹਾਣੀਆਂ ਅੰਕੀਆਂ ਗਈਆਂ ਹਨ ਫਟ ਫਟ ਜਾਂਦਾ ਹੈ।"

ਮੰਨੇ ਪਰਮੰਨੇ ਕਹਾਣੀਕਾਰ ਸ੍ਰ: ਕਰਤਾਰ ਸਿੰਘ ਦੁੱਗਲ ਨੇ ਮੁਸਾਫ਼ਿਰ ਦੀ ਕਹਾਣੀ ਕਲਾ ਬਾਰੇ ਏਦਾਂ ਕਿਹਾ ਹੈ :—

"ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਦੀਆਂ ਨਿੱਕੀਆਂ ਕਹਾਣੀਆਂ ਦਾ ਘੇਰਾ ਵਿਸ਼ਾਲ ਹੈ। ਮੁਸਾਫ਼ਿਰ ਨੇ ਸੁਤੰਤਰਤਾ-ਸੰਗਰਾਮ, ਸੋਸਾਇਟੀ ਦੇ ਸਮਾਜਕ ਪੱਧਰ, ਹਿੰਦੂ-ਮੁਸਲਮ ਸਬੰਧ, ਦੇਸ਼ ਦੀ ਵੰਡ ਤੇ ਉਸ ਦੀਆਂ ਦੁਖਦਾਈ ਯਾਦਾਂ, ਸ਼ਰਨਾਰਥੀ ਤੇ ਉਨ੍ਹਾਂ ਦਾ ਮੁੜ ਵਸੇਬਾ, ਆਜ਼ਾਦੀ ਦੀ ਆਮਦ, ਸਰਕਾਰ ਦੀਆਂ ਪ੍ਰਾਪਤੀਆਂ ਤੇ ਤਰੁੱਟੀਆਂ ਤੇ ਫਿਰ ਇਨਸਾਨ, ਉਸ ਦੇ ਆਏ ਦਿਨ ਦੇ ਮਸਲੇ, ਉਸ ਦੇ ਦਿਲ ਦੀਆਂ ਗੁਠਾਂ ਵਿਚ ਛੁਪੀਆਂ ਰੀਝਾਂ, ਤਾਂਘਾਂ ਤੇ ਪੀੜਾਂ ਆਦਿ ਬਾਰੇ ਲਿਖਿਆ ਹੈ। ਮੁਸਾਫ਼ਿਰ ਦਾ ਆਪਣੇ ਨਿਸ਼ਾਨੇ ਤੇ ਅਪੜਨ ਦਾ ਢੰਗ ਮਨੋ-ਵਿਗਿਆਨਕ ਹੈ ਤੇ ਉਸ ਦੀ ਕਹਾਣੀ ਦਾ ਬਿੰਬ ਆਪਣੇ ਪਾਠਕਾਂ ਤਕ ਆਪਣੀ ਚਿੰਤਨ-ਸੰਤੁਸ਼ਟਤਾ ਦਾ ਪੈਗਾਮ ਪਹੁੰਚਾਉਣਾ ਹੈ।"

ਮੁਸਾਫ਼ਿਰ ਜੀ ਦੀਆਂ ਹੁਣ ਤਕ ਛਪ ਚੁਕੀਆਂ ਕਹਾਣੀਆਂ ਦੀਆਂ 9 ਕਿਤਾਬਾਂ ਹਨ ਜਿਨ੍ਹਾਂ ਦੇ ਨਾਂ ਇਹ ਹਨ, 'ਵੱਖਰੀ ਦੁਨੀਆਂ, ਕੰਧਾਂ ਬੋਲ ਪਈਆਂ, ਆਲ੍ਹਣੇ ਦੇ ਬੋਟ, ਸਤਾਈ ਜਨਵਰੀ, ਅਲ੍ਹਾ ਵਾਲੇ, ਗੁੱਟਾਰ, ਸਭ ਹਛਾ, ਸਸਤਾ ਤਮਾਸ਼ਾ ਤੇ

Digitized by Panjab Digital Library | www.panjabdigilib.org

ਉਰਵਾਰ ਪਾਰ ।" ਵੱਖਰੀ ਦੁਨੀਆਂ ਵਿਚ ਸਾਰੀਆਂ ਕਹਾਣੀਆਂ ਜੇਲ੍ਹ ਦੀ ਜ਼ਿੰਦਗੀ ਨਾਲ ਤੁਅੱਲਕ ਰਖਦੀਆਂ ਹਨ । "ਸਭ ਹਛਾ" ਸ਼ਬਦ ਜੇਲ੍ਹ ਵਿਚ ਦਿਨ ਰਾਤ ਚਲਦਾ ਇਕ ਰਟਨ ਹੈ । ਅੰਦਰ ਭਾਵੇਂ ਕੋਈ ਕੈਦੀ ਸਖ਼ਤ ਬਿਮਾਰ ਹੋਵੇ, ਮਰ ਰਿਹਾ ਹੋਵੇ, ਕੋਰਟ ਮੌਕੇ (ਜੇਲ੍ਹ ਦੀ ਚਾਰ ਦੀਵਾਰੀ) ਤੇ ਖਲੋਤੇ ਵਾਰਡਰ ਜਾਂ ਨੰਬਰਦਾਰ ਵਾਰੀ ਵਾਰੀ ਨਾਲ 'ਸਭ ਹਛਾ' ਬੋਲਦੇ ਰਹਿੰਦੇ ਹਨ । ਇਕ ਨੂੰ ਸੁਣ ਕੇ ਦੂਜਾ । ਉਨ੍ਹਾਂ ਦਾ ਮਤਲਬ ਕੇਵਲ ਇਹ ਹੁੰਦਾ ਹੈ ਕਿ ਕੋਰਟ ਮੌਕਾ ਸੁਰਖਿਅਤ ਹੈ । ਇਸ ਤੋਂ ਕੋਈ ਕੈਦੀ ਬਾਹਰ ਨੱਸ ਕੇ ਨਹੀਂ ਗਿਆ ਤੇ ਨਾਂਹ ਕੋਈ ਕੰਧ ਟੱਪ ਕੇ ਬਾਹਰੋਂ ਅੰਦਰ ਆਇਆ ਹੈ । ਪਰ ਇਹ ਇਕ ਮਜ਼ਾਕ ਜਿਹਾ ਬਣ ਜਾਂਦਾ ਹੈ ਜਦੋਂ ਅੰਦਰ ਭਾਵੇਂ ਕੋਈ ਕੈਦੀ ਮਰ ਰਿਹਾ ਹੋਵੇ, ਵਾਰਡਰ ਉੱਚੀ ਉੱਚੀ 'ਸਭ ਹਛਾ' ਕਰੀ ਜਾਣ । ਮੁਸਾਫ਼ਿਰ ਜੀ ਨੇ ਇਸ ਨੂੰ ਬੜੀ ਖ਼ੂਬਸੂਰਤੀ ਨਾਲ ਬਿਆਨ ਕੀਤਾ ਹੈ । ਕੈਦੀ ਜਲਾਲ ਜੋ ਬਹੁਤ ਜ਼ਿਆਦਾ ਬਿਮਾਰ ਸੀ ਤੇ ਅਖੀਰ ਇਕ ਦਿਨ ਮਰ ਗਿਆ । ਆਪਣੀ ਬਿਮਾਰੀ ਤੋਂ ਤਾਂ ਔਖਾ ਹੈ ਹੀ ਸੀ ਪਰ ਇਸ ਬਿਮਾਰੀ ਦੀ ਹਾਲਤ ਵਿਚ 'ਸਭ ਹਛਾ' ਦੀ ਆਵਾਜ਼ ਉਸ ਦੇ ਸਿਰ ਵਿਚ ਹਥੌੜੇ ਵਾਂਗ ਲਗਦੀ ਸੀ ।

ਮੁਸਾਫ਼ਿਰ ਦੀਆਂ ਕਹਾਣੀਆਂ ਵਿਚੋਂ ਵੀ ਕਵਿਤਾ ਟਪਕਦੀ ਹੈ । 'ਅਖ਼ਤਰਾਂ' ਕਹਾਣੀ ਵਿਚ ਜਦੋਂ ਅਖਤਰਾਂ ਆਪਣੀ ਸਹੇਲੀ ਮਹਿਤਾਬ ਨਾਲ ਪੰਜਾਬੀ ਫੌਜੀਆਂ ਵਲੋਂ ਪੂਰਬੀ ਬੰਗਾਲ ਵਿਚ ਕੀਤੇ ਕੁਕਰਮਾਂ ਦੀ ਗੱਲ ਕਰ ਰਹੀ ਸੀ ਤਾਂ ਮਹਿਤਾਬ ਨੇ ਵਿਚੋਂ ਹੀ ਕਿਹਾ, "ਮਿੱਸੀ ਰੋਟੀ ਕਦੇ ਕਦੇ ਬਹੁਤ ਸੁਆਦ ਲਗਦੀ ਹੈ ।"

ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ ਮੁਸਾਫ਼ਿਰ ਜੀ ਦੀਆਂ ਕਹਾਣੀਆਂ ਵਿਚ ਅੰਗਰੇਜ਼ੀ ਸਰਕਾਰ ਵਿਰੁੱਧ ਇਕ ਜਜ਼ਬਾ ਫੈਲਾਇਆ ਗਿਆ ਸੀ । ਉਸ ਰਾਜ ਦੀਆਂ ਖਾਮੀਆਂ ਨੂੰ ਲੋਕਾਂ ਸਾਹਮਣੇ ਉਜਾਗਰ ਕੀਤਾ ਤੇ ਇਸ ਤਰ੍ਹਾਂ ਦੇਸ਼ ਵਾਸੀਆਂ ਨੂੰ ਪ੍ਰੇਰਣਾ ਦਿੱਤੀ ਕਿ ਉਸ ਰਾਜ ਨੂੰ ਬਦਲ ਦੇਣਾ ਚਾਹੀਦਾ ਹੈ । ਆਜ਼ਾਦੀ ਤੋਂ ਬਾਅਦ ਵੀ ਜਦ ਸੁਤੰਤਰਤਾ ਸੰਗਰਾਮ ਵਿਚ ਲਏ ਹੋਏ ਸੁਪਨੇ ਪੂਰੇ ਨਾ ਹੋਏ ਸਮਾਜ ਵਿਚ ਭਿੰਨ ਭੇਦ ਤੇ ਊਚ-ਨੀਚ ਦੇ ਆਸਾਰ ਬਾਕੀ ਰਹੇ ਤਾਂ 'ਸਸਤਾ ਤਮਾਸ਼ਾ' 'ਹਿੰਦੂ ਪਾਣੀ—ਮੁਸਲਮਾਨ ਪਾਣੀ' ਤੇ 'ਰੇਸ਼ਮੀ ਲੀੜਾ' ਆਦਿ ਕਹਾਣੀਆਂ ਲਿਖ ਕੇ ਸਮਾਜਕ ਜਾਗਰਤੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ । ਸਤਾਈ ਜੁਨਵਰੀ ਦਾ

Digitized by Panjab Digital Library | www.panjabdigilib.org

ਦਿਨ ਰੀਪਬਲਿਕ ਡੇ ਦੇ 26 ਜਨਵਰੀ ਦਿਨ ਤੋਂ ਇਕ ਦਿਨ ਪਿੱਛੋਂ ਆਉਂਦਾ ਹੈ। 26 ਜਨਵਰੀ ਦਾ ਉਹ ਦਿਨ ਬੜੀ ਸ਼ਾਨ ਨਾਲ ਮਨਾਇਆ ਜਾਂਦਾ ਹੈ। ਇੰਡੀਆ ਗੇਟ ਫ਼ੌਜਾਂ ਦੀ, ਟੈਂਕਾਂ ਦੀ, ਹਵਾਈ ਜਹਾਜ਼ਾਂ ਦੀ ਪਰੇਡ ਹੁੰਦੀ ਹੈ। ਰਾਸ਼ਟਰਪਤੀ ਸਲਾਮੀ ਲੈਂਦੇ ਹਨ। ਇਸ ਦਿਨ ਨੂੰ ਮਨਾਉਣ ਲਈ ਤਿਆਰੀ ਕਈ ਦਿਨ ਪਹਿਲਾਂ ਸ਼ੁਰੂ ਹੋ ਜਾਂਦੀ ਹੈ। ਪਰ ਜਿਹੜੇ ਮਜ਼ਦੂਰ ਉਸ ਸਾਰੀ ਤਿਆਰੀ ਵਿਚ ਹੱਥੀ ਕੰਮ ਕਰਦੇ ਹਨ, ਉਹ 26 ਜਨਵਰੀ ਦਾ ਸਮਾਰੋਹ ਵੇਖ ਨਹੀਂ ਸਕਦੇ ਕਿਉਂਕਿ ਦਾਅਵਤ ਨਾਮੇ ਵੱਡਿਆਂ ਵੱਡਿਆਂ ਨੂੰ ਜਾਰੀ ਹੁੰਦੇ ਹਨ। ਜਦੋਂ 'ਨਾਨੂੰ' ਨੇ ਜਿਸ ਨੇ ਕਿਸੇ ਤਰ੍ਹਾਂ ਉਸ ਦਿਨ ਦੀ ਕਾਰਵਾਈ ਨੇੜੇ ਹੋ ਕੇ ਵੇਖ ਲਈ ਸੀ, ਬੁਢੇ ਜਮ੍ਹਾਂਦਰ ਝੰਡੂ ਨੂੰ ਇਹ ਗੱਲ ਸੁਣਾਈ ਕਿ, 'ਇਸ ਥੜ੍ਹੇ ਉਤੇ ਇਕ ਵੱਡੇ ਛਤਰ ਹੇਠਾਂ ਰਾਸ਼ਟਰਪਤੀ ਜੀ ਬੈਠੇ ਸਨ। ਇਥੇ ਮਲਕਾਂ ਰਾਣੀ ਬੈਠੀ ਸੀ। ਮਲਕਾਂ ਦਾ ਮਾਲਕ, ਪ੍ਰਧਾਨ ਮੰਤਰੀ, ਉਨ੍ਹਾਂ ਦੇ ਵਜ਼ੀਰ ਇਥੇ ਬੈਠੇ ਸਨ। ਉਪ-ਰਾਸ਼ਟਰਪਤੀ ਔਹ ਬਿਲਕੁਲ ਸਾਹਮਣੇ। ਉਹ ਜਗ੍ਹਾ ਵਿਦੇਸ਼ੀ ਪ੍ਰਾਹੁਣਿਆਂ ਦੀ ਸੀ। ਆਮ ਦੁਨੀਆਂ ਫੁਹਾਰੇ ਦੇ ਨਾਲ ਨਾਲ ਜਾਂਦੇ ਜੰਗਲੇ ਦੇ ਅੰਦਰ ਤਾੜੀ ਹੋਈ ਸੀ। ਮੈਂ ਜੰਗਲਾ ਟੱਪ ਕੇ ਔਹ ਸਾਹਮਣੇ ਨਿੱਕੇ ਅਫਸਰਾਂ ਵਾਲੀ ਜਗ੍ਹਾ ਤੇ ਪਹੁੰਚ ਗਿਆ ਸਾਂ ਤੇ ਹਿੰਮਤ ਕਰਕੇ ਮੈਂ ਸਭ ਕੁਝ ਵੇਖ ਲਿਆ।"

ਤਾਂ ਝੰਡੂ ਜਮਾਂਦਾਰ ਨੇ ਬੜੀ ਹੈਰਾਨੀ ਨਾਲ ਕਿਹਾ: "ਨਾਨੂੰ ਸੱਚਮੁੱਚ ਤੂੰ ਆਪਣੀ ਅੱਖੀਂ ਸਭ ਕੁਝ ਵੇਖਿਆ ?" ਭਾਵ ਇਹ ਕਿ ਮਜ਼ਦੂਰ ਤੇ ਸਫਾਈ ਵਾਲੇ ਜਿਹੜੇ ਹੁਣ ਸਮਾਨ ਆਦਿ ਇਕੱਠਾ ਕਰਨ ਤੇ ਢੋਣ ਲਈ ਇਕੱਠੇ ਹੋਏ ਸਨ, ਆਪੋ ਵਿਚ ਗੱਲਾਂ ਕਰ ਰਹੇ ਸਨ। ਇਕ ਕਹਿ ਰਿਹਾ ਸੀ "ਉਹ ਫੱਟੇ ਸਾਰੇ ਮੈਂ ਮੋਢਿਆਂ ਤੇ ਢੋਏ, ਗੱਡੇ ਵਾਲੇ ਤਾਂ ਚੁਰਸਤੇ ਵਿਚ ਹੀ ਉਤਾਰ ਜਾਂਦੇ ਸਨ" ਦੂਜੇ ਨੇ ਕਿਹਾ, "ਕੰਡਿਆਲੜੀਆਂ ਤਾਰਾਂ ਨਾਲ ਮੇਰੇ ਹੱਥ ਅਜੇ ਵੀ ਛਿੱਲੇ ਪਏ ਹਨ।"

ਝੰਡੂ ਕਹਿਣ ਲੱਗਾ—"24 ਤਾਰੀਕ ਦੀ ਰਾਤ ਤਕ ਤਾਂ ਅਸੀਂ ਸਾਰੇ ਇੰਡੀਆ ਗੇਟ ਦੇ ਮਾਲਕ ਸਾਂ, ਅਸਾਂ ਇਥੇ ਇਕ ਕੱਖ ਵੀ ਖਿਲਰਨ ਨਹੀਂ ਦਿੱਤਾ ਪਰ ਖੁਸ਼ੀ ਵਾਲੇ ਦਿਨ 26 ਤਾਰੀਕ ਸਵੇਰੇ ਹੀ ਸਾਡੀ ਮਾਲਕੀ ਖੁਸ ਗਈ। ਕਿਸੇ ਨੇੜੇ ਹੀ ਨਹੀਂ ਲੱਗਣ ਦਿੱਤਾ ਤੇ ਅੱਜ ਸਵੇਰੇ ਹੀ ਫਿਰ ਆਣ ਡਾਹਿਆ ਨੇ।"

Digitized by Panjab Digital Library | www.panjabdigilib.org

ਮੁਸਾਫ਼ਿਰ ਜੀ ਆਪਣੇ ਢੰਗ ਨਾਲ ਤੇ ਵਿਅੰਗਮਈ ਅੰਦਾਜ਼ ਵਿਚ ਸਮਾਜਿਕ ਨਾ-ਬਰਾਬਰੀ ਦਾ ਜ਼ਿਕਰ ਕਰਕੇ ਸੋਸ਼ਲਿਸਟ ਸਮਾਜ ਦੇ ਦਾਅਵੇਦਾਰਾਂ 'ਤੇ ਕਰਾਰੀ ਚੋਟ ਕਰਦੇ ਹਨ। ਦੇਸ਼ ਵਿਚ ਚੱਲ ਰਹੇ ਨਜ਼ਾਮ ਦਾ ਇਕ ਪੁਰਜ਼ਾ ਹੁੰਦੇ ਹੋਏ ਮੁਸਾਫ਼ਿਰ ਨੇ ਕਵੀ ਤੇ ਲਿਖਾਰੀ ਦਾ ਫ਼ਰਜ ਪੂਰੀ ਤਰ੍ਹਾਂ ਨਿਭਾਇਆ ਹੈ ਤੇ ਨਿਰੰਤਰ ਤੌਰ ਤੇ ਜਿਥੇ ਜੋ ਕਹਿਣਾ ਸੀ ਦਲੇਰੀ ਨਾਲ ਕਿਹਾ ਹੈ।

ਮੁਸਾਫ਼ਿਰ ਜੀ ਦੇ ਦਿਲ ਵਿਚ ਦੇਸ ਪਿਆਰ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਪਹਿਲਾਂ ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ ਨੇ ਆਪ ਨੂੰ ਝੰਜੋੜਿਆ ਤੇ ਫਿਰ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਨੇ। ਸਾਕੇ ਦੇ ਵੇਲੇ ਆਪ ਨਨਕਾਣਾ ਸਾਹਿਬ ਪਹੁੰਚ ਗਏ। ਉਸ ਵੇਲੇ ਆਪ ਟਰੇਨਿੰਗ ਸਕੂਲ ਵਿਚ ਵਿਦਿਆਰਥੀ ਸਨ। ਆਪ ਦੇ ਹੈਡਮਾਸਟਰ ਦੇ ਕਹਿਣ ਤੇ ਆਪ ਨੂੰ ਵਾਪਸ ਭੇਜਿਆ ਗਿਆ ਕਿ ਪਹਿਲਾਂ ਇਮਤਿਹਾਨ ਪਾਸ ਕਰੋ ਤੇ ਫਿਰ ਇਸ ਪਾਸੇ ਆਓ। ਇਮਤਿਹਾਨ ਪਾਸ ਕਰਕੇ ਆਪ ਇਕ ਸਕੂਲ ਵਿਚ ਟੀਚਰ ਲਗ ਗਏ ਪਰ ਛੇਤੀ ਹੀ ਗੁਰੂ ਕੇ ਬਾਗ਼ ਦਾ ਮੋਰਚਾ ਸ਼ੁਰੂ ਹੋ ਗਿਆ। ਮੁਸਾਫ਼ਿਰ ਦੇ ਖ਼ੂਨ ਨੇ ਫਿਰ ਉਬਾਲਾ ਖਾਧਾ ਤੇ ਆਪ ਨੌਕਰੀ ਛੱਡ ਕੇ ਆਪਣੇ ਪਿੰਡ ਗਏ। ਉਥੇ ਇਕ ਅਕਾਲੀ ਕਾਨਫ਼ਰੰਸ ਕੀਤੀ ਤੇ ਗੁਰੂ ਕੇ ਬਾਗ਼ ਜਾਣ ਲਈ ਇਕ ਜੱਥਾ ਤਿਆਰ ਕੀਤਾ। ਜਦ ਆਪ ਅੰਮ੍ਰਿਤਸਰ ਪੁੱਜੇ ਤਾਂ ਜਥਾ ਲੈ ਕੇ ਸਿੱਧੇ ਅਕਾਲ ਤਖ਼ਤ ਗਏ ਜਿਥੋਂ ਜੱਥੇ ਤੋਰੇ ਜਾਂਦੇ ਸਨ। ਇਸ ਤੋਂ ਪਹਿਲਾਂ ਕਿ ਉਨ੍ਹਾਂ ਦਾ ਜੱਥਾ ਰਵਾਨਾ ਹੁੰਦਾ ਆਪ ਨੇ ਭਰੇ ਦੀਵਾਨ ਵਿਚ ਆਪਣੀ ਇਕ ਕਵਿਤਾ ਸੁਣਾਈ :

ਦਿਲਾ ਉਠ ਖਾਂ ਗੁਰੂ ਦੇ ਬਾਗ਼ ਚਲੀਏ<br>
ਜਾਏ ਵੇਖੀਏ ਯਾਰ ਨਿਸ਼ਾਨੀਆਂ ਨੂੰ<br>
ਮੱਥਾ ਟੇਕੀਏ ਚੁੰਮੀਏ ਧਰਤ ਜਾ ਕੇ<br>
ਅਖੀਂ ਵੇਖੀਏ ਸੁਣੀਆਂ ਕਹਾਣੀਆਂ ਨੂੰ।

ਇਸ ਕਵਿਤਾ ਨੇ ਇਕੱਠ ਵਿਚ ਇਕ ਐਸਾ ਜੋਸ਼ ਪੈਦਾ ਕਰ ਦਿੱਤਾ ਕਿ ਜੈਕਾਰੇ ਤੇ ਜੈਕਾਰਾ ਛੱਡਿਆ ਗਿਆ।

ਜੱਥੇਦਾਰ ਤੇਜਾ ਸਿੰਘ ਅਕਰਪੁਰੀ ਉਸ ਵੇਲੇ ਅਕਾਲ ਤਖ਼ਤ ਸਾਹਿਬ ਦੇ

Digitized by Panjab Digital Library | www.panjabdigilib.org

ਜੱਥੇਦਾਰ ਸਨ । ਉਨ੍ਹਾਂ ਨੇ ਫੈਸਲਾ ਕੀਤਾ ਤੇ ਇਸ ਦਾ ਐਲਾਨ ਵੀ ਕਰ ਦਿੱਤਾ ਕਿ ਮੁਸਾਫ਼ਿਰ ਦਾ ਜੱਥਾ ਮੋਰਚੇ ਤੇ ਚਲਾ ਜਾਵੇ। ਪਰ ਮੁਸਾਫ਼ਿਰ ਨਹੀਂ ਜਾ ਸਕੇਗਾ । ਇਹ ਕਈ ਜਥੇ ਹੋਰ ਤਿਆਰ ਕਰੇਗਾ । ਮੁਸਾਫ਼ਿਰ ਇਸ ਲਈ ਤਿਆਰ ਨਹੀਂ ਸੀ ਪਰ ਜੱਥੇਦਾਰ ਦਾ ਹੁਕਮ ਤਾਂ ਮੰਨਣਾ ਹੀ ਪੈਂਦਾ ਸੀ। ਇਸ ਤੋਂ ਪਿੱਛੋਂ ਮੁਸਾਫ਼ਿਰ ਨੇ ਪੰਜਾਬ ਭਰ ਵਿਚ ਦੀਵਾਨਾਂ ਵਿੱਚ ਕਵਿਤਾਵਾਂ ਪੜ੍ਹੀਆਂ ਤੇ ਕਈ ਜੱਥੇ ਤਿਆਰ ਕੀਤੇ, ਉਦੋਂ ਹੀ ਆਪ ਨੇ ਲਿਖਿਆ :

ਰਾਖਾ ਆਪ ਅਕਾਲ ਅਕਾਲੀਆਂ ਦਾ

ਇਹ ਕਿ ਹਿੰਦੁਸਤਾਨ ਸਾਡਾ ਹੈ, ਅੰਗਰੇਜ਼ ਨੂੰ ਇਥੋਂ ਚਲੇ ਜਾਣਾ ਚਾਹੀਦਾ ਹੈ। ਆਪ ਨੇ ਲਿਖਿਆ :—

ਸਾਡਾ ਘਰ 'ਮੁਸਾਫ਼ਿਰ' ਛਡ ਖਹਿੜਾ
ਇਹ ਤਾਂ ਹਿੰਦ ਸਾਡਾ ਹਿੰਦੁਸਤਾਨੀਆਂ ਦਾ

ਮੁਸਾਫ਼ਿਰ ਜੀ ਬਹੁਤ ਦੇਰ ਬਾਹਰ ਨਾ ਰਹਿ ਸਕੇ ਕਿਉਂਕਿ ਆਪ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸਨ ਤੇ ਇਹ ਦੋਵੇਂ ਜਮਾਤਾਂ ਚੂੰਕਿ ਗੈਰ-ਕਾਨੂੰਨੀ ਕਰਾਰ ਦੇ ਦਿੱਤੀਆਂ ਗਈਆਂ ਸਨ। ਇਸ ਲਈ ਆਪ 1921 ਦੇ ਅੰਤ ਵਿਚ ਗ੍ਰਿਫ਼ਤਾਰ ਕਰ ਲਏ ਗਏ । ਆਪ ਆਪਣੇ ਮਿੱਤਰ ਤੇ ਪ੍ਰਸਿੱਧ ਦੇਸ਼ ਭਗਤ ਅਮਰ ਸ਼ਹੀਦ ਸ੍ਰ: ਦਰਸ਼ਨ ਸਿੰਘ ਫੇਰੂਮਾਨ ਦੇ ਨਾਲ ਹੀ ਗ੍ਰਿਫ਼ਤਾਰ ਹੋਏ ਤੇ ਦੋਹਾਂ ਨੂੰ ਸਾਂਝੀ ਹਥਕੜੀ ਲਗਾ ਕੇ ਜੇਲ੍ਹ ਲਿਜਾਇਆ ਗਿਆ ।

ਅਕਾਲੀ ਲਹਿਰ ਭਾਵੇਂ ਗੁਰਦਵਾਰਾ ਸੁਧਾਰ ਲਹਿਰ ਸੀ ਪਰ ਲੜਾਈ ਤਾਂ ਅੰਗਰੇਜ਼ ਨਾਲ ਹੀ ਸੀ ਤੇ ਇਸ ਲਈ ਦੇਸ਼ ਦੇ ਕਾਂਗਰਸੀ ਨੇਤਾਵਾਂ, ਮਹਾਤਮਾਂ ਗਾਂਧੀ, ਪੰ: ਮਦਨ ਮੋਹਨ ਮਾਲਵੀਆ ਤੇ ਹੋਰਨਾਂ ਨੂੰ ਇਸ ਲਹਿਰ ਨਾਲ ਹਮਦਰਦੀ ਸੀ। ਜੋ ਸ਼ਾਂਤਮਈ ਢੰਗ ਅਕਾਲੀਆਂ ਨੇ ਅਪਣਾਇਆ. ਉਹੋ ਹੀ ਗਾਂਧੀ ਜੀ ਦਾ ਅਦਮ-ਤਸ਼ੱਦਦ ਦਾ ਸਿਧਾਂਤ ਸੀ। ਇਸੇ ਲਈ ਉਨ੍ਹਾਂ ਨੇ ਲਿਖਿਆ ਸੀ ਕਿ ਦੇਸ਼ ਛੇਤੀ ਅੰਗਰੇਜ਼ ਤੋਂ ਆਜ਼ਾਦ ਹੋਣਾ ਚਾਹੁੰਦਾ ਹੈ, ਤਾਂ ਜੋ ਜਿਹੜੀ ਸ਼ਾਂਤੀ ਅਕਾਲੀਆਂ ਨੇ ਇਸ ਲਹਿਰ ਵਿਚ ਵਿਖਾਈ ਹੈ ਉਸ ਨੂੰ ਅਪਨਾ ਲਿਆ ਜਾਏ। ਸੋ ਅਕਾਲੀ ਲਹਿਰ ਇਕ

Digitized by Panjab Digital Library | www.panjabdigilib.org

ਤਰ੍ਹਾਂ ਨਾਲ ਸੁਤੰਤਰਤਾ ਲਹਿਰ ਦਾ ਹਿੱਸਾ ਬਣ ਗਈ ਤੇ ਇਥੋਂ ਹੀ ਅਕਾਲੀ ਨੇਤਾ ਕਾਂਗਰਸ ਦੀ ਤਹਿਰੀਕ ਵਿਚ ਸ਼ਾਮਲ ਹੋ ਗਏ। ਗਰੁੱਪ ਅੱਡ ਅੱਡ ਜ਼ਰੂਰ ਸਨ ਪਰ ਅਕਾਲੀ ਪਾਰਟੀ, ਸੋਸ਼ਲਿਸਟ ਪਾਰਟੀ, ਕਿਰਤੀ ਕਿਸਾਨ ਗਰੁੱਪ, ਕਮਿਊਨਿਸਟ ਪਾਰਟੀ ਇਹ ਸਭ ਕਾਂਗਰਸ ਦੇ ਅੰਗ ਹੀ ਸਨ। ਇਥੋਂ ਹੀ ਮੁਸਾਫ਼ਿਰ ਜੀ ਆਜ਼ਾਦੀ ਲਹਿਰ ਬਾਰੇ ਕਵਿਤਾਵਾਂ ਲਿਖਣ ਲਗ ਪਏ। ਜਲ੍ਹਿਆਂ ਵਾਲੇ ਬਾਗ਼ ਦੇ ਵਾਕਿਆ ਬਾਰੇ ਆਪ ਨੇ ਲਿਖਿਆ :—

ਤਾੜ ਤਾੜ ਗੋਲੀ ਚਲੀ ਵਾਂਗ ਹੋਲੀ
ਹੋਇਆ ਖ਼ੂਨ ਦਾ ਹੜ੍ਹ ਰਵਾਨ ਇਥੇ
ਹੱਡੀ ਕਲਮ ਤੇ ਜੁੱਸਾ ਦਵਾਤ ਬਣਿਆ
ਲਿਖਿਆ ਖ਼ੂਨ ਸੰਗ ਬੈਠ ਪੈਗਾਮ ਏਥੇ
ਗਾਂਧੀ ਏਕਤਾ ਦਾ ਪਰਚਾ ਪਾਣ ਵਾਲਾ
ਰਾਹੀਂ ਡਾਇਰ ਹੋਇਆ ਇਮਤਿਹਾਨ ਏਥੇ
ਉਹ ਤਾਂ ਪਾਸ ਹੋਏ ਪਿਛੋਂ ਸਬਕ ਭੁਲਿਆ
ਰਲਿਆ ਖ਼ੂਨ ਹਿੰਦੂ ਮੁਸਲਮਾਨ ਏਥੇ।

ਅੰਗਰੇਜ਼ ਸਰਕਾਰ ਨੂੰ ਬਦਲਣ ਦੀ ਖ਼ਾਤਰ ਆਪ ਨੇ ਲਿਖਿਆ :—

ਉਠ ਨੌਜਵਾਨਾਂ ਜ਼ਮਾਨਾਂ ਬਦਲ ਦੇ
ਆਜ਼ਾਦੀ ਦੇ ਬਿਨ ਜੋ ਨਿਸ਼ਾਨਾ ਬਦਲ ਦੇ
ਸੁਲਾਂਦਾ ਜੋ ਤੈਨੂੰ ਗੁਲਾਮੀ ਦੀ ਨੀਂਦਰ
ਉਹ ਤਕੀਆ ਬਦਲ ਦੇ ਸਿਰਹਾਨਾ ਬਦਲ ਦੇ
ਕਈ ਹੁਨਾਲ ਸਿਆਲੇ ਬਦਲੇ
ਮੇਰੇ ਰਖਵਾਲੇ ਨ ਬਦਲੇ
ਮਾਰਨ ਦੇ ਅੰਦਾਜ਼ ਤਾਂ ਬਦਲੇ
ਜੀਵਨ ਦੇ ਪਰ ਰਾਜ਼ ਨ ਬਦਲੇ
ਮਨ ਮੇਰੇ ਦੀ ਆਸ਼ਾ ਇਹ ਹੈ
ਤਨ ਬਦਲੇ ਆਵਾਜ਼ ਨ ਬਦਲੇ।

Digitized by Panjab Digital Library | www.panjabdigilib.org

ਆਜ਼ਾਦੀ ਦੀ ਤੜਪ ਲਈ ਜਿਥੇ ਮੁਸਾਫ਼ਿਰ ਦੀਆਂ ਕਵਿਤਾਵਾਂ ਵਿਚ ਅੰਗਰੇਜ਼ ਵਿਰੁੱਧ ਗੁੱਸਾ ਤੇ ਦੇਸ਼ ਵਾਸੀਆਂ ਨੂੰ ਉਤਸ਼ਾਹ ਸੀ ਉਥੇ ਰੱਬ ਪਾਸ ਪ੍ਰਾਰਥਨਾ ਵੀ ਸੀ। ਮੁਸਾਫ਼ਿਰ ਆਜ਼ਾਦੀ ਹਾਸਲ ਕਰਨ ਲਈ ਕਿੰਨੇ ਤਰਲੇ ਲੈਂਦਾ ਹੈ ਤੇ ਉਸ ਦੇ ਬਦਲੇ ਵਿਚ ਆਪਣੀ ਜਾਨ ਤਕ ਹਾਜ਼ਰ ਕਰਨ ਨੂੰ ਤਿਆਰ ਹੈ :—

ਮਾਲਕਾ ਸੰਸਾਰ ਤੇਰਾ ਸੁਰਗ ਨਾਲੋਂ ਘੱਟ ਨਹੀਂ
ਮੌਜਾਂ ਸਵਾਦਾਂ ਐਸ਼ ਦੀ ਇਹ ਖਾਣ ਬੇਸ਼ਕ ਖਸ ਲੈ
ਇਕ ਬਖਸ਼ ਦੇ ਸਿਰਫ ਇਕ ਦੌਲਤ ਵਤਨ ਤੇ ਪਿਆਰ ਦੀ
ਫਿਰ ਬਿਸ਼ਕ ਮਰਜ਼ੀ ਤੇਰੀ ਜਿੰਦ ਜਾਨ ਬੇਸ਼ਕ ਖਸ ਲੈ।

ਜਿਸ ਤਰ੍ਹਾਂ ਮੁਸਾਫ਼ਿਰ ਦੀਆਂ ਕਹਾਣੀਆਂ ਉਨ੍ਹਾਂ ਦੇ ਜੇਲ੍ਹ ਜੀਵਨ ਸਿਆਸੀ ਸੰਘਰਸ਼ ਤੇ ਜ਼ਾਤੀ ਤਜਰਬਿਆਂ ਦੀ ਬਿਨਾ ਤੇ ਲਿਖੀਆਂ ਗਈਆਂ ਹਨ। ਇਸੇ ਤਰ੍ਹਾਂ ਮੁਸਾਫ਼ਿਰ ਦੀਆਂ ਕਵਿਤਾਵਾਂ ਦਾ ਵੀ ਉਨ੍ਹਾਂ ਦੇ ਜ਼ਾਤੀ ਹਾਦਸਿਆਂ ਨਾਲ ਗੂੜ੍ਹਾ ਸਬੰਧ ਹੈ।

1946 ਵਿਚ ਵਿਧਾਨ ਘੜਨੀ ਅਸੈਂਬਲੀ ਦੇ ਮੈਂਬਰ ਬਣਨ ਤੋਂ ਬਾਅਦ ਮੁਸਾਫ਼ਿਰ ਜੀ ਤਕਰੀਬਨ ਅੰਤ ਸਮੇਂ ਤਕ ਪਾਰਲੀਮੈਂਟ ਦੇ ਮੈਂਬਰ ਰਹੇ। ਪੰਜਾਬ ਦੇ ਮੁੱਖ ਮੰਤਰੀ ਵੀ ਬਣੇ। ਭਾਵੇਂ ਸਵਰਗ ਸਿਧਾਰਨ ਤੋਂ ਪਿਛੋਂ ਉਨ੍ਹਾਂ ਦੇ ਬੈਂਕ 'ਚ ਕੋਈ ਪੈਸਾ ਨਹੀਂ ਨਿਕਲਿਆ। ਪਰ ਆਖਰੀ ਸਮਾਂ ਘੱਟੋ ਘੱਟ ਆਰਥਕ ਪੱਖੋਂ ਔਖਾ ਨਹੀਂ ਸੀ। 1946 ਤੋਂ ਪਹਿਲਾਂ ਦਾ ਤਕਰੀਬਨ ਸਾਰਾ ਸਮਾਂ ਉਨ੍ਹਾਂ ਦਾ ਔਕੜਾਂ ਭਰਪੂਰ ਸਮਾਂ ਸੀ। ਬਚਪਨ ਵਿਚ ਹੀ ਆਪ ਦੀ ਮਾਤਾ ਵਿਛੋੜਾ ਦੇ ਗਈ। ਜੇਲ੍ਹ ਵਿਚ ਸਨ ਤਾਂ ਇਕ ਲੜਕਾ ਤੇ ਪਿਤਾ ਚਲ ਵਸੇ। ਇਕ ਲੜਕੀ ਟੀ. ਬੀ. ਰੋਗ ਦਾ ਸ਼ਿਕਾਰ ਹੋ ਗਈ। ਤਕਰੀਬਨ ਤੇਰਾਂ, ਚੌਦਾਂ ਵਾਰੀ ਗ੍ਰਿਫਤਾਰ ਹੋ ਕੇ ਜੇਲ੍ਹ ਗਏ ਤੇ ਘਰ ਹਮੇਸ਼ਾਂ ਹੀ ਗਰੀਬੀ ਰਹੀ। ਭਾਵੇਂ ਚੰਗਾ ਸੁਭਾਅ ਹੋਣ ਦੇ ਕਾਰਨ ਆਪ ਨੇ ਆਪਣਾ ਤਵਾਜ਼ਨ ਕਦੇ ਨਹੀਂ ਡੋਲਣ ਦਿੱਤਾ ਪਰ ਔਕੜਾਂ ਤਾਂ ਔਕੜਾਂ ਹੀ ਹੁੰਦੀਆਂ ਹਨ। ਇਕ ਵਾਰੀ ਆਪ ਕਈ ਦਿਨ ਸਿਆਸੀ ਉਲਝੇਵਿਆਂ ਵਿਚ ਰੁਝੇ ਰਹੇ ਤੇ ਕਈ ਦਿਨ ਬਾਅਦ ਆਪਦਾ ਘਰ ਚੱਕਰ ਲੱਗਾ। ਘਰ ਵਾਲੀ ਨੇ ਅੱਖਾਂ ਵਿਚ ਹੰਝੂ ਲਿਆ ਕੇ ਗਿਲਾ ਕੀਤਾ ਕਿ ਮੈਂ ਤੁਹਾਨੂੰ ਤੁਹਾਡੀ ਦੇਸ਼ ਸੇਵਾ ਤੋਂ ਤਾਂ ਨਹੀਂ ਰੋਕਦੀ ਪਰ ਘਰ ਦਾ ਫ਼ਿਕਰ ਵੀ ਤਾਂ ਤੁਹਾਡਾ ਹੀ ਜ਼ਿੰਮਾ ਹੈ। ਕਈ ਦਿਨਾਂ ਤੋਂ ਘਰ

Digitized by Panjab Digital Library | www.panjabdigilib.org

ਆਟਾ ਨਹੀਂ । ਗਵਾਂਢੀਆਂ ਦੇ ਘਰ ਬੱਚੇ ਨੂੰ ਭੇਜਿਆ ਸੀ ਪਰ ਨਹੀਂ ਮਿਲਿਆ । ਉਸ ਰਾਤ ਮੁਸਾਫ਼ਿਰ ਜੀ ਨੇ ਹੇਠ ਲਿਖੀ ਕਵਿਤਾ ਲਿਖੀ ।

ਤੰਗ ਦਸਤੀ ਬੰਦਸ਼ ਮਜਬੂਰੀ
ਝਗੇ ਵਿਚ ਜਿਸਦੇ ਇਹ ਮੂੜੀ
ਹਾਮੀ ਉਸਦੀ ਭੁੱਲ ਕੇ ਕੋਈ ਭਰੇ ਕਿਉਂ
ਨਾਲ ਮੁਸਾਫ਼ਿਰ ਪਿਆਰ ਕੋਈ ਕਰੇ ਕਿਉਂ

ਭਵ ਸਾਗਰ ਦਾ ਦੂਰ ਕਿਨਾਰਾ
ਦੇ ਦਿੱਤਾ ਕਿਸੇ ਰਤਾ ਸਹਾਰਾ
ਡੁਬਦੇ ਦੇ ਸੰਗ ਡੁਬ ਕੇ ਕੋਈ ਮਰੇ ਕਿਉਂ
ਨਾਲ ਮੁਸਾਫ਼ਿਰ ਪਿਆਰ ਕੋਈ ਕਰੇ ਕਿਉਂ ।

ਜਿਸ ਘਰ ਵਾਲੀ ਨੇ ਸੰਘਰਸ਼ਮਈ ਜੀਵਨ ਵਿਚ ਐਨਾ ਸਾਥ ਦਿੱਤਾ ਕਿ ਉਸ ਦੇ ਮਿਲਵਰਤਣ ਸਦਕੇ ਹੀ ਮੁਸਾਫ਼ਿਰ ਆਪਣੇ ਸਫ਼ਰ ਵਿਚ ਕਾਮਯਾਬ ਹੋਇਆ, ਉਸ ਸਬੰਧੀ ਮੁਸਾਫ਼ਿਰ ਦੇ ਜਜ਼ਬਾਤ ਇਹ ਹਨ :—

ਸਤਲੁਜ ਬਿਆਸ ਰਾਵੀ ਝਨਾਂ
ਜਿਹਲਮ ਜਦ ਤਕ ਵੱਗੇ ਸੁਹਾਂ
ਹੇਠਾਂ ਜ਼ਿਮੀਂ ਉਤੇ ਅਸਮਾਂ
ਜੀਂਦੀ ਰਹੇ ਮੇਰੇ ਬੱਚਿਆਂ ਦੀ ਮਾਂ

ਮੇਰੇ ਦਿਲ ਦੀ ਮਾਲਕ ਰਾਣੀ
ਮੇਰੇ ਲਈ ਵੀਟੇ ਲਹੂ ਪਾਣੀ
ਕਦੇ ਨ ਸਰਿਆ ਮੈਥੋਂ ਨਿਆਂ
ਜੀਂਦੀ ਰਹੇ ਮੇਰੇ ਬੱਚਿਆਂ ਦੀ ਮਾਂ

ਹਿਰਦਾ ਜਿਸਦਾ ਪ੍ਰੀਤ ਖ਼ਜ਼ਾਨਾ
ਵਸਦਾ ਪਿਆ **ਮੁਸਾਫ਼ਿਰ** ਖਾਨਾ

Digitized by Panjab Digital Library | www.panjabdigilib.org

ਉਸਦੇ ਸਿਰ ਦੀ ਖ਼ੈਰ ਮਨਾਂ
ਜੀਂਦੀ ਰਹੇ ਮੇਰੇ ਬੱਚਿਆਂ ਦੀ ਮਾਂ ।

ਜਦੋਂ ਸਿਆਸੀ ਭੇੜ ਅਤੇ ਗ਼ਰੀਬੀ ਦੀ ਬੀਮਾਰੀ ਨਾਲ ਘੁਲਣਾ ਪਿਆ ਤਾਂ ਭਾਈ ਸੁਜਾਨ ਸਿੰਘ ਦੇ ਇਸ ਪੁੱਤਰ ਨੂੰ ਆਪਣਾ ਬਚਪਨ ਯਾਦ ਆਇਆ ਤੇ ਬਚਪਨ ਤੇ ਇਕ ਕਵਿਤਾ ਲਿਖੀ ਮੁਸਾਫ਼ਿਰ ਜੋ ਕਵੀ ਦੀ ਸ਼ਾਹਕਾਰ ਰਚਨਾ ਦੇ ਤੌਰ ਤੇ ਪ੍ਰਸਿੱਧ ਹੋਈ । ਜਦੋਂ ਇਹ ਕਵਿਤਾ ਮੁਸਾਫ਼ਿਰ ਜੀ ਨੇ ਲਾਹੌਰ, ਕਵੀ ਰਾਵਿੰਦਰ ਨਾਥ ਟੈਗੋਰ ਦੀ ਮੌਜੂਦਗੀ ਵਿਚ ਪੜ੍ਹੀ ਤਾਂ ਟੈਗੋਰ ਭਾਵੇਂ ਪੰਜਾਬੀ ਸਮਝਦੇ ਨਹੀਂ ਸਨ, ਪਰ ਉਸਦੀ ਲੈਅ, ਤੋਲ ਤੇ ਰਵਾਨੀ ਤੇ ਫਿਰ ਹਰ ਸਤਰ ਤੇ ਤਾੜੀਆਂ ਦੀ ਗੁੰਜਾਰ ਵੇਖ ਕੇ ਇੰਨੇ ਪ੍ਰਭਾਵਿਤ ਹੋਏ ਕਿ ਆਪ ਨੇ ਮੁਸਾਫ਼ਿਰ ਪਾਸੋਂ ਕਵਿਤਾ ਦੀ ਕਾਪੀ ਦੀ ਮੰਗ ਕੀਤੀ । ਮੁਲਾਹਿਜ਼ਾ ਹੋਣ ਕੁਝ ਕੁ ਸਤਰਾਂ :—

ਕਹਿੰਦਾ ਕੋਈ ਸ਼ੈਤਾਨ ਸੀ
ਕੋਈ ਆਖਦਾ ਹੈਵਾਨ ਸੀ
ਮਾਸੀ ਨੇ ਕਹਿਣਾ 'ਮੁਖਿਆ'
ਚਰਦਾ ਹੀ ਰਹਿਨੈਂ ਭੁਖਿਆ
ਮਾਰੂੰਗੀ ਮਰਨੇ, ਜੋਗਿਆ
ਕੇਡਾ ਤੂੰ ਜ਼ਿੱਦੀ ਹੋ ਗਿਆ
ਭਾਬੀ ਕਹੇ ਅਮੋੜ ਏ,
ਕੈਡਾ ਇਹ ਰੰਡੀ ਛੋੜ ਏ
ਗੱਲਾਂ ਮੁਹੱਬਤ ਵਾਲੀਆਂ
ਅਜ ਬਣ ਗਈਆਂ ਨੇ ਗਾਲ੍ਹੀਆਂ
ਅਣਜਾਣ ਸਾਂ 'ਗੁਰਮਾਂ' ਸਾਂ ਮੈਂ
ਹਰ ਅੱਖ ਦਾ ਸੁਰਮਾਂ ਸਾਂ ਮੈਂ
ਹੁਣ ਕਿਉਂਕਿ ਜੱਥੇਦਾਰ ਹਾਂ
ਕਈਆਂ ਅੱਖਾਂ ਦਾ ਖਾਰ ਹਾਂ
ਮੂੰਹ ਤੇ ਜੀ ਇਹ ਸਰਦਾਰ ਏ

Digitized by Panjab Digital Library | www.panjabdigilib.org

ਸਾਡਾ ਇਹ ਜਥੇਦਾਰ ਏ
ਪਿਛੋਂ ਇਹ ਮਿੱਤਰ ਮਾਰ ਏ,
ਇਸ ਦਾ ਨਾ ਕੁਝ ਇਤਬਾਰ ਏ ।

ਮੁਖਾ ਤੇ ਗੁਰਮਾਂ, ਗੁਰਮੁਖ ਸਿੰਘ ਦੇ ਨਿੱਕੇ ਨਾਂ ਹਨ । ਪਿੰਡ ਵਿਚ ਆਪ ਨੂੰ ਮੁਖਾ ਜਾਂ ਗੁਰਮਾਂ ਕਰਕੇ ਸੱਦਿਆ ਜਾਂਦਾ ਸੀ :—

ਸ਼ੈਤਾਨ ਤੋਂ ਚਿੜ੍ਹਨਾ ਵਾਂ ਮੈਂ
ਭੈੜਾ ਕਹੋ ਭਿੜਨਾ ਵਾਂ ਮੈਂ
ਕਿਉਂਕਿ ਹੁਣ ਬੱਚਾ ਨਹੀਂ
ਬੱਚੇ ਜਿਹਾ ਸੱਚਾ ਨਹੀਂ
ਬੱਚਾ ਹੀ ਇਕ ਉਸਤਾਦ ਹੈ
ਇਸ ਅੱਗ ਤੋਂ ਆਜ਼ਾਦ ਹੈ
ਕੁਝ ਸੁਆਦ ਹੈ ਕੁਝ ਸੁਆਦ ਹੈ
ਤਾਹੀਉਂ ਤਾਂ ਬਚਪਨ ਯਾਦ ਹੈ
ਅੜੀਆਂ ਇਹ ਔਹਦੇ ਦਾਰੀਆਂ
ਬਚਪਨ ਤੋਂ ਸੌ ਸੌ ਵਾਰੀਆਂ ।

ਮੁਸਾਫ਼ਿਰ ਜਾਤ-ਪਾਤ ਦੇ ਫ਼ਿਰਕੂ ਭਿੰਨ-ਭੇਦ ਤੋਂ ਬਹੁਤ ਉੱਚਾ ਸੀ । ਇਕ ਵਾਰੀ ਸਾਡੇ ਭੱਠੇ ਤੋਂ ਲੰਘ ਰਹੇ ਸਨ । ਜੇਠ ਹਾੜ ਦੇ ਦਿਨ ਸਨ । ਉਥੇ ਰੁਕੇ ਤੇ ਕਹਿਣ ਲੱਗੇ ਜਸਵੰਤ (ਜਸਵੰਤ ਮੇਰੇ ਵੱਡੇ ਵੀਰ ਦਾ ਨਾਂ ਸੀ) ਡਾਹਢੀ ਤ੍ਰੇਹ ਲਗੀ ਹੈ । ਉਨ੍ਹਾਂ ਕਿਹਾ ਸਾਹਮਣੇ ਖੂਹ ਚੱਲ ਰਿਹਾ ਹੈ ਮੈਂ ਪਾਣੀ ਮੰਗਵਾ ਦੇਂਦਾ ਹਾਂ । ਖੂਹ ਥੋੜ੍ਹਾ ਦੂਰ ਸੀ ਕੋਲੋਂ ਹੀ ਮਾਸ਼ਕੀ ਚਮੜੇ ਦੀ ਮਸ਼ਕ ਵਿਚ ਪਾਣੀ ਭੱਠੇ ਦੀਆਂ ਘਾਣੀਆਂ ਲਈ ਲੈ ਜਾ ਰਿਹਾ ਸੀ । ਕਹਿਣ ਲੱਗੇ ਇਹ ਪਾਣੀ ਕਿੱਥੋਂ ਲਿਆਇਆ ਹੈਂ ? ਮਾਸ਼ਕੀ ਨੇ ਕਿਹਾ, "ਉਸੇ ਖੂਹ ਤੋਂ", ਤਾਂ ਉਨ੍ਹਾਂ ਨੇ ਬੁਕਾਂ ਨਾਲ ਮਸ਼ਕ 'ਚੋਂ ਪਾਣੀ ਪੀ ਲਿਆ । ਮੇਰੇ ਦਾਦਾ ਜੀ ਜੋ 97 ਸਾਲ ਦੀ ਉਮਰ ਵਿਚ ਗੁਜ਼ਰੇ, ਬੜੇ ਔਖੇ ਹੋਏ । ਆਖਣ ਲੱਗੇ, ਪੰਥ ਦਾ ਜੱਥੇਦਾਰ ਬਣਿਆ ਫਿਰਦਾ ਹੈ ਤੇ ਮੁਸੱਲੀ ਦੀ ਮਸ਼ਕ 'ਚੋਂ ਪਾਣੀ ਪੀ ਗਿਆ । ਮੁਸਾਫ਼ਿਰ ਨੇ ਆਪਣੀ ਇਕ ਕਹਾਣੀ ਵਿਚ ਵੀ ਜ਼ਿਕਰ ਕੀਤਾ ਹੈ । 20 ਮਾਰਚ, 1947 ਨੂੰ ਮੁਸਾਫ਼ਿਰ ਜੀ, ਮਝੈਲ ਤੇ ਮੈਂ ਆਪਣੇ

Digitized by Panjab Digital Library | www.panjabdigilib.org

ਉਧਰ ਰਹਿ ਗਏ ਕੁੱਝ ਲੋਕਾਂ ਨੂੰ ਇਧਰ ਲਿਆਉਣ ਲਈ ਇਕ ਫੌਜੀ ਗੱਡੀ ਵਿਚ ਗਏ, ਜਾ ਤਾਂ ਸਾਰੇ ਮੇਰੇ ਪਿੰਡ ਰਹੇ ਸਨ ਪਰ ਜਦੋਂ ਮੁਸਾਫ਼ਿਰ ਜੀ ਦੇ ਪਿੰਡ ਦਾ ਰਾਹ ਆਇਆ ਤਾਂ ਉਨ੍ਹਾਂ ਕਿਹਾ ਚਲੋ ਇੱਥੋਂ ਵੀ ਹੋ ਚਲੀਏ। ਮੁੜ ਕੇ ਆਪ ਨੇ ਕਹਾਣੀ ਲਿਖੀ :

20 ਮਾਰਚ, 1947 ਦਾ ਦਿਨ ਸੀ। ਮੇਰਾ ਇਕ ਲੰਮਾ ਹਉਕਾ ਨਿਕਲ ਗਿਆ। ਮੈਂ ਬੜਾ ਪਛਤਾਇਆ। ਪ੍ਰੇਮ ਤੇ ਮਝੈਲ ਮੈਨੂੰ ਹੋੜਦੇ ਰਹੇ ਪਰ ਪਤਾ ਨਹੀਂ ਕਿਉਂ ਜਿਥੋਂ ਪਿੰਡੀ ਤੇ ਅਧਵਾਲਾਂ ਦਾ ਰਾਹ ਪਾਟਦਾ ਸੀ ਤਲ੍ਹੇ ਦੇ ਚੌਕ ਤੋਂ ਮੇਰੇ ਪੈਰ ਅਧਵਾਲਾਂ ਵਾਲੇ ਪਾਸੇ ਪੈ ਗਏ। ਰਸਤੇ ਵਿਚ ਪਹਿਲਾ ਪਿੰਡ ਸਲਮੂਣ ਆਇਆ। ਸਲਮੂਣਾ ਦੇ ਨੱਥੂ ਖੋਜੇ ਨੂੰ ਮੈਂ ਤਾਇਆ, ਤੇ ਸ਼ੇਰੇ ਨੂੰ ਚਾਚਾ, ਆਖਦਾ ਹੁੰਦਾ ਸਾਂ। ਚਾਚੀ ਹੁਸਨ ਬਾਨੋ ਦੇ ਘਰ ਵਿਚ ਮੇਰੇ ਜੋਗਾ ਹੋਰ ਕੁਝ ਨਾ ਹੋਵੇ ਤਾਂ ਉਹ ਸਾਰੇ ਦਾ ਸਾਰਾ ਮੱਖਣ ਵਿਚ ਗੁੜ ਦੀਆਂ ਰੋੜੀਆਂ ਭਰ ਕੇ ਕੈਂਹ ਦੇ ਭਾਂਡੇ ਵਿਚ ਮੈਨੂੰ ਚਟਾ ਦੇਂਦੀ ਸੀ। ਇਕ ਨਿੱਕੀ ਜਿਹੀ ਪਟਾਰੀ ਵਿਚ ਉਹ ਭੁੱਜੇ ਹੋਏ ਛੋਲਿਆਂ ਦੀਆਂ ਗੁਲੀਆਂ ਚੁਣ ਚੁਣ ਕੇ ਮੇਰੇ ਵਾਸਤੇ ਜਮ੍ਹਾਂ ਕਰ ਰੱਖਦੀ ਸੀ। ਇਸ ਵੇਲੇ ਬਹੁਤ ਹੀ ਡੂੰਘੇ ਧਿਆਨ ਵਿਚ ਸਾਂ। ਮਝੈਲ ਨੇ ਮੌਢਾ ਮਾਰਿਆ, ਕੀ ਸੋਚਦੈਂ ਮੁਸਾਫ਼ਿਰਾ, ਕਿਨ੍ਹਾਂ ਗਿਣਤੀਆਂ ਵਿਚ ਏਂ ? ਇਥੇ ਮੁਸਾਫ਼ਿਰ ਸ਼ਬਦ ਸੂਈ ਵਾਂਗ ਮੈਨੂੰ ਚੁਭਿਆ। ਮੈਂ ਚਾਲ੍ਹੀ ਕੁ ਸਾਲ ਪਹਿਲਾਂ ਦੇ ਧੁੰਧਲੇ ਉਮਰ ਪਤਰਿਆਂ ਦੀਆਂ ਅਧ-ਮਿਟੀਆਂ ਲਕੀਰਾਂ ਗਿਣ ਰਿਹਾ ਸਾਂ। ਚਾਚੀ ਹੁਸਨ ਬਾਨੋ ਦੇ ਘੜੇ 'ਚੋਂ ਮੈਂ ਟਾਸ ਵਿਚ ਪਾਣੀ ਪਾ ਕੇ ਪੀ ਲਿਆ ਸੀ, ਚਾਚੀ ਨੇ ਮੇਰੇ ਕੰਨ ਮਰੋੜੇ ਸਨ "ਭੈੜਿਆ ਜਾਤਕਾ ਅੱਗੋਂ ਨਾ ਹੇ ਗੱਲ ਕਰੀਂ ? "ਤੁਸਾਂ ਸਾਡਾ ਪਾਣੀ ਨਹੀਂ ਪੀ ਸਕਣੈ" "ਤੇ ਮੱਖਣ ਗੁਲੀਆਂ ਖਾ ਸਕਦਾ ਹਾਂ ?" ਮੇਰੀ ਗੱਲ ਦਾ ਜਵਾਬ ਚਾਚੀ ਨੇ ਸਿਰਫ ਇੰਨਾ ਹੀ ਦਿੱਤਾ ਸੀ, "ਜੇ ਤੂੰ ਅੱਗੋਂ ਇਸ ਤਰ੍ਹਾਂ ਕਰਸੇਂ ਤਾਂ ਭਾਈ ਹੋਰੀਂ ਮੈਂਡੇ ਘਰ ਨਹੀਂ ਵੜਨ ਦੇਣ ਲੱਗੇ।" ਇਸ ਕਹਾਣੀ ਦਾ ਸਿਰਲੇਖ "ਹਿੰਦੂ ਪਾਣੀ—ਮੁਸਲਮਾਨ ਪਾਣੀ" ਹੈ। ਇਸ ਸਿਧਾਂਤ ਨੂੰ ਉਨ੍ਹਾਂ ਆਪਣੀਆਂ ਕਈ ਕਵਿਤਾਵਾਂ ਵਿਚ ਵੀ ਦਰਸਾਇਆ।

ਇਕ ਰੁਬਾਈ ਵਿਚ ਲਿਖਦੇ ਹਨ :

ਸਿਖ ਜੈਨੀ ਪਾਰਸੀ ਹਿੰਦੂ ਜਾਂ ਮੁਸਲਮਾਨ ਬਣ
ਬਣ ਜੋ ਮਰਜ਼ੀ ਊ ਬਣ ਇਨਸਾਨ ਪਰ ਇਨਸ਼ਾਨ ਬਣ

Digitized by Panjab Digital Library | www.panjabdigilib.org

ਜਿਸ ਤਰ੍ਹਾਂ ਉਤੇ ਦੱਸਿਆ ਹੈ ਕਿ ਮੁਸਾਫ਼ਿਰ ਦੇ ਮਾਤਾ ਜੀ ਉਨ੍ਹਾਂ ਦੇ ਬਚਪਨ ਵਿਚ ਹੀ ਗੁਜ਼ਰ ਗਏ ਸਨ। ਪਿਤਾ ਜੀ ਨਾਲ ਉਨ੍ਹਾਂ ਨੂੰ ਬਹੁਤ ਜ਼ਿਆਦਾ ਪਿਆਰ ਸੀ ਤੇ ਪਿਤਾ ਜੀ ਵੀ ਉਨ੍ਹਾਂ ਨੂੰ ਸਭ ਪੁੱਤਰਾਂ ਨਾਲੋਂ ਵਧੇਰੇ ਪਿਆਰ ਕਰਦੇ ਸਨ। 1942 ਦੀ ਤਹਿਰੀਕ ਵਿੱਚ ਮੁਸਾਫ਼ਿਰ ਜੀ ਸ਼ਾਹਪੁਰ ਜੇਲ੍ਹ ਵਿੱਚ ਸਨ ਕਿ ਉਨ੍ਹਾਂ ਦੇ ਪਿਤਾ ਜੀ ਗੁਜ਼ਰ ਗਏ। ਜਦੋਂ ਸ਼ਾਹਪੁਰ ਜੇਲ੍ਹ ਟੁੱਟ ਜਾਣ ਕਰਕੇ ਉਹ ਸਿਆਲਕੋਟ ਜੇਲ੍ਹ ਵਿਚ ਆਏ ਤਾਂ ਪਹਿਲੀ ਰਾਤ ਉਹ ਮੇਰੀ ਕੋਠੜੀ ਵਿਚ ਹੀ ਰਹੇ। ਮੈਂ ਉਨ੍ਹਾਂ ਨੂੰ ਉਨ੍ਹਾਂ ਦੇ ਪਿਤਾ ਜੀ ਬਾਰੇ ਅਫ਼ਸੋਸ ਕੀਤਾ ਤਾਂ ਉਨ੍ਹਾਂ ਨੇ ਇਸ ਤਰ੍ਹਾਂ ਗੱਲ ਸੁਣਾਈ।

"ਪਿਤਾ ਜੀ ਦੀ ਬੜੀ ਖ਼ਾਹਿਸ਼ ਸੀ ਕਿ ਸੁਆਸ ਦੇਣ ਤੋਂ ਪਹਿਲਾਂ ਮੈਂ ਉਨ੍ਹਾਂ ਨੂੰ ਮਿਲਾਂ। ਮੈਂ ਤਾਂ ਮਜਬੂਰ ਸਾਂ। ਕਨ੍ਹਈਆ ਸਿੰਘ (ਮੁਸਾਫ਼ਿਰ ਦਾ ਛੋਟਾ ਭਰਾ) ਨੇ ਪੈਰੋਲ ਦੀ ਅਰਜ਼ੀ ਦਿੱਤੀ ਪਰ ਸਰਕਾਰ ਨੇ ਮਨਜ਼ੂਰ ਨਾ ਕੀਤੀ। ਪਿਤਾ ਜੀ ਮੈਨੂੰ ਮਿਲਣ ਲਈ ਲਿਲ੍ਹਕਣੀਆਂ ਕਢਦੇ ਤਰਸ ਤ੍ਰਸ ਕੇ ਗਏ। ਕਨ੍ਹਈਆ ਸਿੰਘ ਦੱਸਦਾ ਹੈ ਕਿ ਜਦੋਂ ਅੰਤਮ ਸਮਾਂ ਨੇੜੇ ਆ ਗਿਆ ਤਾਂ ਕਹਿਣ ਲੱਗੇ, "ਕਨ੍ਹਈਆ ਤੂੰ ਮੇਰੀ ਮੰਜੀ ਉਸ ਜੇਲ੍ਹ ਦੀ ਡਿਉਢੀ ਦੇ ਦਰਵਾਜ਼ੇ ਅੱਗੇ ਲੈ ਚਲ ਜਿਥੇ ਮੁਸਾਫ਼ਿਰ ਕੈਦ ਹੈ, ਮੈਂ ਉਥੇ ਹੀ ਪ੍ਰਾਣ ਦਿਆਂਗਾ। ਜਦ ਤਕ ਮੁਸਾਫ਼ਿਰ ਆ ਨਾ ਜਾਵੇ ਮੇਰੀਆਂ ਹੱਡੀਆਂ ਸਾਂਭ ਕੇ ਰੱਖਣੀਆਂ।" ਇਹ ਕਹਿੰਦਿਆਂ ਕਹਿੰਦਿਆਂ ਮੁਸਾਫ਼ਿਰ ਜੀ ਦੀਆਂ ਅੱਖਾਂ ਵਿਚੋਂ ਦੋ ਅੱਥਰੂ ਤ੍ਰਿਪ ਤ੍ਰਿਪ ਕਰਦੇ ਵਗੇ ਜੋ ਉਨ੍ਹਾਂ ਦੀ ਦੁੱਧ ਚਿੱਟੀ ਦਾਹੜੀ ਦੇ ਵਾਲਾਂ ਵਿਚ ਇਸ ਤਰ੍ਹਾਂ ਅਟਕ ਗਏ ਜਿਵੇਂ ਚਾਂਦੀ ਦੀਆਂ ਤਾਰਾਂ ਵਿਚ ਦੋ ਮੋਤੀ ਪਰੁੱਚ ਗਏ ਹੋਣ।

ਮੈਂ ਮੁਸਾਫ਼ਿਰ ਜੀ ਨਾਲ ਕਾਫ਼ੀ ਵਰ੍ਹੇ ਨੇੜੇ ਹੋ ਕੇ ਗੁਜ਼ਾਰੇ ਹਨ ਪਰ ਇਹ ਪਹਿਲਾ ਮੌਕਾ ਤੇ ਆਖਰੀ ਮੌਕਾ ਸੀ ਜਦ ਕਿ ਮੈਂ ਉਨ੍ਹਾ ਦੀਆਂ ਅੱਖਾਂ ਵਿਚ ਹੰਝੂ ਤੱਕੇ। ਮੁਸਾਫ਼ਿਰ ਕੋਲ ਭਾਣਾ ਮੰਨਣ ਦਾ ਬਲ ਇੰਨਾ ਜਿਆਦਾ ਸੀ ਕਿ ਉਨ੍ਹਾਂ ਦਾ ਸੰਤੁਲਨ ਕਦੇ ਨਹੀਂ ਸੀ ਡੋਲਿਆ। ਪਿਤਾ ਜੀ ਦੀ ਯਾਦ ਵਿਚ ਕਵਿਤਾ ਲਿਖਦਿਆਂ ਆਪ ਨੇ ਲਿਖਿਆ :—

ਉਪਰੋਂ ਬਨੇਰਾ ਢਹਿ ਪਿਆ

Digitized by Panjab Digital Library | www.panjabdigilib.org

ਮਾੜੀ ਬਚਾਵਾਂ ਕਿਸ ਤਰ੍ਹਾਂ
ਬੁਨਿਆਦ ਦੀ ਇੱਟ ਉੱਖੜੀ
ਕੰਧਾਂ ਟਿਕਾਵਾਂ ਕਿਸ ਤਰ੍ਹਾਂ ।

ਮੁਸਾਫ਼ਿਰ ਦੀਆਂ ਰੋਜ਼ ਰੋਜ਼ ਦੀਆਂ ਜੇਲ੍ਹਾਂ ਤੋਂ ਉਨ੍ਹਾਂ ਦੇ ਪਿਤਾ ਜੀ ਬੜੇ ਔਖੇ ਸਨ । ਉਨ੍ਹਾਂ ਨੂੰ ਪਤਾ ਸੀ ਕਿ ਮੁਸਾਫ਼ਿਰ ਨੇ ਆਪਣੇ ਰਾਹ ਤੋਂ ਹਟਣਾ ਨਹੀਂ ਤੇ ਨਾਂਹ ਹੀ ਉਹ ਹਟਾਣ ਦਾ ਕੋਈ ਇਰਾਦਾ ਹੀ ਰੱਖਦੇ ਸਨ । ਪਰ ਇਹ ਕਿ ਮੁਸਾਫ਼ਿਰ ਕਦੋਂ ਖੁਲ੍ਹਾ ਮੇਰੇ ਕੋਲ ਹੋਇਆ ਕਰੇਗਾ, ਸੋਚ ਕੇ ਇਕ ਦਿਨ ਪੁੱਤਰ ਨੂੰ ਪੁੱਛਣ ਲੱਗੇ :—

"ਯਾਰਾ ਕਦੋਂ ਜਾਸਣ ਇਹ ਅੰਗਰੇਜ਼ ?"

ਸਿਆਲਕੋਟ ਜੇਲ੍ਹ ਵਿਚ ਮੈਂ ਕੋਠੜੀ ਵਿਚ ਰਹਿੰਦਾ ਸਾਂ ਤੇ ਮੁਸਾਫ਼ਿਰ ਜੀ ਤੰਬੂ ਵਿਚ, ਮੈਨੂੰ ਪਤਾ ਲੱਗਾ ਕਿ ਮੁਸਾਫ਼ਿਰ ਜੀ ਨੂੰ ਬੁਖ਼ਾਰ ਹੋ ਗਿਆ ਹੈ । ਮੈਂ ਮਿਜ਼ਾਜ ਪੁਰਸੀ ਲਈ ਗਿਆ ਤਾਂ ਮੰਜੇ 'ਤੇ ਲੇਟੇ ਅੱਖਾਂ ਬੰਦ ਤੇ ਕਵਿਤਾ ਪਏ ਕਰਨ । ਮੇਰੀ ਆਹਟ ਸੁਣ ਕੇ ਅੱਖਾਂ ਖੋਲ੍ਹੀਆਂ ਤਾਂ ਮੈਂ ਕਿਹਾ, 'ਗਿਆਨੀ ਜੀ ਕੀ ਹਾਲ ਹੈ, ਤਬੀਅਤ ਹੁਣ ਕੈਸੀ ਹੈ ?' ਝੱਟ ਬੋਲੇ, ਤਬੀਅਤ ਬਿਲਕੁਲ ਠੀਕ ਹੈ । ਕੋਲ ਹੀ ਥਰਮਾਮੀਟਰ ਪਿਆ ਸੀ । ਮੈਂ ਲਾ ਕੇ ਦੇਖਿਆ ਤਾਂ 103 ਤੋਂ ਉੱਤੇ ਬੁਖ਼ਾਰ ਸੀ । ਮੈਂ ਕਿਹਾ, ਬੁਖਾਰ ਤਾਂ ਬੜਾ ਜ਼ਿਆਦਾ ਹੈ ਤੇ ਤੁਸੀਂ ਕਹਿੰਦੇ ਹੋ, ਤਬੀਅਤ ਠੀਕ ਹੈ । ਜਵਾਬ ਵਿੱਚ ਕਹਿਣ ਲੱਗੇ, ਤੂੰ ਕੋਈ ਬੁਖ਼ਾਰ ਪੁੱਛਿਆ ਸੀ, ਤੂੰ ਤਬੀਅਤ ਪੁੱਛੀ ਸੀ ਸੋ ਠੀਕ ਹੈ । ਇਸ ਤਰ੍ਹਾਂ ਦਾ ਸੀ ਮੁਸਾਫ਼ਿਰ, ਮਨ 'ਤੇ ਕਦੇ ਬੋਝ ਨਾ ਰੱਖਣ ਵਾਲਾ । ਉਹ ਕਵਿਤਾ ਜੋ ਉਨ੍ਹਾਂ ਉਸ ਵੇਲੇ ਲਿਖੀ ਉਹ ਇਹ ਸੀ :—

"ਅਜ ਮੈਨੂੰ ਨਿੱਕਾ ਨਿੱਕਾ ਬੁਖ਼ਾਰ
ਅਜ ਮੇਰੇ ਪੀੜ ਮੱਥੇ ਵਿਚਕਾਰ
ਅਜ ਮੈਨੂੰ ਉਹ ਹੱਥ ਆਵਣ ਯਾਦ
ਬਰਫ਼ ਦੀਆਂ ਡਲੀਆਂ

Digitized by Panjab Digital Library | www.panjabdigilib.org

ਉਹ ਉਂਗਲਾਂ ਜੁ
ਗਰਮੀ ਦੇਣ ਉਤਾਰ ।'

ਇਕ ਵਾਰੀ ਆਜ਼ਾਦੀ ਮਿਲਣ ਦੇ ਸ਼ੁਰੂ ਸ਼ੁਰੂ ਵਿਚ ਪਾਰਲੀਮੈਂਟ ਜਾਂ ਵਿਧਾਨ ਸਭਾ ਵਿਚ ਬਹਿਸ ਹੋ ਰਹੀ ਸੀ, ਸ਼ਰਨਾਰਥੀਆਂ ਦੀ ਮਾੜੀ ਹਾਲਤ ਤੇ । ਮੁਸਾਫ਼ਿਰ ਜੀ ਨੇ ਸ਼ਰਨਾਰਥੀਆਂ ਦੀ ਭੈੜੀ ਹਾਲਤ ਨੂੰ ਦਰਸਾ ਕੇ ਸਰਕਾਰ ਤੇ ਗਿਲ੍ਹਾ ਕੀਤਾ । ਜਿਥੋਂ ਤਕ ਮੈਨੂੰ ਯਾਦ ਹੈ ਉਨ੍ਹਾਂ ਵਜ਼ਾਰਤੀ ਬੈਂਚਾਂ ਨੂੰ ਸੰਬੋਧਨ ਕਰਦਿਆਂ ਕਿਹਾ :—

ਗਜ਼ਬ ਕੀ ਸ਼ੋਖੀਆਂ ਹੈਂ ਸਾਹਮਣੇ ਮਦਫ਼ਨ ਕੇ ਬੈਠੇ ਹੈਂ
ਮਿਲਾ ਕਰ ਹਮ ਕੋ ਮਿਟੀ ਮੇਂ ਮੁਜਾਵਰ ਬਨ ਕੇ ਬੈਠੇ ਹੈਂ ।

ਮੁਸਾਫ਼ਿਰ ਇਕ ਸੁਹਿਰਦ ਮਿੱਤਰ, ਹਮਦਰਦ ਸਾਥੀ ਤੇ ਮੁਕੰਮਲ ਇਨਸਾਨ ਸੀ । ਡਾਕਟਰ ਐਮ.ਐਸ. ਰੰਧਾਵਾ ਉਸ ਬਾਰੇ ਲਿਖਦੇ ਹਨ : —

"ਉੱਚੀ ਰਤਨਾਤਮਕ ਪ੍ਰਤਿਭਾ, ਡੂੰਘੀ ਰਾਜਸੀ ਸੂਝ, ਪ੍ਰੇਰਨਾ ਭਰੇ ਬੋਲ, ਨਿਰਮਲ ਸੂਰਤ ਤੇ ਉਨੀ ਹੀ ਨਿਰਮਲ ਸੀਰਤ, ਇਨ੍ਹਾਂ ਸਾਰੀਆਂ ਖ਼ੂਬੀਆਂ ਨੂੰ ਜੇ ਕਿਸੇ ਇੱਕ ਆਕਾਰ ਵਿਚ ਦੇਖਣ ਦੀ ਇੱਛਾ ਹੋਵੇ ਤਾਂ ਗੁਰਮੁੱਖ ਸਿੰਘ ਮੁਸਾਫ਼ਿਰ ਹੁਰਾਂ ਨੂੰ ਮਿਲਕੇ ਪੂਰੀ ਹੋ ਸਕਦੀ ਹੈ ।"

ਮੈਂ ਜਦ ਗਿਆਨੀ ਜੀ ਵਲ ਧਿਆਨ ਨਾਲ ਵੇਖਦਾ ਹਾਂ ਤਾਂ ਟਾਲਸਟਾਏ ਦੀ ਮੂਰਤ ਸਾਹਮਣੇ ਹੋ ਆਉਂਦੀ ਹੈ । ਬਿਲਕੁਲ ਉਸੇ ਤਰ੍ਹਾਂ ਦਾ ਬਜ਼ੁਰਗ, ਉਸੇ ਵਰਗੀਆਂ ਕਹਾਣੀਆਂ ਲਿਖਣ ਵਾਲਾ ਕਥਾ-ਲੇਖਕ, ਰੱਬ ਤੋਂ ਡਰਨ ਵਾਲਾ ਤੇ ਜਨਤਾ ਵਿਚ ਪੈਦਾ ਹੋਇਆ ਜਨਤਾ ਦਾ ਆਗੂ ਜਿਸ ਨੇ ਹਰ ਲਹਿਰ ਵਿਚ ਹਿੱਸਾ ਪਾਇਆ ਸੀ ।

ਸ਼੍ਰੀ ਆਰ. ਐਲ ਆਹੂਜਾ ਲਿਖਦੇ ਹਨ ;—

"ਸਾਡੇ ਟਾਹਲੀ ਦਾ ਇਕ ਰੁੱਖ ਬਹੁਤ ਪੁਰਾਣਾ ਸੀ ਤੇ ਸਾਰੇ ਪ੍ਰਵਾਰ ਦਾ ਸਾਂਝਾ ਆਸਰਾ ਸੀ । ਸਾਰੇ ਲੋਕ ਛੋਟੇ, ਬੁੱਢੇ ਤੇ ਜਵਾਨ ਇਸ ਦੀ ਛਾਂ ਹੇਠਾਂ ਬੈਠਦੇ ਸਨ । ਕੋਈ ਅਖ਼ਬਾਰ ਪੜ੍ਹਦਾ ਸੀ, ਕੋਈ ਤਾਸ਼, ਚੌਪੜ ਜਾਂ ਸ਼ਤਰੰਜ ਖੇਡਦੇ,

Digitized by Panjab Digital Library | www.panjabdigilib.org

ਮਜ਼ਦੂਰ ਤਰਖਾਣ ਦੁਪਹਿਰ ਦੀ ਰੋਟੀ ਖਾ ਕੇ ਉਸ ਹੇਠ ਭੁੰਜੇ ਲੇਟ ਜਾਂਦੇ ਤੇ ਸੌਂ ਜਾਂਦੇ । ਸੜਕ ਤੋਂ ਲੰਘਦੇ ਲੋਕ ਸਾਹ ਕੱਢਣ ਲਈ ਆ ਬੈਠਦੇ । ਮੈਂ ਜਦੋਂ ਨਵੇਂ ਪੰਜਾਬ ਦੇ ਨੇਤਾ ਗੁਰਮੁਖ ਸਿੰਘ ਮੁਸਾਫ਼ਿਰ ਦਾ ਤਸੱਵਰ ਕਰਦਾ ਹਾਂ ਤਾਂ ਮੈਨੂੰ ਆਪਣੇ ਬਚਪਨ, ਜਵਾਨੀ ਤੇ ਬਜ਼ੁਰਗਾਂ ਨਾਲ ਸਬੰਧਤ ਸਾਂਝੇ ਪ੍ਰਵਾਰ ਦਾ ਬਿੰਬ ਟਾਹਲੀ ਦਾ ਵਿਸ਼ਾਲ ਫੈਲਿਆ ਹੋਇਆ 'ਰੁੱਖ ਯਾਦ ਆ ਜਾਂਦਾ ਹੈ ।"

ਪ੍ਰੋ: ਗੁਰਬਚਨ ਸਿੰਘ ਤਾਲਿਬ ਨੇ ਮੁਸਾਫ਼ਿਰ ਨੂੰ ਇਸ ਤਰ੍ਹਾਂ ਬਿਆਨਿਆ ਹੈ :—

"ਇਨ੍ਹਾਂ ਦਾ ਮਨ ਭਾਵੁਕ ਹੈ, ਜੀਵਨ ਦਿਆ ਦੁਖਾਂ ਤੋਂ ਆਸ਼ਨਾ ਹੈ । ਇਸ ਦੇ ਨਾਲ ਹੀ ਇਨ੍ਹਾਂ ਨੇ ਜੀਵਨ ਸੰਗਰਾਮ ਵਿਚ ਸੇਵਾ ਦੇ ਖੇਤਰ ਵਿਚ ਪ੍ਰਵੇਸ਼ ਕਰਕੇ ਸਾਧਨਾ ਕੀਤੀ ਹੈ । ਉਸ ਨਾਲ ਮਾਨਵ-ਪ੍ਰੇਮ, ਸੁਹਿਰਦਤਾ ਅਤੇ ਪੀੜ ਦੀ ਭਾਵੁਕਤਾ ਇਨ੍ਹਾਂ ਦੀ ਸ਼ਖ਼ਸੀਅਤ ਵਿਚ ਪੈਦਾ ਹੋ ਗਈ ਹੈ ।"

ਪੰਜਾਬੀ ਦੇ ਕਵੀ ਤੇ ਲਿਖਾਰੀ ਡਾ: ਹਰਿਭਜਨ ਸਿੰਘ ਨੇ ਮੁਸਾਫ਼ਿਰ ਦੇ ਇਸ ਪੱਖ ਨੂੰ ਬੜੇ ਖ਼ੂਬਸੂਰਤ ਸ਼ਬਦਾਂ ਵਿੱਚ ਉਲੀਕਿਆ ਹੈ :—

"ਸਮਾਜ-ਭਗਤੀ ਮੁਸਾਫ਼ਿਰ ਦੀ ਕਵਿਤਾ ਦਾ ਮੁੱਖ ਤੇ ਅਸਹਿ 'ਥੀਮ' ਹੈ । ਸਹਿਜ ਤੋਂ ਮਤਲਬ ਇਹ ਹੈ ਕਿ ਇਹ ਵਿਖਾਲੇ ਤੋਂ ਮੁਕਤ ਹੈ ਤੇ ਪਾਠਕ ਜਾਂ ਸਰੋਤੇ ਉਪਰ ਉਚੇਚਾ ਪ੍ਰਭਾਵ ਪਾਉਣ ਦਾ ਯਤਨ ਨਹੀਂ ਕਰਦੀ । ਵਿਖਾਲਾ ਪ੍ਰਧਾਨ ਯੁਗ ਵਿਚ ਇਹ ਪ੍ਰਵਿਰਤੀ ਬਹੁਤ ਵਿਰਲੀ ਹੈ । ਮੈਂ ਇਸ ਨੂੰ ਸਵੱਛਤਾ ਦੀ ਦੁਰਲਭ ਪ੍ਰਾਪਤੀ ਸਮਝਦਾ ਹਾਂ ।"

ਸ: ਗੁਰਬਖਸ਼ ਸਿੰਘ 'ਪ੍ਰੀਤਲੜੀ' ਲਿਖਦੇ ਹਨ :—

"ਮੁਸਾਫ਼ਿਰ ਜੀ ਦਾ ਚੇਹਰਾ ਦਗ ਦਗ ਕਰਦਾ ਤੇ ਨਿਰਛਲ ਹੋਣ ਦਾ ਪ੍ਰਭਾਵ ਪਾਉਂਦਾ ਸੀ । ਉਹ ਲਗਾਤਾਰ 15 ਸਾਲ ਪਾਰਲੀਮੈਂਟ, ਦੇ ਮੈਂਬਰ ਰਹੇ ਤੇ ਪ੍ਰਦੇਸ਼ਾਂ ਵਿਚ ਭਾਰਤ ਦੇ ਨੁਮਾਇੰਦੇ ਬਣ ਕੇ ਜਾਂਦੇ ਰਹੇ ਪਰ ਇਸ ਵਡਿਆਈ ਨੇ ਉਨ੍ਹਾਂ ਦੀ ਸੁਭਾਵਿਕ ਨਿਮਰਤਾ ਤੇ ਦੋਸਤ-ਨਿਵਾਜੀ ਵਿਚ ਕੋਈ ਫ਼ਰਕ ਨਾ ਪਾਇਆ ।"

Digitized by Panjab Digital Library | www.panjabdigilib.org

ਪ੍ਰੋ: ਹਰਬੰਸ ਸਿੰਘ ਨੇ ਉਨ੍ਹਾਂ ਦੀ ਸ਼ਖਸ਼ੀਅਤ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ :—

"ਉਨ੍ਹਾਂ ਦੀ ਰਾਜਨੀਤੀ ਤੇ ਲਿਖਤ ਨਾਲੋਂ ਖ਼ੁਦ ਉਨ੍ਹਾਂ ਦੀ ਆਪਣੀ ਮਹੱਤਤਾ ਘੱਟ ਨਹੀਂ ਸੀ—ਅਤਿਅੰਤ ਖੂਬਸੂਰਤ, ਉਨ੍ਹਾਂ ਦੀ ਸੁੰਦਰਤਾ ਨੂੰ ਮਾਤ ਪਾਉਂਦੀ ਉਡਦੀ ਸਫ਼ੈਦ ਦਾਹੜੀ, ਦਗਦਾ ਚਿਹਰਾ । ਆਪਣੇ ਖੁਸ਼ ਰਹਿਣੇ ਸੁਭਾਅ, ਹੱਸ ਮੁੱਖ ਜੀਵਨ-ਢੰਗ ਕਰਕੇ ਉਹ ਬਹੁਤ ਪ੍ਰਸਿੱਧ ਸਨ । ਖਿੜ ਖਿੜਾ ਕੇ ਹੱਸਣ ਦੀ ਉਨ੍ਹਾਂ ਵਿਚ ਬੇਹੱਦ ਸਮਰਥਾ ਸੀ । ਉਨ੍ਹਾਂ ਨੇ ਜੀਵਨ ਦੇ ਤਜਰਬੇ ਨੂੰ ਪੂਰੀ ਤਰ੍ਹਾਂ ਮਾਣਿਆ ਅਤੇ ਖੁਸ਼ ਰਹਿਣ ਦੀ ਕਲਾ ਉਤੇ ਮੁਹਾਰਤ ਹਾਸਲ ਕੀਤੀ । ਉਨ੍ਹਾਂ ਨੇ ਹਰ ਉਮਰ ਤੇ ਹਰ ਕਿੱਤੇ ਦੇ ਲੋਕਾਂ ਨਾਲ ਨਿਭਾਈ । ਉਹ ਮਿਲਾਪੜੇ, ਨਿਰਮਾਣ ਤੇ ਬੇਹਦ ਨਿਰਛਲ ਸਨ ਉਹ ਮੰਦ-ਭਾਵਨਾ ਤੋਂ ਉਪਰ ਸਨ । ਉਨ੍ਹਾਂ ਜੀਵਨ ਵਿਚ ਸਖਤ ਮੁਥਾਜੀ ਵੇਖੀ ਪਰ ਉਨ੍ਹਾਂ ਦੇ ਸੁਭਾਅ ਵਿਚ ਤਲੱਖੀ ਦਾ ਨਾਂ ਨਿਸ਼ਾਨ ਤਕ ਨਹੀਂ ਸੀ ।"

ਕਹਾਣੀਕਾਰ ਸ. ਗੁਲਜ਼ਾਰ ਸਿੰਘ ਸੰਧੂ ਜਿਨ੍ਹਾਂ ਦਾ ਸ਼ੌਕ ਹੁਸੀਨ ਬੰਦਿਆਂ ਦੀ ਕਲਪਨਾ ਕਰਨਾ ਰਿਹਾ ਹੈ, ਇਦਾਂ ਲਿਖਦੇ ਹਨ :—

"ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ ਨੂੰ ਮਿਲਣ ਤਕ ਹੁਸੀਨ ਮਨੁੱਖ ਦੀ ਜਿਹੜੀ ਕਲਪਨਾ ਮੈਂ ਕੀਤੀ ਸੀ, ਉਹ ਇਕ ਹੱਸ ਮੁੱਖ ਤੇ ਲੋਕਾਂ ਦੇ ਕੰਮ ਆਉਣ ਵਾਲੇ ਬੰਦੇ ਦੀ ਸੀ । ਇਸ ਤਸਵੀਰ ਦਾ ਆਕਾਰ ਮੁਸਾਫਿਰ ਜੀ ਨੂੰ ਮਿਲਣ ਤੋਂ ਪਿੱਛੋਂ ਹੀ ਉਘੜਨਾ ਸ਼ੁਰੂ ਹੋਇਆ । ਮੇਰੀ ਖੁਸ਼ੀ ਦੀ ਕੋਈ ਹੱਦ ਨਾ ਰਹੀ ਜਦੋਂ ਦੋ ਤਿੰਨ ਮੁਲਾਕਾਤਾਂ ਦੇ ਪਿੱਛੋਂ ਇਹ ਆਕਾਰ ਇੱਕ ਸ਼ਾਖਸਾਤ ਸਰੂਪ ਧਾਰਨ ਕਰ ਗਿਆ ।"

ਉਰਦੂ ਦੇ ਚੋਟੀ ਦੇ ਸ਼ਾਇਰ ਅਲੀ ਸਰਦਾਰ ਜਾਫ਼ਰੀ ਅਨੁਸਾਰ ਮੁਸਾਫ਼ਿਰ ਜੀ ਇੰਝ ਹੀ ਹਸਦੇ ਰਹਿੰਦੇ ਤੇ ਉਨ੍ਹਾਂ ਦੇ ਹਾਸੇ ਵਿੱਚ ਅੰਤਾਂ ਦਾ ਪਿਆਰ ਹੁੰਦਾ ।

ਸਾਡੇ ਹਾਸ-ਰਸ ਦੇ ਲਿਖਾਰੀ ਸ੍ਰ: ਪਿਆਰਾ ਸਿੰਘ ਦਾਤਾ ਜਿਨ੍ਹਾਂ ਦਾ ਪਿੰਡ

Digitized by Panjab Digital Library | www.panjabdigilib.org

ਮੁਸਾਫ਼ਿਰ ਜੀ ਦੇ ਪਿੰਡ ਤੋਂ ਤਿੰਨ ਮੀਲ ਦੀ ਦੂਰੀ ਤੇ ਸੀ, ਕਹਿੰਦੇ ਹਨ :—

ਮੁਸਾਫ਼ਿਰ ਹੋਰਾਂ ਜੇਲ੍ਹ ਦੀਆਂ ਕਠਿਨਾਈਆਂ ਸਮੇਂ ਹੌਸਲਾ ਨਹੀਂ ਹਾਰਿਆ। ਘਰੋਗੀ ਹਾਲਾਤ ਖ਼ਰਾਬ ਹੋਣ ਤੇ ਰੋਸ ਨਹੀਂ ਪ੍ਰਗਟ ਕੀਤਾ। ਆਪਣੇ ਬਹੁਤ ਪਿਆਰੇ ਸਨੇਹੀਆਂ ਦੇ ਵਿਛੋੜੇ ਵੀ ਉਨ੍ਹਾਂ ਨੂੰ ਆਜ਼ਾਦੀ ਦੀ ਲੜਾਈ ਵਿਚ ਕੁੱਦਣੋਂ ਰੋਕ ਨਾ ਸਕੇ। ਜੇਲ੍ਹ ਦੇ ਜੀਵਨ ਵਿਚ ਜੋ ਕੁਝ ਉਨ੍ਹਾਂ ਮਹਿਸੂਸ ਕੀਤਾ, "ਉਹ ਆਲ੍ਹਣੇ ਦੇ ਬੋਟ" ਤੇ 'ਖਸਮਾਂ ਖਾਣੇ' ਨਾਂ ਦੀਆਂ-ਕਹਾਣੀਆਂ ਤੋਂ ਪਾਠਕ ਚੰਗੀ ਤਰ੍ਹਾਂ ਪੜ੍ਹ ਸਕਦੇ ਹਨ।

ਮੁਸਾਫ਼ਿਰ ਦੀ ਮਾਨਵਤਾ ਤੇ ਹਾਸ-ਰਸ ਦਾ ਪੱਖ ਬੜਾ ਵਿਸ਼ਾਲ ਹੈ। ਜਿਸ ਤਰ੍ਹਾਂ ਉਨ੍ਹਾਂ ਦੀ ਹਰ ਗੱਲ ਵਿਚ ਕਵਿਤਾ ਸੀ ਉਸੇ ਤਰ੍ਹਾਂ ਉਨ੍ਹਾਂ ਦੇ ਹਰ ਬੋਲ ਵਿੱਚ ਹਾਸੇ ਦੀ ਮੌਜ ਤੇ ਵਿਲਾਸ ਦੀ ਲਹਿਰ ਸੀ। ਉਹ ਸਾਰੇ ਟੋਟਕੇ ਇਸ ਪ੍ਰਸਤਾਵ ਵਿੱਚ ਅੰਕਿਤ ਨਹੀਂ ਕੀਤੇ ਜਾ ਸਕਦੇ। ਉਹਨਾਂ ਬਾਰੇ ਮੈਂ ਇੱਕ ਵਖਰੀ ਕਿਤਾਬ "ਮੁਸਾਫ਼ਿਰ ਯਾਦਾਂ" ਦੇ ਸਿਰਲੇਖ ਹੇਠਾਂ ਦੋ ਚਾਰ ਸਾਲ ਹੋਏ ਲਿਖੀ ਸੀ ਜੋ ਮੁਸਾਫ਼ਿਰ ਟਰੱਸਟ ਨੇ ਛਾਪੀ ਸੀ। ਉਸ ਵਿਚ ਕੇਵਲ ਮੁਸਾਫ਼ਿਰ ਦੀਆਂ ਹਾਸ ਰਸ ਦੀਆਂ ਹਿਕਾਇਤਾਂ ਹੀ ਦਿੱਤੀਆਂ ਗਈਆਂ ਹਨ। ਫਿਰ ਵੀ ਇੱਕ ਦੋ ਜਿਨ੍ਹਾਂ ਦਾ ਮੁਸਾਫ਼ਿਰ ਦੀ ਕਵਿਤਾ ਨਾਲ ਸਬੰਧ ਨਿਕਲ ਆਉਂਦਾ ਹੋਵੇ, ਇਥੇ ਦਰਜ ਕਰਦਾ ਹਾਂ।

ਅਖ਼ੀਰਲੇ ਵੇਲੇ ਵਿਛੋੜੇ ਤੋਂ ਕੁਝ ਸਾਲ ਪਹਿਲਾਂ ਮੁਸਾਫ਼ਿਰ ਜੀ ਉੱਚਾ ਸੁਣਨ ਲੱਗ ਗਏ ਸਨ। ਮੈਂ ਇੱਕ ਦਿਨ ਪੁਛਿਆ, ਕੀ ਕੰਨ ਡਾਕਟਰ ਨੂੰ ਵਿਖਾਏ ਸਨ? ਆਖਣ ਲੱਗੇ ਵਿਖਾਏ ਸਨ ਤੇ ਉਹ ਆਖਦਾ ਹੈ ਕਿ ਕੰਨ ਬਿਲਕੁਲ ਠੀਕ ਹਨ। ਮੈਂ ਕਿਹਾ ਜੇ ਇਹ ਗੱਲ ਹੈ ਤਾਂ ਉਸ ਕੋਲੋਂ ਉੱਚਾ ਸੁਣਨ ਦਾ ਕਾਰਨ ਤਾਂ ਪੁੱਛਣਾ ਸੀ? ਕਹਿਣ ਲੱਗੇ, ਪੁੱਛਿਆ ਸੀ, ਉਹ ਆਖਦਾ ਹੈ ਕਿ ਤੂੰ ਮਚਲਾ ਏਂ। ਇਸੇ ਗੱਲ ਤੇ ਉਨ੍ਹਾਂ ਇੱਕ ਗ਼ਜ਼ਲ ਲਿਖੀ ਜਿਸ ਦਾ ਹੇਠ ਲਿਖਿਆ ਸ਼ੇਅਰ ਡਾਕਟਰ ਦੀ ਗੱਲ ਦੀ 'ਹਾਮੀਂ' ਭਰਦਾ ਹੈ।

ਲੋਕੀ ਆਖਦੇ ਨੇ ਮੁਸਾਫ਼ਿਰ ਉਚੀ ਸੁਣਨ ਲੱਗ ਗਿਐ,
ਮੈਂ ਬਹਾਨਾ ਭਾਲਿਆ ਭੋਰਾ ਕੁ ਨੇੜੇ ਹੋਣ ਦਾ।

Digitized by Panjab Digital Library | www.panjabdigilib.org

1936 ਵਿੱਚ ਸ੍ਰ. ਹਰਨਾਮ ਸਿੰਘ ਸੁਰਗਵਾਸੀ ਜੱਜ ਦੀ ਚੋਣ ਵਿਚ ਅਸੀਂ ਇੱਕ ਪਿੰਡ ਵਿੱਚ ਪੁਜੇ ਤਾਂ ਉਥੇ ਲੋਕਾਂ ਨਾਲ ਗੱਲਾਂ ਕਰਦਿਆਂ ਸ਼ਾਮ ਪੈ ਗਈ। ਅਸੀਂ ਪੈਦਲ ਹੀ ਸਾਂ। ਉਨ੍ਹਾਂ ਦਿਨਾਂ ਵਿਚ ਸਵਾਰੀ ਦਾ ਕੋਈ ਪ੍ਰਬੰਧ ਨਹੀਂ ਸੀ। ਸਾਡੇ ਪ੍ਰੋਗਰਾਮ ਅਨੁਸਾਰ ਅਸਾਂ ਰਾਤ ਅਗਲੇ ਪਿੰਡ ਜਾ ਕੇ ਕੱਟਣੀ ਸੀ। ਪਿੰਡ ਵਾਲੇ ਜ਼ਿਦ ਕਰ ਬੈਠੇ ਕਿ ਹੁਣ ਕੁਵੇਲਾ ਹੋ ਗਿਆ ਹੈ, ਅਸਾਂ ਅੱਗੇ ਨਹੀਂ ਜਾਣ ਦੇਣਾ! ਇੱਕ ਮਿੱਤਰ ਕਹਿਣ ਲੱਗਾ, ਗਿਆਨੀ ਜੀ ਅੱਜ ਸਾਡੀ ਹੀ ਦਾਲ ਦਪਾਲ ਕਬੂਲ ਕਰੋ। ਗਿਆਨੀ ਜੀ ਨੇ ਪੋਲਾ ਜਿਹਾ ਕਿਹਾ :—"ਹਾਂ ਘਰ ਦੀ ਕੁਕੜੀ ਦਾਲ ਬਰਾਬਰ ਹੀ ਹੁੰਦੀ ਹੈ" ਸਾਨੂੰ ਰਹਿਣਾ ਪੈ ਗਿਆ ਤੇ ਉਨ੍ਹਾਂ ਮੁਰਗਾ ਬਣਾ ਕੇ ਸਾਨੂੰ ਰੋਟੀ ਖੁਆਈ।

ਭਾਵੇਂ ਮੁਸਾਫ਼ਿਰ ਜੀ ਦੇ ਸਾਰੇ ਹੀ ਪੱਖ ਭਰਪੂਰ ਹਨ ਪਰ ਉਨ੍ਹਾਂ ਦਾ ਮਾਨਵਤਾ ਦਾ ਪੱਖ ਵੇਖ ਕੇ ਤਾਂ ਇਨਸਾਨ ਦੰਗ ਹੀ ਰਹਿ ਜਾਂਦਾ ਹੈ। ਇੰਝ ਲੱਗਦਾ ਹੈ ਕਿ ਉਹ ਅਵਸਥਾ ਜਿਸਦਾ ਨਾਂ ਸਹਿਜ ਅਵਸਥਾ ਹੈ ਉਹ ਉਨ੍ਹਾਂ ਨੂੰ ਪ੍ਰਾਪਤ ਸੀ। ਵੱਡੀ ਤੋਂ ਵੱਡੀ ਔਕੜ ਵੇਲੇ ਵੀ ਉਨ੍ਹਾਂ ਦਾ ਮਨ ਕਦੇ ਡੋਲਿਆ ਨਹੀਂ ਸੀ। ਉਨ੍ਹਾ ਸਦਾ ਹੋਣੀ ਨੂੰ ਪ੍ਰਬਲ ਤੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਇਸ ਸਬੰਧ ਵਿਚ ਉਪਰ ਕਈ ਮਿਸਾਲਾਂ ਆ ਚੁੱਕੀਆਂ ਹਨ। ਉਨ੍ਹਾਂ ਦੀ ਇਸ ਅਵਸਥਾ ਨੇ ਅੰਤਮ ਸਮੇਂ ਤਕ ਉਨ੍ਹਾਂ ਦਾ ਸਾਥ ਦਿੱਤਾ ਤੇ ਐਨ ਮੌਤ ਸਮੇਂ ਵੀ ਇਹ ਅਡੋਲਤਾ ਕਾਇਮ ਰਹੀ। 17 ਜਨਵਰੀ 1976 ਨੂੰ ਆਪ ਸਾਰਾ ਦਿਨ ਆਪਣੇ ਰੁਝੇਵਿਆਂ ਵਿਚ ਸਰਗਰਮ ਰਹੇ। ਨਹਿਰੂ ਐਵਾਰਡ ਵਾਲੀ ਮੀਟਿੰਗ ਵਿੱਚ ਸ਼ਾਮਲ ਹੋਏ ਤੇ ਰਾਤ ਸਾਢੇ ਦਸ ਵਜੇ ਇਕ ਥਾਂ ਤੋਂ ਖਾਣਾ ਖਾ ਕੇ ਘਰ ਅਪੜੇ। ਸਾਢੇ ਬਾਰਾਂ ਵਜੇ ਤਕ ਰੇਡੀਓ ਤੋਂ ਨਸ਼ਰ ਕਰਨ ਲਈ ਮਹਾਤਮਾ ਗਾਂਧੀ 'ਤੇ ਤਕਰੀਰ ਲਿਖਦੇ ਰਹੇ ਤੇ ਫਿਰ ਸੌਂ ਗਏ। ਸਵਾ ਦੋ ਵਜੇ ਬੇਚੈਨੀ ਦੇ ਕਾਰਨ ਉੱਠੇ ਤੇ ਬੱਚਿਆਂ ਨੂੰ ਬੁਲਾ ਕੇ ਕਿਹਾ, "ਡਾਕਟਰ ਨੂੰ ਬੁਲਾਓ" ਦੋ ਤਿੰਨ ਡਾਕਟਰਾਂ ਨੂੰ ਫ਼ੋਨ ਕੀਤਾ ਗਿਆ। ਇਕ ਡਾਕਟਰ ਨੂੰ ਉਨ੍ਹਾਂ ਦਾ ਲੜਕਾ ਆਪ ਲੈਣ ਲਈ ਚਲਾ ਗਿਆ। ਉਸਦੇ ਜਾਣ ਬਾਅਦ ਕੁੱਝ ਮਿੰਟਾਂ ਵਿੱਚ ਹੀ ਪੁੱਛਿਆ, "ਛੋਟੂ ਕਿੱਥੇ ਹੈ ?" ਦੱਸਿਆ ਗਿਆ ਕਿ ਡਾਕਟਰ ਨੂੰ ਲੈਣ ਗਿਆ ਹੈ। ਕਹਿਣ ਲੱਗੇ, "ਹੁਣ ਕੋਈ ਲੋੜ ਨਹੀਂ।" ਇੰਨੀ ਦੇਰ ਵਿਚ ਸਾਰੇ ਡਾਕਟਰ ਆ ਗਏ। ਉਨ੍ਹਾਂ ਦਾ ਆਪਣਾ

Digitized by Panjab Digital Library | www.panjabdigilib.org

ਡਾਕਟਰ ਵੀ ਪੁੱਜ ਗਿਆ। ਕਹਿਣ ਲੱਗਾ "ਪਾਪਾ ਜੀ ਮੈਂ ਆ ਗਿਆ ਹਾਂ।" ਉਸਦਾ ਹੱਥ ਆਪਣੇ ਹੱਥ ਵਿੱਚ ਲੈ ਕੇ ਬੜੇ ਠਰ੍ਹਮੇ ਨਾਲ ਕਿਹਾ, "ਹੁਣ ਕੋਈ ਲੋੜ ਨਹੀਂ, ਮੇਰਾ ਸਮਾਂ ਪੂਰਾ ਹੋ ਗਿਆ ਹੈ" ਕੋਈ ਦੁਨਿਆਵੀ ਗੱਲ ਬੱਚਿਆਂ ਨਾਲ ਨਹੀਂ ਕੀਤੀ। ਭਾਵੁਕਤਾ ਨੂੰ ਨੇੜੇ ਤਕ ਨਹੀਂ ਫਟਕਣ ਦਿੱਤਾ ਤੇ ਨਾ ਹੀ ਕੋਈ ਹਦਾਇਤ ਆਦਿ ਕੀਤੀ। ਪੂਰੇ ਤਿੰਨ ਵਜੇ ਅੰਤਰ ਧਿਆਨ ਹੋ ਕੇ ਪ੍ਰਾਣ ਤਿਆਗ ਦਿੱਤੇ। ਮੌਤ ਦੇ ਆਉਣ ਦਾ ਰੰਚਕ ਮਾਤਰ ਵੀ ਅਸਰ ਉਨ੍ਹਾਂ ਤੇ ਨਹੀਂ ਸੀ।

***

Digitized by Panjab Digital Library | www.panjabdigilib.org

# ਫ਼ਿਰੋਜ਼ ਚੰਦ

ਛੋਟਾ ਜਿਹਾ ਕੱਦ, ਚੁਪੀਤਾ ਜਿਹਾ ਸੁਭਾਅ, ਖੱਦਰ ਦੇ ਕੁਰਤੇ ਤੇ ਧੋਤੀ ਵਿਚ ਮਸਤ, ਕੱਛ ਵਿਚ ਕੋਈ ਕਿਤਾਬ ਜਾਂ ਮੈਗਜ਼ੀਨ ਦਬਾਏ ਜਦੋਂ ਵੀ ਗੰਭੀਰਤਾ ਭਰਪੂਰ ਫ਼ੀਰੋਜ਼ ਚੰਦ ਜੀ ਨੂੰ ਲਾਜਪਤ ਰਾਏ ਭਵਨ, ਲਾਹੌਰ ਵਿਚੋਂ ਨਿਕਲਦਾ ਜਾਂ ਕਿਸੇ ਲਾਇਬਰੇਰੀ ਵਿਚ ਬੈਠਾ ਮੈਂ ਵੇਖਦਾ ਤਾਂ ਮੇਰੇ ਤੇ ਉਨ੍ਹਾਂ ਦੀ ਸ਼ਖ਼ਸੀਅਤ ਦਾ ਇਹੋ ਪ੍ਰਭਾਵ ਪੈਂਦਾ ਕਿ ਇਹ ਕੋਈ ਮਹਾਨ ਆਲਿਮ ਤੇ ਵਿਦਵਾਨ ਹੈ ਜੋ ਗਿਆਨ ਤੇ ਇਲਮੀਅਤ ਨਾਲ ਭਰਿਆ ਪਿਆ ਹੈ। ਖੱਦਰ ਦੇ ਕਪੜਿਆਂ ਤੋਂ ਉਹ ਕਾਂਗਰਸੀ ਲੱਗਦੇ ਤੇ ਇਸ ਗੱਲ ਤੋਂ ਵੀ ਕਿ ਉਹ ਲਾਜਪਤ ਭਵਨ ਵਿਚ ਰਹਿੰਦੇ ਸਨ ਜਿਹੜਾ ਡਾ: ਗੋਪੀ ਚੰਦ ਤੇ ਉਨ੍ਹਾਂ ਦੇ ਸਾਥੀ, ਕਾਂਗਰਸੀਆਂ ਦਾ ਨਿਵਾਸ ਅਸਥਾਨ ਸੀ ਪਰੰਤੂ ਉਹ ਕਦੇ ਸਾਡੀਆਂ ਸਿਆਸੀ ਮੀਟਿੰਗਾਂ ਵਿਚ ਸ਼ਾਮਲ ਨਹੀਂ ਸਨ ਹੋਏ। ਉਹ ਸਦਾ ਲਾਲਾ ਲਾਜਪਤ ਰਾਏ ਜੀ ਵਲੋਂ ਬਣਾਈ ਗਈ 'ਸਰਵੈਂਟਸ ਆਫ਼ ਦੀ ਪੀਪਲ ਸੋਸਾਇਟੀ' ਜਿਸ ਦੇ ਉਹ ਪਹਿਲੇ ਤਿੰਨ ਮੈਂਬਰਾਂ ਵਿਚੋਂ ਸਨ, ਵਿੱਚ ਹੀ ਲੋਕ-ਸੇਵਾ ਦਾ ਕੰਮ ਕਰਦੇ ਸਨ।

ਜੇਲ੍ਹ ਇਕ ਐਸੀ ਥਾਂ ਹੈ ਜਿਥੇ ਲੀਡਰਾਂ ਬਾਰੇ ਬਾਹਰ ਦੇ ਬਣੇ ਹੋਏ ਬਿੰਬ ਕਈ ਵਾਰ ਮਿਟ ਜਾਂਦੇ ਹਨ ਤੇ ਉਨ੍ਹਾਂ ਦੀ ਅਸਲੀ ਤਸਵੀਰ ਸਾਹਮਣੇ ਆ ਜਾਂਦੀ ਹੈ।

ਸਿਆਲਕੋਟ ਜੇਲ੍ਹ ਵਿਚ ਮੈਂ ਸਭ ਤੋਂ ਪਹਿਲਾ ਨਜ਼ਰਬੰਦ ਸੀ। ਸ਼ਾਹਪੁਰ ਜੇਲ੍ਹ ਭਰ ਗਈ ਤੇ ਮੈਨੂੰ ਸਿਆਲਕੋਟ ਜੇਲ੍ਹ ਵਿਚ ਭੇਜਿਆ ਗਿਆ। ਪਿਛੋਂ ਸ਼ਾਹਪੁਰ ਜੇਲ੍ਹ ਟੁੱਟ ਜਾਣ ਕਰਕੇ ਬਹੁਤ ਸਾਰੇ ਨਜ਼ਰਬੰਦ ਸਿਆਲਕੋਟ ਹੀ ਆ ਗਏ ਜਿਨ੍ਹਾਂ ਵਿਚ ਡਾ: ਗੋਪੀ ਚੰਦ ਭਾਰਗੋ, ਭੀਮ ਸੈਨ ਸੱਚਰ, ਲਾਲਾ ਜਗਤ ਨਰਾਇਣ, ਗੁਰਮੁਖ ਸਿੰਘ ਮੁਸਾਫ਼ਿਰ, ਪ੍ਰਤਾਪ ਸਿੰਘ ਕੈਰੋਂ, ਮੌਲਵੀ ਅਬਦੁਲ ਗਨੀ ਦਾਰ

Digitized by Panjab Digital Library | www.panjabdigilib.org

ਤੇ ਸ. ਦਰਸ਼ਨ ਸਿੰਘ ਫੇਰੂਮਾਨ ਦੇ ਨਾਂ ਵਰਣਯੋਗ ਹਨ। ਲਾ: ਫਿਰੋਜ਼ ਚੰਦ ਜੀ ਤੇ ਮੋਹਨਲਾਲ ਜੀ ਵੀ ਉਸੇ ਸਮੇਂ ਓਥੇ ਆਏ।

ਲਾਲਾ ਫਿਰੋਜ਼ ਚੰਦ ਜੀ ਦਾ ਕੰਮ ਪੜ੍ਹਨ ਲਿਖਣ ਤੇ ਸੈਰ ਕਰਨ ਤੋਂ ਇਲਾਵਾ ਹੋਰ ਕੁੱਝ ਨਹੀਂ ਸੀ। ਇਨ੍ਹਾਂ ਦਾ ਮਤਲਬ ਇਨ੍ਹਾਂ ਦੇ ਆਪਣੇ ਕੰਮ ਨਾਲ ਹੀ ਸੀ। ਨਾ ਕਦੇ ਇਨ੍ਹਾਂ ਨੇ ਜੇਲ੍ਹ ਦੀ ਸਿਆਸਤ ਵਿਚ ਹਿੱਸਾ ਲਿਆ ਤੇ ਨਾ ਹੀ ਕਦੇ ਇਧਰ ਦੀ ਉਧਰ ਜਾਂ ਉਧਰ ਦੀ ਇਧਰ ਗਲ ਕੀਤੀ। ਨਾ ਕਦੇ ਇਹ ਸੋਚਿਆ ਜਾਂ ਜ਼ਬਾਨ ਤੇ ਹੀ ਲਿਆਉਂਦਾ ਕਿ ਇਹ ਜੇਲ੍ਹ-ਜੀਵਨ ਕਦੋਂ ਮੁਕੇਗਾ। ਬਸ ਮਸਤ ਹਾਥੀ ਦੀ ਤਰ੍ਹਾਂ ਕੇਵਲ ਆਪਣੇ ਕੰਮ ਨਾਲ ਹੀ ਸਬੰਧ ਰੱਖਦੇ। ਬੜੀ ਸ਼ਾਨ ਨਾਲ ਜੇਲ੍ਹ ਕੱਟਦੇ ਰਹੇ। ਖਾਣਾ ਇਤਨਾ ਕੁ ਹੀ ਖਾਂਦੇ ਸਨ ਜਿੰਨਾਂ ਕੁ ਜੀਣ ਲਈ ਕਾਫ਼ੀ ਹੋਵੇ ਅਤੇ ਕਦੇ ਉਨ੍ਹਾਂ ਨੂੰ ਇਹ ਕਹਿੰਦੇ ਨਹੀਂ ਸੁਣਿਆ ਕਿ ਅਜ ਦਾਲ ਭਾਜੀ ਠੀਕ ਨਹੀਂ ਸੀ ਜਾਂ ਕਿ ਰਸੋਈ ਵਿਚ ਇਸ ਤਰ੍ਹਾਂ ਦਾ ਭੋਜਨ ਬਣਨਾ ਚਾਹੀਦਾ ਹੈ। ਉਨ੍ਹਾਂ ਦੇ ਇਸ ਸੰਤ-ਸੁਭਾਅ ਦਾ ਅਸਰ ਮੇਰੇ ਤੇ ਹੁੰਦਾ ਗਿਆ ਤੇ ਹੌਲੀ-ਹੌਲੀ ਉਨ੍ਹਾਂ ਨੂੰ ਉਨ੍ਹਾਂ ਦੀ ਬੈਰਕ ਵਿਚ ਮਿਲਣ ਜਾਣ ਲੱਗ ਗਿਆ। ਕਦੇ ਸੈਰ ਦੌਰਾਨ ਵੀ ਉਨ੍ਹਾਂ ਨਾਲ ਗੱਲਾਂ ਕਰਦਾ ਰਿਹਾ। ਇਹ ਮਿਲਣੀ ਹੌਲੀ-ਹੌਲੀ ਵਧਦੀ ਗਈ ਤੇ ਫਿਰ ਕਾਫ਼ੀ ਚਿਰ ਬੈਠ ਕੇ ਤਬਾਦਲਾ ਖਿਆਲਾਤ ਹੁੰਦਾ ਰਹਿੰਦਾ। ਇਥੋਂ ਤਕ ਕਿ ਜੇਲ੍ਹ ਤੋਂ ਬਾਹਰ ਆ ਕੇ ਮੈਂ ਉਨ੍ਹਾਂ ਦਾ ਇਕ ਸ਼ਰਧਾਲੂ ਬਣ ਗਿਆ। ਉਨ੍ਹਾਂ ਦੇ ਆਚਰਨ ਦੀ ਛਾਪ ਮੇਰੇ ਦਿਲ ਵਿਚ ਐਸੀ ਬੈਠ ਗਈ ਕਿ ਉਹ ਮੈਨੂੰ ਇਕ ਦੇਵਤਾ-ਸਰੂਪ ਇਨਸਾਨ ਲਗਣ ਲਗ ਪਏ।

ਲਾਲਾ ਫਿਰੋਜ਼ ਚੰਦ ਜੀ ਦਾ ਜਨਮ ਦਸੰਬਰ 1899 ਵਿਚ ਫਿਰੋਜ਼ਪੁਰ ਵਿਖੇ ਹੋਇਆ। ਆਪਦਾ ਨਾਨਕਾ ਪਿੰਡ ਕੈਮਲਪੁਰ ਸੀ। ਆਪਦੇ ਪਿਤਾ ਸ਼੍ਰੀ ਜਵਾਲਾ ਸ਼ਾਹ ਜੀ ਇਕ ਤਕੜੇ ਜ਼ਿਮੀਦਾਰ ਸਨ, ਜੋ ਤਹਿਸੀਲ ਚੱਕਵਾਲ ਜ਼ਿਲਾ ਜੇਹਲਮ ਦੇ ਰਹਿਣ ਵਾਲੇ ਸਨ ਆਪ ਦਾ ਜਨਮ ਫਿਰੋਜ਼ਪੁਰ ਹੋਣ ਕਾਰਨ ਹੀ ਆਪ ਦਾ ਨਾਂ ਫਿਰੋਜ਼ ਚੰਦ ਰੱਖਿਆ ਗਿਆ। ਲਾਲਾ ਫਿਰੋਜ਼ ਚੰਦ ਜੀ ਨੂੰ ਦੁਨਿਆਵੀ ਝੰਜਟ ਕੋਈ ਹੈ ਨਹੀਂ ਸੀ ਕਿਉਂਕਿ ਉਨ੍ਹਾਂ ਨੇ ਸਾਰਾ ਜੀਵਨ ਕੰਵਾਰਾ ਰਹਿ ਕੇ ਕੱਟਿਆ। ਇਸ ਲਈ ਆਪਣੀ ਲਗਨ ਤੇ ਧੁੰਨ ਵਿਚ ਹੀ ਰਹਿੰਦੇ। ਹਾਂ ਮੁਲਕ ਦੀ

Digitized by Panjab Digital Library | www.panjabdigilib.org

ਤਕਸੀਮ ਤੋਂ ਪਿਛੋਂ ਉਹ ਆਪਣੇ ਭਰਾਵਾਂ ਪਾਸ ਰਹਿਣ ਲੱਗ ਪਏ ਜੋ ਉਨ੍ਹਾਂ ਦਾ ਬੜਾ ਸਤਿਕਾਰ ਕਰਦੇ ਸਨ । ਇਸ ਦੌਰਾਨ ਕਦੇ-ਕਦੇ ਕੋਈ ਘਰੇਲੂ ਮਸਲਾ ਵੀ ਉਨ੍ਹਾਂ ਦੇ ਜ਼ਿੰਮੇਂ ਆ ਜਾਵੇ ਤਾਂ ਉਸ ਵਿਚ ਹੱਥ ਵਟਾ ਕੇ ਆਪਣਾ ਪੂਰਾ ਯੋਗਦਾਨ ਦਿੰਦੇ ਸਨ ।

ਲਾਲਾ ਫ਼ਿਰੋਜ਼ ਚੰਦ ਦਾ ਜੀਵਨ ਇਸ ਤਰ੍ਹਾਂ ਦਾ ਕਿਵੇਂ ਢਲਿਆ, ਇਹ ਸਾਰਾ ਮੇਰੀ ਰਾਏ ਵਿਚ ਸ਼ੇਰੇ-ਪੰਜਾਬ ਲਾ: ਲਾਜਪਤ ਰਾਏ ਦੀ ਸੰਗਤ ਕਰਕੇ ਸੀ। ਆਪ ਲਾਲਾ ਜੀ ਦੇ ਅੰਦਰੂਨੀ ਦਾਇਰੇ ਦੇ ਸ਼ਰਧਾਲੂ ਚੇਲਿਆਂ ਵਿਚੋਂ ਸਨ ਤੇ ਬਹੁਤ ਨਜ਼ਦੀਕੀ ਸਬੰਧ ਉਦੋਂ ਸ਼ੁਰੂ ਹੋਇਆ ਜਦੋਂ ਲਾਲਾ ਜੀ ਨੇ 'ਸਰਵੇਂਟਸ ਆਫ਼ ਪੀਪਲ ਸੋਸਾਇਟੀ' ਦੀ ਸਥਾਪਨਾ ਕੀਤੀ ਜਿਸਦੇ ਫ਼ਿਰੋਜ਼ ਚੰਦ ਜੀ ਪਹਿਲੇ ਤਿੰਨ ਮੋਢੀ ਮੈਂਬਰਾਂ ਵਿਚੋਂ ਇਕ ਸਨ ।

ਲਾਲਾ ਲਾਜਪਤ ਰਾਏ ਅਕਸਰ ਦੌਰੇ 'ਤੇ ਰਹਿੰਦੇ ਸਨ । ਲਾਹੌਰ ਘੱਟ ਹੀ ਠਹਿਰਦੇ ਸਨ । ਪਰੰਤੂ ਜਦੋਂ ਉਨ੍ਹਾਂ ਨੇ ਕਿਸੇ ਜ਼ਰੂਰੀ ਕੰਮ ਨੂੰ ਸਿਰੇ ਚੜ੍ਹਾਨ ਲਈ ਜਾਂ ਲੈਜਿਸਲੇਟਿਵ ਅਸੈਂਬਲੀ ਦੇ ਸੈਸ਼ਨ ਵਿਚ ਸ਼ਾਮਿਲ ਹੋਣ ਲਈ ਲਹੌਰੋਂ ਬਾਹਰ ਜਾਣਾ ਹੋਵੇ ਤਾਂ ਕਈ ਵਾਰੀ ਫ਼ਿਰੋਜ਼ਚੰਦ ਜੀ ਨੂੰ ਨਾਲ ਲੈ ਜਾਂਦੇ ਸਨ । ਸਭ ਤੋਂ ਪਹਿਲਾ ਅਵਸਰ ਲਾਲਾ ਜੀ ਨਾਲ ਰਹਿਣ ਦਾ ਫ਼ੀਰੋਜ਼ ਚੰਦ ਜੀ ਨੂੰ ਉਦੋਂ ਮਿਲਿਆ ਜਦੋਂ ਜੇਲ੍ਹ ਦੀ ਰਿਹਾਈ ਤੋਂ ਬਾਅਦ ਡਾਕਟਰਾਂ ਨੇ ਲਾਲਾ ਜੀ ਨੂੰ ਕਿਸੇ ਸਮੁੰਦਰ ਦੇ ਕਿਨਾਰੇ ਕੁਝ ਚਿਰ ਰਹਿਣ ਦੀ ਹਦਾਇਤ ਕੀਤੀ । ਉਸ ਵੇਲੇ ਆਪ ਉਨ੍ਹਾਂ ਨਾਲ ਕਰਾਚੀ ਰਹੇ । ਇਹ ਦਸੰਬਰ, 1923 ਦੀ ਗੱਲ ਹੈ । ਕਰਾਚੀ ਤੋਂ ਪਿਛੋਂ 1924 ਦੇ ਪਹਿਲੇ ਕੁਝ ਮਹੀਨੇ ਮੁਲਕ ਦੇ ਵੱਖ-ਵੱਖ ਹਿੱਸਿਆਂ ਦੇ ਦੌਰੇ ਵਿਚ ਉਨ੍ਹਾਂ ਦਾ ਸਾਥ ਦਿੱਤਾ । 1925 ਤੋਂ ਪਿਛੋਂ ਐਸਾ ਮੌਕਾ ਉਨ੍ਹਾਂ ਨੂੰ ਘੱਟ ਮਿਲਦਾ ਰਿਹਾ ਕਿਉਂਕਿ ਲਾਲਾ ਜੀ ਨੇ ਜਿਹੜਾ ਅੰਗਰੇਜ਼ੀ ਦਾ ਹਫ਼ਤਾਵਾਰੀ ਪਰਚਾ 'ਪੀਪਲ' ਜਾਰੀ ਕੀਤਾ ਉਸ ਨੂੰ ਚਲਾਉਣ ਦੀ ਜ਼ਿੰਮੇਵਾਰੀ ਫ਼ਿਰੋਜ਼ਚੰਦ ਜੀ ਦੇ ਸਿਰ ਤੇ ਸੀ ਇਸ ਕਰਕੇ ਉਨ੍ਹਾਂ ਦਾ ਲਾਹੌਰ ਤੋਂ ਬਾਹਰ ਜਾਣਾ ਮੁਸ਼ਕਿਲ ਹੋ ਜਾਂਦਾ ਸੀ । ਇਸ ਤਰ੍ਹਾਂ ਬਲਗਾਮ ਕਾਂਗਰਸ ਸੈਸ਼ਨ ਤੇ ਵੀ ਫ਼ਿਰੋਜ਼ ਚੰਦ ਜੀ ਲਾਲਾ ਜੀ ਦੇ ਨਾਲ ਸਨ ਜਦੋਂ ਕੋਈ ਲਾਲਾ ਜੀ ਵਲੋਂ ਲਿਖੀ ਹੋਈ ਕਿਤਾਬ ਨੂੰ ਆਖਰੀ ਛੂਹ ਦੇਣੀ

Digitized by Panjab Digital Library | www.panjabdigilib.org

ਹੋਵੇ ਤੇ ਪ੍ਰੈਸ ਵਿਚ ਭੇਜਣ ਤੋਂ ਪਹਿਲਾਂ ਖਰੜੇ ਦਾ ਅੰਤਮ ਰੂਪ ਤਿਆਰ ਕਰਨਾ ਹੋਵੇ ਤਾਂ ਵੀ ਲਾਲਾ ਜੀ ਆਪ ਨੂੰ ਕਿਸੇ ਇਕਾਂਤ ਵਿਚ ਬਹਿਕੇ ਇਸ ਕੰਮ ਨੂੰ ਮੁਕੰਮਲ ਕਰਨ ਲਈ ਆਪਣੇ ਨਾਲ ਲੈ ਜਾਂਦੇ ਸਨ। ਜਦੋਂ ਲਾਲਾ ਜੀ ਨੇ "ਅਨ-ਹੈਪੀ ਇੰਡੀਆ" (Un-happy India) ਨਾਂ ਦੀ ਪੁਸਤਕ ਨੂੰ ਅੰਤਿਮ ਰੂਪ ਦੇਣਾ ਸੀ ਤਾਂ ਆਪ ਫ਼ਿਰੋਜ਼ ਚੰਦ ਜੀ ਨੂੰ ਆਪਣੇ ਨਾਲ ਕਲਕੱਤੇ ਲੈ ਗਏ ਤੇ ਉਥੇ ਬੈਠ ਕੇ ਇਹ ਕੰਮ ਮੁਕੰਮਲ ਕੀਤਾ।

ਹਫ਼ਤਾਵਾਰੀ 'ਪੀਪਲ' ਦੀ ਸੰਪਾਦਕੀ ਦੀ ਜ਼ਿੰਮੇਵਾਰੀ ਫ਼ਿਰੋਜ਼ਚੰਦ ਜੀ ਦੇ ਮੋਢਿਆਂ 'ਤੇ ਹੋਣ ਦੇ ਕਾਰਨ, ਭਾਵੇਂ ਆਪ ਲਾਹੌਰ ਤੋਂ ਬਾਹਰ ਬਹੁਤ ਦੇਰ ਲਈ ਨਹੀਂ ਸਨ ਜਾ ਸਕਦੇ ਪਰ ਲਾਲਾ ਜੀ ਨਾਲ ਆਪਦਾ ਮੇਲ ਸਬੰਧ ਜਿੱਥੇ ਵੀ ਉਹ ਹੋਵਣ ਜਾਰੀ ਰਹਿੰਦਾ ਤੇ ਪਰਚੇ ਵਿਚ ਛਾਪਣ ਲਈ ਮੈਟਰ ਸਬੰਧੀ ਚਿੱਠੀ ਪੱਤਰ ਵੀ ਲਗਾਤਾਰ ਚਲਦਾ ਰਹਿੰਦਾ। ਇਸ ਸਬੰਧ ਦੇ ਕਾਰਨ ਲਾਲਾ ਜੀ ਦੀ ਸ਼ਖ਼ਸੀਅਤ ਦਾ ਅਸਰ ਫ਼ਿਰੋਜ਼ ਚੰਦ ਜੀ ਤੇ ਪਿਆ ਤੇ ਆਪ ਇਕ ਨਮੂਨੇ ਦੇ ਲੋਕ-ਸੇਵਕ ਤੇ ਚੋਟੀ ਦੇ ਇਨਸਾਨ ਹੋ ਕੇ ਨਿਤਰੇ।

ਮੈਟ੍ਰਿਕ ਤੱਕ ਵਿਦਿਆ ਫ਼ਿਰੋਜ਼ਚੰਦ ਜੀ ਨੇ ਚੱਕਵਾਲ ਤੇ ਤਲ੍ਹਾਗੰਗ ਦੇ ਸਕੂਲਾਂ ਵਿਚ ਹਾਸਲ ਕੀਤੀ ਤੇ ਫਿਰ ਆਪ ਦੇ ਅਧਿਆਪਕਾਂ ਦੇ ਜ਼ੋਰ ਦੇਣ ਤੇ ਕਿ ਇਹ ਮੁੰਡਾ ਬੜਾ ਹੀ ਹੋਣਹਾਰ ਤੇ ਸੂਝਵਾਨ ਹੈ, ਇਸ ਲਈ ਇਸ ਨੂੰ ਕਾਲਜ ਦੀ ਤਾਲੀਮ ਜ਼ਰੂਰ ਦਿੱਤੀ ਜਾਵੇ। ਆਪ ਨੂੰ ਲਾਹੌਰ ਕਾਲਜ ਵਿਚ ਦਾਖ਼ਲ ਕਰਵਾਇਆ ਗਿਆ। ਬੀ. ਏ. ਦਾ ਇਮਤਿਹਾਨ ਆਪ ਨੇ ਡੀ. ਏ. ਵੀ. ਕਾਲਜ ਲਾਹੌਰ ਤੋਂ ਪਾਸ ਕੀਤਾ। ਗੌਰਮਿੰਟ ਕਾਲਜ, ਲਾਹੌਰ ਵਿਚ ਐਮ. ਏ. ਦਾ ਦਾਖ਼ਲਾ ਲਿਆ ਪਰ ਕੁਦਰਤ ਨੂੰ ਕੁਝ ਹੋਰ ਮਨਜ਼ੂਰ ਸੀ। ਲਾਹੌਰ ਉਨ੍ਹਾਂ ਦਿਨਾਂ ਵਿਚ ਆਜ਼ਾਦੀ ਦੀ ਲੜਾਈ ਲਈ, ਪੰਜਾਬ ਦੇ ਹੋਰ ਸ਼ਹਿਰਾਂ ਤੋਂ ਅੱਗੇ ਸੀ ਤੇ ਕਾਲਜਾਂ ਦੇ ਵਿਦਿਆਰਥੀਆਂ ਵਿਚ ਇਹ ਸਰਗਰਮੀਆਂ ਜ਼ੋਰਾਂ 'ਤੇ ਸਨ। ਰੋਜ਼ ਜਲਸੇ ਜਲੂਸ ਤੇ ਲੀਡਰਾਂ ਦੀਆਂ ਤਕਰੀਰਾਂ ਨੇ ਪੰਜਾਬੀਆਂ ਵਿਚ ਮੁਲਕ ਆਜ਼ਾਦ ਕਰਾਉਣ ਲਈ ਇਕ ਐਸਾ ਜਜ਼ਬਾ ਭਰ ਦਿਤਾ ਸੀ ਕਿ ਹਰ ਕੋਈ ਕੁਰਬਾਨੀ ਲਈ ਤਿਆਰ ਸੀ। ਜਦੋਂ ਕਾਂਗਰਸ ਨੇ ਅੰਗਰੇਜ਼ੀ ਵਿਦਿਆ ਪ੍ਰਣਾਲੀ" ਦੇ ਬਾਈਕਾਟ ਕਰਨ ਦੀ ਆਵਾਜ਼ ਦਿੱਤੀ ਤਾਂ ਆਪ ਨੇ ਕਾਲਜ ਛੱਡ

Digitized by Panjab Digital Library | www.panjabdigilib.org

ਦਿੱਤਾ ਤੇ ਲਾਹੌਰ ਵਿਚ ਸਥਾਪਤ ਹੋਏ ਨਵੇਂ ਨੈਸ਼ਨਲ ਕਾਲਜ ਵਿਚ ਪ੍ਰਾਅਧਿਆਪ ਕਦੀ ਡਿਊਟੀ ਤੇ ਲਗ ਗਏ। ਬਹੁਤ ਸਾਰੇ ਵਿਦਿਆਰਥੀ ਦੂਸਰੇ ਕਾਲਜ ਛੱਡ ਕੇ ਇਸ ਕਾਲਜ ਵਿਚ ਦਾਖਲ ਹੋ ਗਏ ਤੇ ਇਥੋਂ ਬੀ. ਏ. ਪਾਸ ਕੀਤੀ। ਸ: ਗੋਪਾਲ ਸਿੰਘ ਬੀ. ਏ. ਕੌਮੀ ਤੇ ਕਾਮਰੇਡ ਰਾਮ ਚੰਦਰ ਬੀ. ਏ. ਕੌਮੀ ਇਸੇ ਸਕੂਲ ਦੀ ਪੈਦਾਵਾਰ ਸਨ।

ਅਸਲ ਵਿਚ ਇਸ ਕਾਲਜ ਵਿਚ ਆਉਣ ਸਾਰ ਹੀ ਆਪ ਆਜ਼ਾਦੀ ਦੀ ਲੜਾਈ ਵਿਚ ਉਤਰੇ। ਆਪ 'ਤੇ ਲਾਜਪਤ ਰਾਏ, ਤਿਲਕ ਤੇ ਗੋਖਲੇ ਜੈਸੇ ਮਹਾਨ ਲੀਡਰਾਂ ਦਾ ਪ੍ਰਭਾਵ ਪਿਆ। ਵਧੇਰੇ ਪ੍ਰਭਾਵ ਜਿਸ ਨੇ ਭਵਿੱਖ ਵਿਚ ਆਪਦੀ ਸ਼ਖਸੀਅਤ ਦੀਆਂ ਲਕੀਰਾਂ ਖਿੱਚੀਆਂ, ਲਾਲਾ ਲਾਜਪਤ ਰਾਏ ਨਾਲ ਇਨ੍ਹਾਂ ਦਾ ਸਬੰਧ ਸੀ। ਜਿਹੜਾ ਅਸਲੀ ਅਰਥਾਂ ਵਿਚ ਉਦੋਂ ਸ਼ੁਰੂ ਹੋਇਆ ਜਦੋਂ ਆਪ ਸਰਵੈਂਟਸ ਆਫ਼ ਦੀ ਪੀਪਲ ਸੋਸਾਇਟੀ ਦੇ ਮੋਢੀ ਮੈਂਬਰ ਬਣੇ। ਦੂਸਰੇ ਦੋ ਮੋਢੀ ਮੈਂਬਰ ਲਾ: ਅਚਿੰਤ ਰਾਮ ਤੇ ਸ੍ਰੀ ਪੀ. ਐਲ. ਸੋਂਧੀ ਸਨ। ਆਪ ਲਾਲਾ ਜੀ ਦੇ ਪਰਚੇ 'ਪੀਪਲ' ਦੀ ਸੰਪਾਦਕੀ ਹੀ ਨਹੀਂ ਕਰਦੇ ਰਹੇ ਬਲਕਿ ਇਕ ਤਰ੍ਹਾਂ ਨਾਲ ਉਨ੍ਹਾਂ ਦੇ ਸਕੱਤਰ ਦੇ ਤੌਰ ਸੇਵਾ ਵੀ ਸੰਭਾਲੀ ਰੱਖੀ। ਇਸੇ ਸਬੰਧ ਸਦਕਾ ਹੀ ਆਪ ਨੇ ਲਾਲਾ ਲਾਜਪਤ ਰਾਏ ਦੀ 600 ਸਫ਼ੇ ਦੀ ਜੀਵਨੀ ਲਿਖੀ ਜਿਹੜੀ ਭਾਰਤ-ਸਰਕਾਰ ਨੇ ਛਾਪੀ।

ਲਾਲਾ ਲਾਜਪਤ ਰਾਏ ਦੀ ਸ਼ਖਸੀਅਤ ਜਾਂ ਵਿਅਕਤੀਤਵ ਬਾਰੇ ਫ਼ਿਰੋਜ਼ ਚੰਦ ਜੀ ਆਪ ਲਿਖਦੇ ਹਨ :—

"ਭਾਰਤ ਦੇ ਮਸਲਿਆਂ ਵੱਲ ਲਾਲਾ ਜੀ ਦੀ ਰੁਚੀ ਤੇ ਪ੍ਰਵੇਸ਼ ਨੂੰ ਮੈਂ ਤ੍ਰਿਵੇਣੀ ਸੰਗਮ ਨਾਲ ਮਸ਼ਾਹਬਤ ਅਥਵਾ ਸਮਾਨਤਾ ਦੇਂਦਾ ਹਾਂ। ਸੰਗਮ ਵਿਚ ਵੱਡੀ ਨਦੀ ਤਾਂ ਗੰਗਾ ਹੈ ਜਿਹੜੀ ਆਜ਼ਾਦੀ ਦੀ ਬਖਸ਼ਣਹਾਰ ਹੈ। ਆਰਥਕ ਤੇ ਸਮਾਜਕ ਇਨਸਾਫ਼ ਲਈ ਜਮਨਾ ਤੇ ਸਰਸਵਤੀ ਵੀ ਜਿਹੜੀ ਭਾਵੇਂ ਨਜ਼ਰ ਨਹੀਂ ਆਉਂਦੀ, ਜ਼ਮੀਨ ਨਾਲ ਜਾਂ ਉਹਦੇ ਹੇਠ ਇਕ ਖਾਸ ਸ਼ਕਤੀ ਦੇ ਤੌਰ ਤੇ ਕੰਮ ਕਰਦੀ ਹੈ, ਅੱਖੋਂ ਪਰੋਖੇ ਨਹੀਂ ਕੀਤੀ ਜਾ ਸਕਦੀ। ਲਾਜਪਤ ਰਾਏ ਦੇ ਜੀਵਨ ਵਿਚ ਆਰੀਆ ਸਮਾਜ ਦੀ ਮੁੱਢਲੀ ਅਵਸਥਾ, ਪਵਿੱਤਰ ਸਰਸਵਤੀ ਵਾਂਗ ਹੈ ਤੇ ਫਿਰ **ਸੁਤੰਤਰਤਾ ਦੀ** ਆਸ ਬਨ੍ਹਾਉਣ ਵਾਲਾ ਗੰਗਾ ਦਾ ਪਾਣੀ

Digitized by Panjab Digital Library | www.panjabdigilib.org

ਪਹੁੰਚਦਾ ਹੈ। ਲਾਲਾ ਜੀ ਦੀ ਕਹਾਣੀ ਦਾ ਮੁਤਾਲਿਆ ਉਨ੍ਹਾਂ ਦੀ ਜ਼ਿੰਦਗੀ ਵਿਚ ਵਹਿ ਰਹੀਆਂ ਇਨ੍ਹਾਂ ਤਿੰਨਾਂ ਪਵਿੱਤਰ ਨਦੀਆਂ ਰਾਹੀਂ ਕੀਤਾ ਜਾ ਸਕਦਾ ਹੈ, ਜਿਹੜੀ ਪਿੱਛੋਂ ਸੰਗਮ ਦੀ ਸ਼ਕਲ ਇਖ਼ਤਿਆਰ ਕਰਦੀਆਂ ਹਨ।''

ਭਾਰਤ ਦੀ ਆਜ਼ਾਦੀ ਦੀ ਜਦੋ ਜਹਿਦ ਦੀ ਕਾਮਯਾਬੀ ਭਾਵੇਂ ਲਾਲਾ ਜੀ ਦੀ ਜ਼ਿੰਦਗੀ ਵਿਚ ਨਹੀਂ ਹੋਈ ਪਰ ਲਾਲਾ ਜੀ ਦੇ ਆਪਣੇ ਕਿਰਦਾਰ ਆਚਰਨ ਤੇ ਚਾਰ ਚੰਨ ਲਗ ਗਏ ਸਨ। ਉਨ੍ਹਾਂ ਨੇ ਆਪਣੀਆਂ ਇਛਾਵਾਂ ਦਾ ਤਿਆਗ ਕੀਤਾ ਤੇ ਹੋਰ ਸਭ ਸੰਸਾਰਕ ਰੀਝਾਂ ਤੇ ਖਾਹਸ਼ਾਂ ਨੂੰ ਤਲਾਂਜਲੀ ਦੇ ਕੇ ਆਪਣੇ ਉਦੇਸ਼ ਲਈ ਆਪਣੇਆਪ ਨੂੰ ਸਮਰਪਨ ਕਰ ਦਿੱਤਾ। ਲੜਾਈ ਦੇ ਮੈਦਾਨ ਵਿਚ ਸਭ ਤੋਂ ਅੱਗੇ ਹੋ ਕੇ ਅਪਣਾ ਫਰਜ਼ ਨਿਭਾਇਆ ਤੇ ਉਨ੍ਹਾਂ ਦੇ ਅੰਤ ਨੇ ਉਨ੍ਹਾਂ ਨੂੰ ਉਹ ਤਾਜ ਬਖ਼ਸ਼ ਦਿੱਤਾ ਜਿਸਦੀ ਉਨ੍ਹਾਂ ਨੂੰ ਤੀਬਰ ਇੱਛਾ ਸੀ।

ਜਦੋਂ ਕਾਂਗਰਸ ਨੇ ਨਾ-ਮਿਲਵਤਨ ਦੀ ਲਹਿਰ ਦਾ ਆਗਾਜ਼ ਕੀਤਾ ਤਾਂ ਇਸ ਮੰਤਵ ਲਈ ਲਾਲਾ ਲਾਜਪਤ ਰਾਏ ਨੂੰ, ਪੰਜਾਬ ਨੂੰ, ਜਥੇਬੰਦ ਕਰਨਾ ਪਿਆ। ਨਾਗਪੁਰ ਕਾਂਗਰਸ ਸੈਸ਼ਨ ਤੋਂ ਵਾਪਸ ਲਾਹੌਰ ਪੁੱਜਦੇ ਸਾਰ ਹੀ ਪਹਿਲਾ ਕੰਮ ਲਾਲਾ ਜੀ ਨੇ ਵਿਦਿਆਰਥੀਆਂ ਨੂੰ ਜਥੇਬੰਦ ਕਰਨ ਦਾ ਸੋਚਿਆ। ਇਸ ਕੰਮ ਲਈ ਉਨ੍ਹਾਂ ਨੇ ਫ਼ਿਰੋਜ਼ ਚੰਦ ਜੀ ਨੂੰ ਚੁਣਿਆ ਜੋ ਉਸ ਵੇਲੇ ਇਕ ਵਿਦਿਆਰਥੀ ਸਨ। ਵਿਦਿਆਰਥੀਆਂ ਦੀ ਕਾਨਫਰੰਸ ਕਰਨ ਲਈ ਇਕ ਸੁਆਗਤੀ ਕਮੇਟੀ ਬਣਾਈ ਗਈ ਜਿਸ ਦਾ ਸਕੱਤਰ ਫ਼ਿਰੋਜ਼ ਚੰਦ ਜੀ ਨੂੰ ਥਾਪਿਆ ਗਿਆ। ਕਾਨਫਰੰਸ ਦੀ ਪ੍ਰਧਾਨਗੀ ਲਈ ਡਾਕਟਰ ਸੈਫੂਦੀਨ ਕਿਚਲੂ ਦੇ ਨਾਂ ਦਾ ਫੈਸਲਾ ਕੀਤਾ ਗਿਆ। ਕਾਨਫਰੰਸ ਗੁਜਰਾਂਵਾਲੇ ਕੀਤੀ ਗਈ ਤੇ ਖ਼ੁਦ ਲਾਲਾ ਜੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਉਸ ਕਾਨਫਰੰਸ ਵਿਚ ਫ਼ਿਰੋਜ਼ ਚੰਦ ਨੇ ਬੜੀ ਮਿਹਨਤ ਨਾਲ ਕੰਮ ਕੀਤਾ। ਭਾਵੇਂ ਕਾਲਜ ਤਾਂ ਬੰਦ ਨਾ ਹੋਏ ਪਰ ਬਹੁਤ ਵਿਦਿਆਰਥੀ ਐਸੇ ਮਿਲ ਗਏ ਜਿਹੜੇ ਖੱਦਰ ਦੇ ਕਪੜੇ ਪਾ ਕੇ ਨਾ-ਮਿਲਵਰਤਣ ਲਹਿਰ ਦਾ ਪ੍ਰਚਾਰ ਕਰਨ ਲਈ ਹਰ ਪਾਸੇ ਪਿੰਡਾਂ ਵਿਚ ਨਿਕਲ ਗਏ।

ਇਸੇ ਦੌਰਾਨ ਪੰਜਾਬ ਦੇ ਕੁਲ ਹਾਲਾਤ ਤੋਂ ਮਹਾਤਮਾ ਗਾਂਧੀ ਜੀ ਨੂੰ ਜਾਣੂ ਕਰਾਉਣਾ ਸੀ ਪਰ ਉਨ੍ਹਾਂ ਦਿਨਾਂ ਵਿਚ ਹਰ ਤਰ੍ਹਾਂ ਦੇ ਚਿੱਠੀ ਪੱਤਰ

Digitized by Panjab Digital Library | www.panjabdigilib.org

'ਤੇ ਕਰੜਾ ਸੈਂਸਰ ਸੀ। ਨਾਲ ਹੀ ਲਾਲਾ ਲਾਜਪਤ ਰਾਏ ਜੀ ਦੀ ਗ੍ਰਿਫਤਾਰੀ ਦਾ ਵੀ ਖਤਰਾ ਸੀ। ਇਸ ਲਈ ਫ਼ਿਰੋਜ਼ ਚੰਦ ਜੀ ਨੂੰ ਜਿਹੜੇ ਸ਼ੇਰੇ ਪੰਜਾਬ ਦਾ ਵਿਸ਼ਵਾਸ਼ ਪਾਤਰ ਸਨ, ਸਾਬਰਮਤੀ ਆਸ਼ਰਮ ਵਿਚ ਬਾਪੂ ਨੂੰ ਮਿਲਣ ਲਈ ਭੇਜਿਆ ਗਿਆ। ਸਾਬਰਮਤੀ ਪਹੁੰਚੇ ਤਾਂ ਪਤਾ ਲੱਗਾ ਕਿ ਥੋੜਾ ਚਿਰ ਹੀ ਪਹਿਲਾਂ ਬਾਪੂ ਬਾਰਦੋਲੀ ਉਥੋਂ ਦੀ ਸਿਵਲ ਨਾਫ਼ਰਮਾਨੀ ਦੀ ਮੁਹਿੰਮ ਦੀਆਂ ਤਿਆਰੀਆਂ ਦੀ ਜਾਂਚ ਘੋਖ ਕਰਨ ਲਈ ਸੂਰਤ ਰਵਾਨਾ ਹੋ ਗਏ ਹਨ। ਲਾਲਾ ਫ਼ਿਰੋਜ਼ ਚੰਦ ਆਪ ਲਿਖਦੇ ਹਨ ਕਿ ਮਾਤਾ ਕਸਤੂਰਬਾ ਦੀ ਮਹਿਮਾਨ ਨਿਵਾਜ਼ੀ ਵਜੋਂ ਜ਼ਿੰਦਗੀ ਵਿਚ ਪਹਿਲੀ ਵਾਰੀ ਉਨ੍ਹਾਂ ਨੇ ਭਾਖੜੀ ਅਥਵਾ ਕਣਕ ਦਾ ਗੁਜਰਾਤੀ ਕੇਕ ਇਕ ਖ਼ਾਸ ਤਰ੍ਹਾਂ ਦੀ ਚਟਣੀ ਨਾਲ ਖਾਧਾ ਜਿਸਦਾ ਉਨ੍ਹਾਂ ਨੂੰ ਬਹੁਤ ਸੁਆਦ ਆਇਆ। ਉਪਰੰਤ ਆਪ ਬਾਪੂ ਦੇ ਪਿੱਛੇ ਪਿੱਛੇ ਸੂਰਤ ਰਵਾਨਾ ਹੋ ਗਏ। ਸੂਰਤ ਪੁੱਜ ਕੇ ਉਹ ਮਹਾਤਮਾ ਜੀ ਨੂੰ ਮਿਲੇ ਤੇ ਲਾਲਾ ਜੀ ਦਾ ਸੁਨੇਹਾ ਦਿੱਤਾ। ਬਾਪੂ ਨੇ ਉਨ੍ਹਾਂ ਨੂੰ ਬੜੇ ਸ਼ੌਕ ਨਾਲ ਸੁਣਿਆ ਤੇ ਫਿਰ ਆਪਣੀ ਰਾਏ ਤੇ ਹਦਾਇਤ ਦਿੱਤੀ। ਹਦਾਇਤਾਂ ਦੇਣ ਤੋਂ ਬਾਅਦ ਬਾਪੂ ਨੇ ਫ਼ਿਰੋਜ਼ ਚੰਦ ਜੀ ਨੂੰ ਪੁਛਿਆ ਕਿ ਕੀ ਉਨ੍ਹਾਂ ਨੇ ਸਾਰੀ ਗੱਲ ਸਮਝ ਲਈ ਹੈ ਤੇ ਉਨ੍ਹਾਂ ਦਾ ਸੁਨੇਹਾ ਠੀਕ ਠਾਕ ਪਹੁੰਚ ਜਾਏਗਾ ? ਭਾਵੇਂ ਫ਼ਿਰੋਜ਼ ਚੰਦ ਜੀ ਨੇ ਹਾਂ ਵਿਚ ਜਵਾਬ ਦਿੱਤਾ ਪਰ ਬਾਪੂ ਚੂੰ ਕਿ ਵਿਧੀ ਅਨੁਸਾਰ ਚਲਣ ਦੇ ਆਦੀ ਸਨ, ਉਨ੍ਹਾਂ ਨੇ ਫ਼ਿਰੋਜ਼ ਚੰਦ ਜੀ ਨੂੰ ਕਿਹਾ ਕਿ ਮੇਰਾ ਸੁਨੇਹਾ ਮੈਨੂੰ ਲਿਖ ਕੇ ਵਿਖਾਉ, ਫ਼ਿਰੋਜ਼ ਚੰਦ ਨੇ ਆਪਣੇ ਲਫ਼ਜ਼ਾਂ ਵਿਚ ਲਿਖ ਕੇ ਵਿਖਾਇਆ। ਬਾਪੂ ਨੇ ਉਸ ਖਰੜੇ ਨੂੰ ਪਾਸ ਕੀਤਾ ਤੇ ਦੇਵਦਾਸ ਨੂੰ ਕਿਹਾ ਕਿ ਆਪਣੇ ਕੋਲ ਉਸ ਦੀ ਨਕਲ ਲਿਖ ਕੇ ਰੱਖ ਲਵੇ। ਫ਼ਿਰੋਜ਼ ਚੰਦ ਜੀ ਲਿਖਦੇ ਹਨ ਕਿ ਬਾਪੂ ਨੇ ਉਨ੍ਹਾਂ ਦੀ ਲਿਖਤ ਨਾਲ ਇਹ ਸ਼ਬਦ ਹੋਰ ਲਿਖੇ ਕਿ 'ਲਾਲਾ ਜੀ ਨਾ ਤਾਂ ਗ੍ਰਿਫਤਾਰੀ ਦੇਣ ਦੀ ਕੋਸ਼ਿਸ਼ ਕਰਨ ਤੇ ਨਾ ਹੀ ਟਾਲਣ ਦੀ।'

. . .

ਬਾਪੂ ਨੇ ਫ਼ਿਰੋਜ਼ ਚੰਦ ਨੂੰ ਬਾਰਦੋਲੀ ਨਾਲ ਚਲਣ ਦੀ ਦਾਅਵਤ ਦਿੱਤੀ ਤਾਂ ਜੋ ਉਹ ਆਪਣੀਆਂ ਅੱਖਾਂ ਨਾਲ ਵੇਖ ਸਕਣ ਕਿ ਸਿਵਲ ਨਾਫੁਰਮਾਨੀ ਲਈ ਕਿਸ ਤਰ੍ਹਾਂ ਦੀਆਂ ਤਿਆਰੀਆਂ ਹੋ ਰਹੀਆਂ ਸਨ। ਪਰ ਫ਼ਿਰੋਜ਼ ਚੰਦ ਉਹ ਦਾਵਅਤ ਕਬੂਲ ਨਾ ਕਰ ਸਕੇ ਕਿਉਂਕਿ ਉਨ੍ਹਾਂ ਨੂੰ ਲਾਲਾ ਲਾਜਪਤਰਾਏ ਦੀ ਗ੍ਰਿਫ਼ਤਾਰੀ ਦਾ ਖਤਰਾ ਸੀ ਤੇ ਉਸ ਤੋਂ ਪਹਿਲਾਂ-ਪਹਿਲਾਂ ਉਹ ਉਨ੍ਹਾਂ ਕੋਲ

Digitized by Panjab Digital Library | www.panjabdigilib.org

ਪਹੁੰਚਣਾ ਚਾਹੁੰਦੇ ਸਨ । ਲਾਲਾ ਜੀ ਨੂੰ ਕੋਡਿਡ ਅਥਵਾ ਗੁਪਤ ਅਰਥਾਂ ਵਾਲੇ ਸ਼ਬਦਾਂ ਵਿਚ ਤਾਰ ਭੇਜਣ ਦਾ ਜੋ ਫੈਸਲਾ ਹੋਇਆ ਸੀ, ਉਸ ਅਨੁਸਾਰ ਫ਼ਿਰੋਜ਼ ਚੰਦ ਜੀ ਨੇ ਸੂਰਤ ਦੇ ਤਾਰ ਘਰ ਤੋਂ ਤਾਰ ਦਿੱਤੀ ਤੇ ਵਾਪਸੀ ਸਫ਼ਰ ਲਈ ਰਵਾਨਾ ਹੋ ਪਏ । ਜਦੋਂ ਫ਼ਿਰੋਜ਼ ਚੰਦ ਜੀ ਦਿੱਲੀ ਸਟੇਸ਼ਨ 'ਤੇ ਉਤਰੇ ਜਿਥੋਂ ਉਨ੍ਹਾਂਨੇ ਦੂਜੀ ਗੱਡੀ ਪਕੜਨੀ ਸੀ ਤਾਂ ਉਨ੍ਹਾਂ ਅਖਬਾਰਾਂ ਦੇ ਹਾਕਰਾਂ ਤੋਂ ਸੁਣਿਆਂ ਕਿ ਲਾਲਾ ਲਾਜਪਤ ਰਾਏ ਗ੍ਰਿਫ਼ਤਾਰ ਹੋ ਗਏ ਹਨ ।

ਲਾਲਾ ਫ਼ਿਰੋਜ਼ ਚੰਦ ਜੀ ਦਾ ਸੰਬੰਧ ਲਾ: ਲਾਜਪਤਰਾਏ ਨਾਲ ਅਖੀਰ ਦਮ ਤਕ ਰਿਹਾ ਤੇ ਆਪ ਉਨ੍ਹਾਂ ਦੇ ਅੰਤਮ ਸਮੇਂ ਵੀ ਉਥੇ ਮੌਜੂਦ ਸਨ । ਆਪ ਨੇ ਸਾਰੀ ਜ਼ਿੰਦਗੀ ਰਚਨਾਤਮਕ ਕੰਮ ਵਲ ਲਾਈ ਤੇ ਕਦੇ ਵੀ ਨਾ ਆਜ਼ਾਦੀ ਤੋਂ ਪਹਿਲਾਂ ਤੇ ਨਾ ਉਸ ਤੋਂ ਪਿਛੋਂ ਕਿਸੇ ਰਾਜਨੀਤਕ ਜਾਂ ਲੈਜਸਲੇਟਿਵ ਪਦਵੀ ਲਈ ਕਦੇ ਕੋਈ ਇੱਛਾ ਜ਼ਾਹਿਰ ਕੀਤੀ । ਆਪ ਦਾ ਰੁਝਾਨ ਇਸ ਪਾਸੇ ਹੈ ਹੀ ਨਹੀਂ ਸੀ । ਆਪ ਨੇ ਸਰਵੈਂਟਸ ਆਫ਼ ਦੀ ਪੀਪਲ ਸੋਸਾਇਟੀ ਵਿਚ ਉਮਰ ਭਰ ਕੰਮ ਕੀਤਾ । ਸੋਸਾਇਟੀ ਦੇ ਵਾਈਸ ਪ੍ਰੈਜੀਡੈਂਟ ਰਹੇ । ਸੋਸਾਇਟੀ ਵਿਚ ਆਪ ਨੂੰ ਸ਼੍ਰੀ ਲਾਲ ਬਹਾਦਰ ਸ਼ਾਸ਼ਤਰੀ, ਸ੍ਰੀ ਅਲਗੂ ਰਾਏ ਸ਼ਾਸ਼ਤਰੀ, ਸ਼੍ਰੀ ਪ੍ਰਸ਼ੋਤਮ ਦਾਸ ਟੰਡਨ, ਸ਼੍ਰੀ ਮੋਹਨ ਲਾਲ ਗੌਤਮ ਤੇ ਹੋਰ ਬੜੇ-ਬੜੇ ਮਹਾਨ ਸੱਜਣਾਂ ਨਾਲ ਕੰਮ ਕਰਨ ਦਾ ਅਵਸਰ ਪ੍ਰਾਪਤ ਹੋਇਆ ।

ਲਾਲਾ ਜੀ ਦੀ ਮ੍ਰਿਤੂ ਤੋਂ ਬਾਅਦ ਫ਼ਿਰੋਜ਼ ਚੰਦ ਦਾ ਨੇੜ ਮਹਾਨ ਸ਼ਹੀਦ ਭਗਤ ਸਿੰਘ ਨਾਲ ਹੋਇਆ । ਆਪ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵਿਰੁੱਧ ਚਲਾਏ ਸਾਜ਼ਿਸ ਕੇਸ ਵਿਚ ਮੁਲਾਜ਼ਮਾਂ ਦੀ ਡੀਫੈਂਸ ਲਈ ਬਣੀ ਕਮੇਟੀ ਦੇ ਸਕੱਤਰ ਸਨ । ਭਗਤ ਸਿੰਘ ਬਾਰੇ ਫ਼ਿਰੋਜ਼ ਚੰਦ ਜੀ ਆਪ ਲਿਖਦੇ ਹਨ :

"ਮੈਂ ਭਗਤ ਸਿੰਘ ਨੂੰ ਉਸਦੇ ਕਾਲਜ ਤੋਂ ਜਾਣਦਾ ਹਾਂ ਅਤੇ ਪਿਛੋਂ ਆ ਕੇ ਮੈਨੂੰ ਕਾਫ਼ੀ ਅਵਸਰ ਮਿਲਿਆ, ਉਸ ਨੂੰ ਨੇੜੇ ਤੋਂ ਵੇਖਣ ਜਾਣਨ ਦਾ ।ਭਾਵੇਂ ਉਸਦੀ ਪਾਰਟੀ ਦੀਆਂ ਗੁਪਤ ਸਰਗਰਮੀਆਂ ਦਾ ਭੇਤੀ, ਮੈਂ ਕਦੇ ਨਹੀਂ ਹੋਇਆ ਪਰ ਉਸਦੇ ਨੇੜੇ ਰਹਿ ਕੇ ਮੇਰੇ ਲਈ ਇਹ ਜਾਨਣਾ ਜਾਂ ਸਮਝਣਾ ਕੋਈ ਔਖਾ ਨਹੀਂ ਸੀ ਕਿ ਉਹ ਕਿਸ ਮਿੱਟੀ ਦਾ ਬਣਿਆ ਹੋਇਆ ਤੇ ਉਸ ਦੀਆਂ ਸਰਗਰਮੀਆਂ ਕਿਸ ਤਰ੍ਹਾਂ ਦੇ ਅਸਰਾਂ ਥੱਲੇ ਚਲ ਰਹੀਆਂ ਸਨ ਤੇ ਉਸਦਾ ਰਾਜਨੀਤਕ

Digitized by Panjab Digital Library | www.panjabdigilib.org

ਰੁਝਾਨ ਕੀ ਸੀ। ਮੇਰਾ ਸਬੰਧ ਭਗਤ ਸਿੰਘ ਨਾਲ ਮਹਿਜ਼ ਵਾਪਰੇ ਹਾਦਸਿਆਂ ਕਰਕੇ ਹੀ ਨਹੀਂ ਸੀ ਬਲਕਿ ਹੋਰ ਵੀ ਨੇੜੇ ਤੋਂ ਸੀ ਕਿਉਂਕਿ ਮੈਂ ਉਸ ਕਮੇਟੀ ਦਾ ਸਕੱਤਰ ਸਾਂ ਜਿਹੜੀ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੇ ਬਚਾਉ ਲਈ ਮੁਕਦਮਾ ਲੜਨ ਲਈ ਬਣਾਈ ਗਈ ਸੀ। ਉਸ ਤੋਂ ਪਹਿਲਾਂ ਜਦੋਂ ਭਗਤ ਸਿੰਘ ਨੇ ਹਾਕਮਾਂ ਨੂੰ ਚੁਟਕੀ ਦੇਣ ਲਈ ਆਪਣੀ ਸ਼ਕਲ ਬਦਲ ਲਈ ਤਾਂ ਇਕ ਦਿਨ ਇਕ ਅਖਬਾਰ ਦੇ ਦਫਤਰ ਦੇ ਬਾਹਰ ਅਸੀਂ ਇੱਕ ਦੂਜੇ ਨੂੰ ਮਿਲ ਗਏ। ਉਸ ਵੇਲੇ ਸਰਕਾਰ ਨੇ ਉਸ ਦੇ ਸਿਰ ਦੀ ਕੀਮਤ ਰੱਖੀ ਹੋਈ ਸੀ। ਲਾਠੀ ਚਾਰਜ ਤੋਂ ਹੋਈ ਮੌਤ ਤੋਂ ਲੈ ਕੇ ਰੀਵਾਲਵਰ ਦੀ ਗੋਲੀ ਰਾਹੀਂ ਬਦਲੇ ਤੱਕ, ਮੈਂ ਭਗਤ ਸਿੰਘ ਨੂੰ ਨੇੜੇ ਤੋਂ ਵੇਖਿਆ। ਸ੍ਰੀਮਤੀ ਬਸੰਤੀ ਦੇਵੀ ਦਾ ਚਣੌਤੀ ਭਰਿਆ ਬਿਆਨ ਜਿਹੜਾ ਉਸਨੇ ਹਿੰਦੁਸਤਾਨ ਦੇ ਨੌਜਵਾਨਾਂ ਨੂੰ ਮੁਖਾਤਬ ਕਰਕੇ ਦਿੱਤਾ, ਉਸ ਦਾ ਪ੍ਰਭਾਵਸ਼ਾਲੀ ਅਸਰ ਸਿੱਧਾ ਤੇ ਸਾਫ਼ ਸੀ। ਉਸਦਾ ਅਨੁਮਾਨ ਲਾਉਣ ਦੀ ਲੋੜ ਨਹੀਂ।

"ਭਾਰਤ ਛੋੜੋ" ਦੀ ਤਹਿਰੀਕ ਵਿਚ ਜਿਸ ਤਰ੍ਹਾਂ ਮੈਂ ਉਤੇ ਦੱਸਿਆ ਹੈ, ਫ਼ਿਰੋਜ਼ ਚੰਦ ਇਕ ਲੰਮੇ ਸਮੇਂ ਲਈ ਨਜ਼ਰਬੰਦ ਰਹੇ। ਰਿਹਾਈ ਤੋਂ ਬਾਅਦ ਆਪ ਲਾਹੌਰ ਵਿਚ ਹੀ ਰਹੇ ਤੇ ਆਪਣੇ ਗੁਰੂ ਲਾਲਾ ਲਾਜਪਤ ਰਾਏ 'ਤੇ ਕਿਤਾਬ ਲਿਖਣ ਲਈ ਮਸਾਲਾ ਇਕੱਠਾ ਕਰਨ ਵਿਚ ਲਗ ਗਏ। ਜਦੋਂ ਮੁਲਕ ਦੀ ਤਕਸੀਮ ਹੋ ਗਈ ਤੇ ਆਬਾਦੀ ਦਾ ਤਬਾਦਲਾ ਸ਼ੁਰੂ ਹੋ ਗਿਆ ਤਾਂ ਆਪ ਨੇ ਲਾਹੌਰ ਛੱਡਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਇਹ ਮੇਰਾ ਦੇਸ਼ ਹੈ ਤੇ ਮੈਂ ਇਥੇ ਹੀ ਰਹਿ ਕੇ ਜ਼ਿੰਦਗੀ ਗੁਜ਼ਾਰਾਂਗਾ। ਇਹ ਤਾਂ ਉਹਨਾਂ ਦੇ ਛੋਟੇ ਭਰਾ ਬਰਗੇਡੀਅਰ ਐਸ. ਆਰ. ਉਬਰਾਏ ਦੀ ਹਿੰਮਤ ਹੈ ਕਿ ਉਹ ਜ਼ਬਰਦਸਤੀ ਆਪ ਨੂੰ ਲਾਹੌਰ ਤੋਂ ਦਿੱਲੀ ਲੈ ਆਏ। ਜਦੋਂ ਆਪ ਨੇ ਸਾਫ਼ ਇਨਕਾਰ ਕਰ ਦਿੱਤਾ ਤਾਂ ਆਪ ਨੂੰ ਜ਼ਬਰਦਸਤੀ ਚੁੱਕ ਕੇ ਉਸ ਹਵਾਈ ਜਹਾਜ਼ ਵਿਚ ਸੁੱਟਿਆ ਗਿਆ ਜਿਹੜਾ ਬਰਗੇਡੀਅਰ ਉਬਰਾਏ, ਉਹਨਾਂ ਨੂੰ ਲਿਆਉਣ ਲਈ ਚਾਰਟਰ ਕਰਕੇ ਲੈ ਗਏ ਸਨ। ਇਸ ਹਫੜਾ ਦਫੜੀ ਵਿਚ ਉਹਨਾਂ ਦਾ ਸਾਰਾ ਅਸਾਸਾ ਉਹਨਾਂ ਦੀਆਂ ਕਿਤਾਬਾਂ ਤੇ ਲਾਲਾ ਲਾਜਪਤ ਰਾਏ ਦੀ ਜੀਵਨੀ ਲਿਖਣ ਲਈ ਇਕੱਠਾ ਕੀਤਾ ਮੈਟਰ ਲਾਹੌਰ ਹੀ ਰਹਿ ਗਿਆ। ਕੁਝ ਚਿਰ ਬਾਅਦ ਲਾਲਾ ਫ਼ਿਰੋਜ਼ ਚੰਦ ਦੇ ਇਕ ਹੋਰ ਛੋਟੇ ਭਾਈ ਲਾਹੌਰ ਗਏ ਤੇ ਉਹਨਾਂ ਦਾ

Digitized by Panjab Digital Library | www.panjabdigilib.org

ਇਹ ਸਮਾਨ ਲੈ ਕੇ ਆਏ ਕਿਉਂਕਿ ਆਪ ਉਸ ਬਗੈਰ ਬੜੇ ਪਰੇਸ਼ਾਨ ਸਨ ।

ਮੁਲਕ ਦੀ ਵੰਡ ਤੋਂ ਬਾਅਦ ਆਪ ਦਿੱਲੀ ਵਿਚ ਰਹੇ ਤੇ ਮਿਹਨਤ ਤੇ ਸੁਹਿਰਦਤਾ ਨਾਲ ਰਚਨਾਤਮਕ ਕੰਮ ਕਰਦੇ ਰਹੇ । ਸ਼ਰਨਾਰਥੀਆਂ ਦਾ ਮਸਲਾ ਬੜਾ ਗੰਭੀਰ ਮਸਲਾ ਸੀ । ਭਾਰਤ ਸਰਕਾਰ ਨੇ ਇਸ ਕੰਮ ਲਈ ਇਕ ਸਲਾਹ-ਕਾਰ ਕਮੇਟੀ ਬਣਾਈ ਜਿਸ ਦਾ ਮੈਂਬਰ ਬਣਨ ਲਈ ਆਪ ਨੂੰ ਸੱਦਾ ਦਿੱਤਾ ਗਿਆ । ਆਪ ਨੇ ਖੁਸ਼ੀ ਨਾਲ ਉਸ ਕਮੇਟੀ ਦਾ ਕੰਮ ਕਰਨਾ ਮਨਜ਼ੂਰ ਕੀਤਾ । ਇਸ ਤਰ੍ਹਾਂ ਹੋਰ ਵੀ ਆਪ ਨੇ ਇਸ ਮਸਲੇ ਲਈ ਕੰਮ ਕੀਤਾ । ਆਪ ਨੇ ਹਿੰਦੁਸਤਾਨ ਟਾਈਮਜ਼' ਨਵੀਂ ਦਿੱਲੀ ਵਿਚ ਇਕ ਲੜੀਵਾਰ ਮਜ਼ਮੂਨ ਲਿਖਿਆ ਜਿਸ ਦਾ ਸਿਰਲੇਖ "ਰਫਿਊਜੀ ਲਾਗ" ਅਥਵਾ ਸ਼ਰਨਾਰਥੀ ਡਾਇਰੀ ਸੀ ਜੋ ਕਈ ਮਹੀਨੇ ਛਪਦਾ ਰਿਹਾ ।

ਹਿੰਦ ਸਰਕਾਰ ਨੇ ਸੁਤੰਤਤਰਤਾ ਸੰਗਰਾਮ ਦਾ ਇਤਿਹਾਸ ਲਿਖਣ ਲਈ ਇਕ ਬੋਰਡ ਮੁਕਰਰ ਕੀਤਾ ਜਿਸ ਦੇ ਮੈਂਬਰ ਦੇ ਤੌਰ ਤੇ ਆਪ ਨੇ ਸੇਵਾ ਕੀਤੀ । ਉਪਰੰਤ ਪੰਜਾਬ ਸਰਕਾਰ ਨੇ ਪੰਜਾਬ ਦੇ ਆਜ਼ਾਦੀ ਸੰਗਰਾਮ ਦਾ ਇਤਿਹਾਸ ਲਿਖਣ ਲਈ ਇਕ ਕਮੇਟੀ ਬਣਾਈ ਜਿਸ ਦਾ ਆਪ ਨੂੰ ਚੇਅਰਮੈਨ ਥਾਪਿਆ ਗਿਆ । ਮੈਨੂੰ ਵੀ ਉਸ ਕਮੇਟੀ ਤੇ ਉਨ੍ਹਾਂ ਨਾਲ ਬਤੌਰ ਇਕ ਮੈਂਬਰ ਕੰਮ ਕਰਨ ਦਾ ਅਵਸਰ ਮਿਲਿਆ । ਕਈ ਮੀਟਿੰਗਾਂ ਹੋਈਆਂ, ਬੜਾ ਸਾਰਾ ਮੈਟਰ ਇਕੱਠਾ ਕੀਤਾ ਅਫ਼ਸੋਸ ਹੈ ਕਿ ਅੱਜ ਤਕ ਉਸ ਨੂੰ ਕਿਤਾਬੀ ਸ਼ਕਲ ਨਹੀਂ ਦਿੱਤੀ ਜਾ ਸਕੀ ।

ਇਸ ਤੋਂ ਪਹਿਲਾਂ ਕੁਝ ਚਿਰ ਲਈ ਆਪ ਨੇ 'ਟਾਈਮਜ਼ ਆਫ਼ ਇੰਡੀਆ" ਦੇ ਸੰਪਾਦਕ ਦੇ ਤੌਰ ਤੇ ਸੇਵਾ ਕੀਤੀ । ਆਪ ਪੂਰਨ ਆਜ਼ਾਦੀ ਨਾਲ ਲਿਖਣ ਦੇ ਆਦੀ ਸਨ । ਆਪਣੇ ਮੁੱਖ ਲੇਖਾਂ 'ਤੇ ਕਿਸੇ ਤਰ੍ਹਾਂ ਦੀ ਪਾਬੰਦੀ ਨਹੀਂ ਸਨ ਮਨਜ਼ੂਰ ਕਰਦੇ । ਕਈ ਅਹਿਮ ਨੁਕਤਿਆਂ 'ਤੇ ਪ੍ਰਬੰਧਕਾਂ ਨਾਲ ਆਪ ਦਾ ਮਤਭੇਦ ਹੋ ਜਾਣ ਕਾਰਣ ਆਪ ਨੇ ਅਸਤੀਫ਼ਾ ਦੇ ਦਿਤਾ ।

"ਸਰਵੈਂਟਸ ਆਫ਼ ਪੀਪਲ ਸੋਸਾਇਟੀ" ਦਾ ਕੰਮ ਕਰਦੇ ਆਪ "ਐਫਰੋ ਏਸ਼ੀਅਨ ਸਾਲੀਡੈਰਿਟੀ ਕਮੇਟੀ" ਤੇ ਵੀ ਕੰਮ ਕਰਦੇ ਰਹੇ । ਆਪ "ਦਿਆਲ ਸਿੰਘ ਟਰੱਸਟ" ਦੇ ਵੀ ਮੈਂਬਰ ਸਨ । ਪੰਜਾਬ ਯੂਨੀਵਰਸਟੀ ਦੇ ਸਾਬਕਾ ਵਾਈਸ ਚਾਂਸਲਰ ਦੀਵਾਨ ਅਨੰਦ ਕੁਮਾਰ ਨਾਲ ਮਿਲ ਕੇ ਬੜੀ ਮਿਹਨਤ ਤੇ ਦਿਆਨਤਦਾਰੀ ਨਾਲ

Digitized by Panjab Digital Library | www.panjabdigilib.org

ਦਿਆਲ ਸਿੰਘ ਕਾਲਜਾਂ ਤੇ ਦਿਆਲ ਸਿੰਘ ਲਾਇਬਰੇਰੀ ਦੇ ਕੰਮ ਨੂੰ ਦੇਖਦੇ ਭਾਲਦੇ ਰਹੇ। ਦੀਵਾਨ ਅਨੰਦ ਕੁਮਾਰ ਵੀ ਸਿਫ਼ਤਾਂ ਭਰਪੂਰ ਇਨਸਾਨ ਸੀ। ਜਦੋਂ ਮੈਂ ਦਿੱਲੀ ਜਾਣਾ, ਤਾਂ ਲਾਲਾ ਫਿਰੋਜ਼ ਚੰਦ ਜੀ ਨੂੰ ਮਿਲਣਾ ਤਾਂ ਮੇਰਾ ਧਰਮ ਹੀ ਸੀ। ਆਪ ਬਹੁਤ ਵਾਰੀ ਮੈਨੂੰ ਦੀਵਾਨ ਸਾਹਿਬ ਪਾਸ ਲੈ ਜਾਂਦੇ ਤੇ ਉਥੇ ਕਈ ਪਹਿਲੂਆਂ ਤੋਂ ਗੱਲਾਂ ਬਾਤਾਂ ਤੇ ਵਿਚਾਰ ਗੋਸ਼ਟੀ ਦਾ ਬੜਾ ਮਜ਼ਾ ਆਉਂਦਾ। ਦੀਵਾਨ ਸਾਹਿਬ ਲਤੀਫੇ ਸੁਣਾ-ਸੁਣਾ ਕੇ ਹਸਾਉਂਦੇ ਵੀ ਇਤਨਾ ਕਿ ਢਿੱਡੀਂ ਪੀੜਾਂ ਪੈ ਜਾਂਦੀਆਂ। ਇਸ ਦੇ ਨਾਲ ਹੀ ਉਰਦੂ ਤੇ ਫ਼ਾਰਸੀ ਦੇ ਸ਼ੇਅਰ ਇਕ ਅਜੀਬ ਮਨਜ਼ਰ ਬੰਨ੍ਹਦੇ।

'ਸਰਵੈਂਟਸ ਆਫ਼ ਪੀਪਲ ਸੋਸਾਇਟੀ' ਵਿਚ ਕੰਮ ਕਰਕੇ ਆਪ ਲਾਲ ਬਹਾਦਰ ਸ਼ਾਸ਼ਤਰੀ ਦੇ ਨਜ਼ਦੀਕ ਹੋਏ। ਸ਼ਾਸ਼ਤਰੀ ਜੀ ਲਾਲਾ ਫ਼ਿਰੋਜ਼ ਚੰਦ ਦਾ ਬੜਾ ਸਤਿਕਾਰ ਕਰਦੇ ਸਨ। ਜਦੋਂ ਸ਼ਾਸਤਰੀ ਜੀ ਪ੍ਰਧਾਨ ਮੰਤਰੀ ਬਣੇ ਤਾਂ ਆਪ ਕਈ ਵਾਰ ਲਾਲਾ ਜੀ ਦਾ ਸਲਾਹ ਮਸ਼ਵਰਾ ਲੈਂਦੇ ਸਨ। ਇਤਨਾ ਨੇੜੇ ਹੋਣ ਦੇ ਬਾਵਜੂਦ ਲਾਲਾ ਫ਼ਿਰੋਜ਼ ਚੰਦ ਆਪ ਕਦੇ ਉਨ੍ਹਾਂ ਦੇ ਕੰਮਾਂ ਵਿਚ ਰੁਕਾਵਟਾਂ ਨਹੀਂ ਬਣੇ। ਨਾਂਹ ਕਦੇ ਐਵੇਂ ਮਿਲ ਕੇ ਉਨ੍ਹਾਂ ਦਾ ਸਮਾਂ ਹੀ ਲਿਆ। ਆਪ ਨੂੰ ਜਾਤੀ ਗਰਜ਼ ਤਾਂ ਕੋਈ ਹੈ ਨਹੀਂ ਸੀ। ਇਸ ਲਈ ਇਨ੍ਹਾਂ ਗੱਲਾਂ ਤੋਂ ਬਿਲਕੁਲ ਅਟੰਕ ਸਨ।

ਦਿੱਲੀ ਵਿਚ ਰਹਿ ਕੇ ਆਪ ਨੂੰ ਹਿੰਦੀ ਦੀਆਂ ਖਬਰਾਂ ਦੀ ਏਜੰਸੀ ਕਾਇਮ ਕਰਨ ਦਾ ਖਿਆਲ ਆਇਆ। ਆਪ ਨੇ ਕੁਝ ਦੋਸਤਾਂ ਨਾਲ ਆਪਣਾ ਖਿਆਲ ਸਾਂਝਾ ਕੀਤਾ। ਸ਼ਾਸ਼ਤਰੀ ਜੀ ਨੇ ਆਪ ਨੂੰ ਹੌਸਲਾ ਦਿੱਤਾ ਭਾਵੇਂ ਉਸ ਵੇਲੇ ਉਹ ਪ੍ਰਧਾਨ ਮੰਤਰੀ ਨਹੀਂ ਸਨ। ਲਾਲ ਫ਼ਿਰੋਜ਼ ਚੰਦ ਦਾ ਖਿਆਲ ਸੀ ਕਿ ਆਜ਼ਾਦ ਭਾਰਤ ਵਿਚ ਜਿਸਦੀ ਰਾਸ਼ਟਰੀ ਭਾਸ਼ਾ ਹਿੰਦੀ ਹੈ, ਹਿੰਦੀ ਦੀ ਨਿਊਜ਼ ਏਜੰਸੀ ਜ਼ਰੂਰੀ ਹੈ। ਆਪ ਨੇ ਲਗਾਤਾਰ ਕਿਤਨਾ ਚਿਰ ਇਸ 'ਤੇ ਮਿਹਨਤ ਕੀਤੀ। ਬਸਾਂ 'ਤੇ ਫਿਰ ਫਿਰ ਕੇ ਹਰ ਥਾਂ ਚੱਕਰ ਕੱਟੇ। ਭਾਰਤ ਸਰਕਾਰ ਨੇ ਇਸ ਮਸਲੇ ਨੂੰ ਸਹੀ ਸਮਝ ਕੇ ਸਹਾਇਤਾ ਕੀਤੀ ਤੇ ਲਾਲਾ ਫ਼ਿਰੋਜ਼ ਚੰਦ ਜੀ "ਸਮਾਚਾਰ ਭਾਰਤੀ" ਦੀ ਏਜੰਸੀ ਕਾਇਮ ਕਰਨ ਵਿਚ ਕਾਮਯਾਬ ਹੋ ਗਏ। ਇਸ ਸਫ਼ਲਤਾ ਦਾ ਸਿਹਰਾ ਹਮੇਸ਼ਾਂ ਲਾਲਾ ਫ਼ਿਰੋਜ਼ ਚੰਦ ਜੀ ਦੇ ਸਿਰ ਕਾਇਮ ਰਵ੍ਹੇਗਾ। ਇਸ ਏਜੰਸੀ

Digitized by Panjab Digital Library | www.panjabdigilib.org

ਦਾ ਦਫ਼ਤਰ ਦਿਆਲ ਸਿੰਘ ਲਾਇਬਰੇਰੀ ਦੀ ਬਿਲਡਿੰਗ ਵਿਚ ਹੀ ਖੋਲ੍ਹਿਆ ਗਿਆ ਤੇ ਕੋਈ ਪੰਜ ਸਾਲ ਤਕ ਆਪ ਇਸ ਦੇ ਜਨਰਲ ਮੈਨੇਜਰ ਦੇ ਤੌਰ ਤੇ ਕੰਮ ਕਰਦੇ ਰਹੇ ।

ਦਿੱਲੀ ਵਿਚ ਹੀ ਆਪ ਨੇ ਲਾਲਾ ਲਾਜਪਤ ਰਾਏ ਦੀ ਜੀਵਨੀ ਦੀ ਕਿਤਾਬ ਮੁਕੰਮਲ ਕੀਤੀ । ਇਸ ਤਰ੍ਹਾਂ ਉਨ੍ਹਾਂ ਨੇ ਆਪਣੇ ਇਸ ਮਿਸ਼ਨ ਵਿਚ ਵੀ ਸਫਲਤਾ ਪ੍ਰਾਪਤ ਕੀਤੀ ।

ਆਪ ਦੋ ਕਿਤਾਬਾਂ ਹੋਰ ਲਿਖ ਰਹੇ ਸਨ । ਉਹ ਮਹਾਂ ਭਾਰਤ ਤੇ ਗੁਰੂ ਗੋਬਿੰਦ ਸਿੰਘ ਦੇ ਸਬੰਧ ਵਿਚ ਸਨ । ਉਹ ਤਕਰੀਬਨ ਮੁਕੰਮਲ ਹੋਣ ਤੇ ਹੀ ਸਨ ਜਦੋਂ ਅਜ਼ਰਾਈਲ ਫਰਿਸ਼ਤੇ ਦੇ ਬਾਜ਼ ਆਪ 'ਤੇ ਆ ਪਏ, ਆਪ ਹੱਥਲਾ ਕੰਮ ਅਧੂਰਾ ਛੱਡ ਕੇ ਇਸ ਸੰਸਾਰ ਤੋਂ ਵਿਦਾ ਹੋ ਗਏ ।

ਲਾਲਾ ਫ਼ਿਰੋਜ਼ ਚੰਦ ਜੀ ਦਾ ਅੰਤ ਬੜਾ ਪੁਰਅਮਨ ਤੇ ਪੁਰ ਸਕੂਨ ਸੀ । ਆਪ ਕੇਵਲ ਦੋ ਦਿਨ ਬਿਮਾਰ ਰਹਿ ਕੇ 23 ਨਵੰਬਰ, 1974 ਨੂੰ ਸਦੀਵੀ ਵਿਛੋੜਾ ਦੇ ਗਏ ।

ਦਿੱਲੀ ਆਪ ਆਪਣੀ ਮਾਤਾ ਜੀ ਤੇ ਭਰਾਵਾਂ ਨਾਲ ਰਹਿੰਦੇ ਸਨ । ਲਾਲਾ ਫ਼ਿਰੋਜ਼ ਚੰਦ ਜੀ ਦੇ ਭਰਾ ਬ੍ਰਿਗੇਡੀਅਰ ਐਸ. ਆਰ. ਉਬਰਾਇ ਜੋ ਉਨ੍ਹਾਂ ਨੂੰ ਜ਼ਬਰਦਸਤੀ ਹਵਾਈ ਜਹਾਜ਼ ਦੇ ਜ਼ਰੀਏ ਲਾਹੌਰ ਤੋਂ ਕੱਢ ਕੇ ਲਿਆਏ ਸਨ । ਉਹ ਹੋਰ ਕਈ ਮਿਲਟਰੀ ਅਫ਼ਸਰਾਂ ਨਾਲ ਕਸ਼ਮੀਰ ਸੈਕਟਰ ਵਿਚ ਇਕ ਹਵਾਈ ਹਾਦਸੇ ਵਿੱਚ ਗੁਜ਼ਰ ਗਏ ਸਨ । ਜਦੋਂ ਮੈਂ ਇਹ ਖ਼ਬਰ ਪੜ੍ਹੀ ਤਾਂ ਮੈਂ ਬਿਲਕੁਲ ਕੋਈ ਅੰਦਾਜ਼ਾ ਨਹੀਂ ਸੀ ਲਾ ਸਕਿਆ ਕਿ ਉਹ ਲਾਲਾ ਜੀ ਦੇ ਭਰਾ ਸਨ । ਕਿਉਂਕਿ ਲਾਲਾ ਜੀ ਨੇ ਕਦੇ ਆਪਣੇ ਆਪ ਨੂੰ ਉਬਰਾਇ ਕਰਕੇ ਨਹੀਂ ਸੀ ਲਿਖਿਆ ।

ਮੈਂ ਆਪਣੀ ਜ਼ਿੰਦਗੀ ਵਿਚ ਬੜੇ ਘੱਟ ਐਸੇ ਇਨਸਾਨ ਵੇਖੇ ਹਨ ਜਿਨ੍ਹਾਂ ਨੇ ਇਤਨਾ ਕੰਮ ਕੀਤਾ ਹੋਵੇ, ਸੁਤੰਤਰਤਾ ਸੰਗਰਾਮ ਵਿਚ ਕੁਰਬਾਨੀ ਵੀ ਦਿਤੀ ਹੋਵੇ ਤੇ ਫਿਰ ਵੀ ਕਦੇ ਕੋਈ ਸਿਆਸੀ ਪੋਜ਼ੀਸ਼ਨ ਹਾਸਲ ਕਰਨ ਦੀ ਕੋਸ਼ਿਸ਼ ਤਾਂ ਦਰਕਨਾਰ ਇੱਛਾ ਵੀ ਨਾ ਕੀਤੀ ਹੋਵੇ । ਬਲਕਿ ਇਕ ਫੈਸਲਾ ਕੀਤਾ ਹੋਵੇ ਕਿ ਚੁੱਪਚਾਪ

Digitized by Panjab Digital Library | www.panjabdigilib.org

ਸੇਵਾ ਕਰੀ ਜਾਣਾ ਹੈ ਪਰ ਉਸ ਦਾ ਇਵਜ਼ਾਨਾ ਕੁਝ ਨਹੀਂ ਲੈਣਾ।

ਐਸੀ ਕੁਰਬਾਨੀ ਦੇ ਨਾਲ ਨਾਲ ਆਪ ਇਕ ਉੱਚੇ ਧਾਰਮਿਕ ਇਨਸਾਨ ਸਨ। ਸਵੇਰੇ ਤਿੰਨ ਵਜੇ ਉਠ ਕੇ ਸਮਾਧੀ ਵਿਚ ਬੈਠ ਪ੍ਰਮਾਤਮਾ ਦੀ ਪੂਜਾ ਕਰਦੇ ਸਨ।

ਆਪ ਦੀ ਸ਼ਖ਼ਸ਼ੀਅਤ ਸੇਵਾ ਤੇ ਕੁਰਬਾਨੀ ਹਮੇਸ਼ਾਂ ਚੰਨ ਦੀ ਤਰ੍ਹਾਂ ਚਮਕਦੀ ਰਵ੍ਹੇਗੀ ਤੇ ਆਪ ਨਿਸ਼ਕਾਮ ਸੇਵਾ ਦਾ ਇਕ ਨਮੂਨਾ ਬਣ ਕੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਰੋਸ਼ਨੀ ਦੇਂਦੇ ਰਹਿਣਗੇ। ਐਸੇ ਉੱਚੇ ਇਨਸਾਨ ਨੂੰ ਸੌ-ਸੌ ਵਾਰ ਪ੍ਰਣਾਮ।

Digitized by Panjab Digital Library | www.panjabdigilib.org

# ਪ੍ਰਤਾਪ ਸਿੰਘ ਕੈਰੋਂ

ਗੂੜ੍ਹੇ ਸਾਂਵਲੇ ਰੰਗ ਵਾਲਾ ਚੇਹਰਾ, ਦਰਮਿਆਨਾ ਕੱਦ, ਬੁੱਲ੍ਹਾਂ ਨੂੰ ਕੱਜ ਰਹੀਆਂ ਮੁੱਛਾਂ ਵਿਚੋਂ ਛਣ ਕੇ ਆ ਰਹੀ ਮਿਕਨਾਤੀਸੀ ਮੁਸਕਰਾਹਟ, ਢਿਲੀ ਜਿਹੀ ਪਗੜੀ ਪਰ ਇਕ ਮਜ਼ਬੂਤ ਮਨ ਤੇ ਦ੍ਰਿੜ ਇਰਾਦੇ ਵਾਲੇ ਸ: ਪ੍ਰਤਾਪ ਸਿੰਘ ਦਾ ਜਨਮ ਪਹਿਲੀ ਅਕਤੂਬਰ 1901 ਨੂੰ ਮਧ ਮਾਝੇ ਦੇ ਪਿੰਡ ਕੈਰੋਂ ਵਿਚ ਹੋਇਆ। ਆਪ ਦੇ ਪਿਤਾ ਸ: ਨਿਹਾਲ ਸਿੰਘ ਜੀ, ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਸਨ ਜਿਨ੍ਹਾਂ ਨੇ ਇਸਤਰੀ ਜਾਤੀ ਦੀ ਵਿਦਿਆ ਲਈ ਬੜਾ ਭਾਰਾ ਕੰਮ ਕੀਤਾ। ਉਹ ਇਕ ਲਗਨ ਵਾਲੇ ਇਨਸਾਨ ਸਨ ਤੇ ਉਹੀਓ ਲਗਣ ਪ੍ਰਤਾਪ ਸਿੰਘ ਨੂੰ ਗੁੜ੍ਹਤੀ ਵਿਚ ਮਿਲੀ ਜਿਸ ਨੇ ਸਾਰੀ ਉਮਰ ਉਸ ਦੇ ਪੈਰ ਧਰਤੀ ਤੇ ਨਾਂਹ ਲਗਨ ਦਿੱਤੇ ਤੇ ਉਹ ਮਰਦਿ-ਮੁਜਾਹਿਦ ਇਕ ਨਾ ਇਕ ਲੋਕ ਸੇਵਾ ਦੇ ਜਹਾਦ ਵਿਚ ਜੁਟਿਆ ਰਿਹਾ। ਮਢਲੀ ਤਾਲੀਮ ਆਪ ਨੇ ਖ਼ਾਲਸਾ ਸਕੂਲ, ਅੰਮ੍ਰਿਤਸਰ ਵਿਚ ਲਈ ਤੇ ਫਿਰ ਉਥੇ ਹੀ ਕਾਲਜ ਵਿਚ ਦਾਖ਼ਲ ਹੋ ਗਏ।

1919 ਦੀ ਜਲ੍ਹਿਆਂ ਵਾਲੇ ਬਾਗ ਦੀ ਘਟਨਾ ਤੋਂ ਛੇਤੀ ਪਿਛੋਂ ਪ੍ਰਤਾਪ ਸਿੰਘ ਉੱਚ ਵਿਦਿਆ ਲਈ ਅਮਰੀਕਾ ਚਲਾ ਗਿਆ। ਅਮਰੀਕਾ ਵਿਚ ਆਪਣੀ ਪੜ੍ਹਾਈ ਲਈ ਪੈਸਾ ਕਮਾਉਣ ਵਾਸਤੇ ਉਸ ਨੂੰ ਕਾਰਖ਼ਾਨਿਆਂ ਤੇ ਖੇਤਾਂ ਵਿਚ ਮਜ਼ਦੂਰੀ ਕਰਨੀ ਪਈ ਜਿਸ ਨੇ ਆਪ ਦੇ ਮਨ ਵਿਚ ਹੱਥੀਂ ਕਿਰਤ ਕਰਨ ਦੀ ਪ੍ਰਤਿਸ਼ਟਾ ਦਾ ਅਹਿਸਾਸ ਪੈਦਾ ਕੀਤਾ। ਨਾਲ ਹੀ ਨਾਲ ਕੈਲੀਫੋਰਨੀਆਂ ਵਿਚ ਉਹ ਗਦਰ ਪਾਰਟੀ ਦੇ ਉਨ੍ਹਾਂ ਮਰ-ਜੀਵੜਿਆਂ ਦੇ ਸੰਪਰਕ ਵਿਚ ਆਇਆ ਜੋ ਭਾਰਤ ਨੂੰ ਆਜ਼ਾਦ ਕਰਾਉਣ ਦੇ ਮਨਸੂਬੇ ਬੰਨ੍ਹ ਰਹੇ ਸਨ। ਜਲ੍ਹਿਆਂ ਵਾਲਾ ਬਾਗ ਦੀ ਘਟਨਾ ਦਾ ਅਸਰ ਪਹਿਲਾਂ ਹੀ ਉਸ ਦੇ ਮਨ ਤੇ ਸੀ ਗਦਰੀਆਂ ਦੀ ਸੁਹਬਤ ਨੇ ਪ੍ਰਤਾਪ ਸਿੰਘ ਨੂੰ ਦੇਸ਼ ਭਗਤੀ ਦੀ ਹੋਰ ਪਾਣ ਚਾੜ੍ਹ ਦਿੱਤੀ। ਲੈਨਿਨ, ਟਰਾਟਸਿਕੀ, ਰੋਸੀਓ ਤੇ ਹੋਰ ਇਨਕਲਾਬੀਆਂ ਨੂੰ ਪੜ੍ਹਨ ਦਾ ਮੌਕਾ ਵੀ

Digitized by Panjab Digital Library | www.panjabdigilib.org

ਉਥੇ ਹੀ ਆਪ ਨੂੰ ਮਿਲਿਆ ਜਿਸ ਕਰਕੇ ਪ੍ਰਤਾਪ ਸਿੰਘ ਕੁਝ ਪੱਕੇ ਇਰਾਦੇ ਮਨ ਵਿਚ ਲੈ ਕੇ ਆਪਣੇ ਦੇਸ਼ ਮੁੜਿਆ।

ਸ: ਪ੍ਰਤਾਪ ਸਿੰਘ ਸੰਨ 1929 ਵਿਚ ਭਾਰਤ ਵਾਪਿਸ ਮੁੜਿਆ। ਉਹ ਦਿੱਲੀ ਵਿਚ ਹੀ ਟਿਕ ਕੇ ਕੰਮ ਕਰਨਾ ਚਾਹੁੰਦਾ ਸੀ। ਗਿ: ਗੁਰਮੁਖ ਸਿੰਘ ਮੁਸਾਫਿਰ ਜੋ ਗੁਰਦਵਾਰਾ ਰਕਾਬ ਗੰਜ ਵਿਚ ਪੁਲਿਸ ਵਧੀਕੀਆਂ ਬਾਰੇ ਪੜਤਾਲ ਕਰਨ ਲਈ ਦਿੱਲੀ ਗਏ ਹੋਏ ਸਨ, ਸ: ਨਿਹਾਲ ਸਿੰਘ ਦੇ ਜਾਣੂ ਹੋਣ ਕਰਕੇ ਉਥੇ ਉਸ ਦੇ ਲੜਕੇ ਪ੍ਰਤਾਪ ਸਿੰਘ ਨੂੰ ਮਿਲੇ। ਇਸ ਮਿਲਣੀ ਤੋਂ ਬਾਅਦ ਹੀ ਅਕਾਲੀ ਲੀਡਰਾਂ ਨੇ ਪ੍ਰਤਾਪ ਸਿੰਘ ਦੇ ਮਨ ਦੀ ਅੱਗ ਦਾ ਅੰਦਾਜ਼ਾ ਲਾ ਕੇ ਫੈਸਲਾ ਕੀਤਾ ਕਿ ਉਸਨੂੰ ਪੰਜਾਬ ਦੇ ਰਾਜਨੀਤਕ ਖੇਤਰ ਵਿਚ ਕੰਮ ਕਰਨ ਲਈ ਲਿਆਂਦਾ ਜਾਏ। ਚੁਨਾਂਚਿ ਸ: ਦਰਸ਼ਨ ਸਿੰਘ ਫੇਰੂਮਾਨ, ਮੁਸਾਫ਼ਿਰ ਤੇ ਗਾਲਬਨ ਜਥੇਦਾਰ ਊਧਮ ਸਿੰਘ ਜੀ ਨਾਗੋਕੇ, ਪ੍ਰਤਾਪ ਸਿੰਘ ਨੂੰ ਪ੍ਰੇਰ ਕੇ ਨਾਲ ਲੈ ਆਏ ਤੇ ਉਹ ਅਕਾਲੀ ਗਰੁੱਪ ਦੇ ਰਾਹੀਂ ਪੰਜਾਬ ਕਾਂਗਰਸ ਵਿਚ ਸਰਗਰਮੀ ਨਾਲ ਕੰਮ ਕਰਨ ਲੱਗਾ।

ਪ੍ਰਤਾਪ ਸਿੰਘ ਇਕ ਮਹਾਨ ਦੇਸ਼ ਭਗਤ ਸੀ ਤੇ ਬਦੇਸ਼ੀ ਰਾਜ ਵਿਰੁੱਧ ਉਸ ਦੀ ਘਿਰਣਾ ਸਿੱਖਰ ਤੇ ਸੀ। ਉਸ ਨੂੰ ਹੋਰ ਨੇੜਿਉਂ ਵੇਖਣ, ਜਾਚਣ ਤੇ ਪੜ੍ਹਨ ਦਾ ਮੌਕਾ ਉਦੋਂ ਮਿਲਿਆ ਜਦੋਂ ਵਿਅਕਤੀਗਤ ਸਤਿਆ ਗ੍ਰਹਿ ਵਿਚ ਅਸੀ ਇਕੱਠੇ ਗੁਜਰਾਤ ਸਪੈਸ਼ਲ ਜੇਲ੍ਹ ਵਿਚ ਤੇ ਫਿਰ ਭਾਰਤ ਛੋੜੋ ਤਹਿਰੀਕ ਵਿਚ ਕਈ ਸਾਲ ਸਿਆਲਕੋਟ ਜੇਲ੍ਹ ਵਿਚ ਇਕੱਠੇ ਰਹੇ।

ਜੇਲ੍ਹ ਇਕ ਐਸੀ ਥਾਂ ਹੈ ਜਿਥੇ ਆਗੂਆਂ ਦੀਆਂ ਅਸਲ ਖੂਬੀਆਂ ਤੇ ਕਮੀਆਂ ਸਾਹਮਣੇ ਆ ਜਾਂਦੀਆਂ ਹਨ। ਕਈ ਲੀਡਰਾਂ ਦਾ ਬੜਾ ਬਿੰਬ ਬਣਿਆ ਹੋਇਆ ਹੁੰਦਾ ਹੈ ਪਰ ਜਦੋਂ ਜੇਲ੍ਹ ਵਿਚ ਉਨ੍ਹਾਂ ਨਾਲ ਵਰਤ ਕੇ ਵੇਖੀਦਾ ਹੈ ਤਾਂ ਉਨ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਘਟੀਆ ਗੱਲਾਂ ਨੂੰ ਵੇਖ ਕੇ, ਉਹ ਢਹਿ ਕੇ ਢੇਰੀ ਹੋ ਜਾਂਦਾ ਸੀ। ਪ੍ਰਤਾਪ ਸਿੰਘ, ਮੁਸਾਫ਼ਿਰ ਤੇ ਫੇਰੂਮਾਨ ਵਰਗੀ ਕੈਦ ਕੋਈ ਹੀ ਕਟ ਸਕਦਾ ਸੀ। ਨਾ ਕਦੇ ਜੇਲ੍ਹ ਵਾਲਿਆਂ ਤੋਂ ਕਿਸੇ ਰਿਆਇਤ ਦੀ ਕੋਈ ਝਾਕ ਤੇ ਨਾ ਹੀ ਖਾਣ ਪੀਣ ਦੀ ਚੀਜ਼ ਦਾ ਕੋਈ ਲਾਲਚ। ਜੇ ਵਾਤਾਵਰਨ ਅਨੁਸਾਰ ਜੇਲ੍ਹ ਵਿਚ ਆਰਾਮ ਹੈ ਤਾਂ ਵਾਹ ਵਾਹ, ਜੇ ਨਹੀਂ ਤਾਂ ਹਰ ਔਖ ਨੂੰ ਹੱਸ ਕੇ

Digitized by Panjab Digital Library | www.panjabdigilib.org

ਬਰਦਾਸ਼ਤ ਕਰਨ ਨੂੰ ਤਿਆਰ। ਆਪਣੀ ਅਣਖ ਨੂੰ ਵਟਾ ਨਹੀਂ ਲੱਗਣ ਦੇਣਾ।

1943 ਵਿਚ ਜਦੋਂ ਗਾਂਧੀ ਜੀ ਨੇ 21 ਦਿਨਾਂ ਦਾ ਵਰਤ ਰੱਖਿਆ ਤਾਂ ਅਸੀਂ ਸਾਰੇ ਸਿਆਲਕੋਟ ਜੇਲ੍ਹ ਵਿਚ ਸਾਂ। ਇਸ ਲਹਿਰ ਦੀ ਕੈਦ ਮੁਸ਼ਕਲਾਂ ਭਰਪੂਰ ਸੀ। ਨਾ ਕੋਈ ਅਖ਼ਬਾਰ ਪੜ੍ਹਨ ਦੀ ਆਗਿਆ, ਨਾ ਕਿਸੇ ਚਿੱਠੀ ਦੀ ਤੇ ਨਾ ਹੀ ਬਾਹਰੋਂ ਕੁਝ ਮੰਗਵਾ ਕੇ ਖਾਣ ਦੀ। ਗਾਂਧੀ ਜੀ ਦੀ ਹਾਲਤ ਦੀ ਖ਼ਬਰ ਰੱਖਣ ਖ਼ਾਤਿਰ ਅਸੀਂ ਅੱਡ-ਅੱਡ ਸੱਮਿਆਂ ਤੋਂ ਸੂਹਾਂ ਲੈਂਦੇ ਸਾਂ। ਕਦੇ ਕਿਸੇ ਸਰਕਾਰੀ ਕਰਮਚਾਰੀ ਤੋਂ ਕੁਝ ਪਤਾ ਲੱਗ ਜਾਣਾ ਜਾਂ ਕਿਸੇ ਵਾਰਡਰ ਤੋਂ ਖ਼ਬਰ ਕੱਢਣੀ। ਇਨ੍ਹਾਂ ਦਿਨਾਂ ਵਿਚ ਮੈਂ ਆਪਣੇ ਜ਼ਿਲੇ ਦੇ ਇਕ ਵਾਰਡਰ ਜੋ ਸਿਆਲਕੋਟ ਜੇਲ੍ਹ ਵਿਚ ਨਿਯੁਕਤ ਸੀ ਤੋਂ ਚੋਰੀ ਟ੍ਰਿਬੀਊਨ ਮੰਗਵਾ ਲਿਆ ਕਰਦਾ ਸਾਂ ਜੋ ਚੋਰੀ ਛੁਪੇ ਪੜ੍ਹੀਦੀ ਸੀ। ਨਾਲ ਹੀ ਉਸ ਦੇ ਜ਼ਿੰਮੇ ਇਹ ਵੀ ਕੰਮ ਲਗਾਇਆ ਹੋਇਆ ਸੀ ਕਿ ਉਹ ਰਾਤ ਨੂੰ ਗਾਂਧੀ ਜੀ ਬਾਰੇ ਆਖਰੀ ਖ਼ਬਰ ਰੇਡਿਉ ਤੋਂ ਸੁਣਕੇ ਆ ਕੇ ਮੈਨੂੰ ਦਸਿਆ ਕਰੇ। ਜਦੋਂ ਗਾਂਧੀ, ਜੀ ਦੀ ਹਾਲਤ ਖ਼ਰਾਬ ਹੋਣੀ ਸ਼ੁਰੂ ਹੋ ਗਈ, ਪੱਥਰ ਦਿਲ ਅੰਗਰੇਜ਼ ਤੇ ਕੋਈ ਅਸਰ ਨਾ ਹੋਇਆ ਤਾਂ ਸਾਰੇ ਭਾਰਤ ਵਿਚ ਇਕ ਬੇਚੈਨੀ ਜਿਹੀ ਫੈਲ ਗਈ। ਜੇਲ੍ਹ ਦੇ ਅੰਦਰ ਵੀ ਸਭ ਸਿਆਸੀ ਅਤੇ ਦੂਸਰੇ ਕੈਦੀ ਚਿੰਤਾ ਵਿਚ ਡੁੱਬੇ ਹੋਏ ਸਨ ਤੇ ਹਰ ਪਾਸੇ ਇਹੋ ਚਰਚਾ ਸੀ ਕਿ ਪਤਾ ਨਹੀਂ ਬਾਪੂ ਅੱਜ ਦਾ ਦਿਨ ਕੱਢਦੇ ਹਨ ਕਿ ਨਹੀਂ। ਸ: ਪ੍ਰਤਾਪ ਸਿੰਘ ਤੇ ਮੇਰੇ ਹੋਰ ਸਾਥੀ ਅਸੀਂ ਸਾਰੇ ਤੰਬੂਆਂ ਵਿਚ ਰਹਿੰਦੇ ਸਾਂ। ਮੈਂ ਸਿਆਲਕੋਟ ਜੇਲ੍ਹ ਵਿਚ ਸਭ ਤੋਂ ਪਹਿਲਾਂ ਨਜ਼ਰਬੰਦ ਹੋਣ ਕਰਕੇ ਇਕ ਕੋਠੜੀ ਵਿਚ ਸੀ। ਪ੍ਰਤਾਪ ਸਿੰਘ ਕਹਿਣ ਲੱਗਾ ਕਿ ਪ੍ਰੇਮ ਅੱਜ ਅਸੀਂ ਰਾਤ ਤੇਰੀ ਕੋਠੜੀ ਵਿਚ ਸੌਵਾਂਗੇ ਤਾਂ ਜੋ ਬਾਪੂ ਬਾਰੇ ਅਖ਼ੀਰਲੀ ਖ਼ਬਰ ਦਾ ਸਾਨੂੰ ਪਤਾ ਲੱਗ ਸਕੇ। ਪ੍ਰੋਗਰਾਮ ਅਨੁਸਾਰ ਵਾਰਡਰ ਨੇ ਰਾਤ ਦੇ ਯਾਰਾਂ ਵਜੇ ਆਉਣਾ ਸੀ ਪਰ ਉਹ ਨਾ ਆਇਆ, ਇਕ ਵਜ ਗਿਆ, ਦੋ ਵਜ ਗਏ। ਵਾਰਡਰ ਨੇ ਡਿਊਟੀ ਉੱਤੇ ਆਉਣਾ ਸੀ, ਉਸ ਦੇ ਨਾ ਆਉਣ ਕਰਕੇ ਅਸੀਂ ਸਾਰੇ ਫਿਕਰ ਵਿਚ ਹੋ ਗਏ ਤੇ ਇਹ ਖ਼ਿਆਲ ਕੀਤਾ ਕਿ ਸ਼ਾਇਦ ਗਾਂਧੀ ਜੀ ਬਾਰੇ ਕੋਈ ਖ਼ਬਰ ਚੰਗੀ ਨਹੀਂ ਜਿਹੜੀ ਉਹ ਸਾਨੂੰ ਨਾ ਦੱਸਣ ਕਾਰਨ, ਕਤਰਾ ਗਿਆ ਹੈ। ਉਸ ਵੇਲੇ ਉਸ ਨਿੱਕੀ ਜਿਹੀ ਕੋਠੜੀ ਵਿਚ ਅਸੀਂ ਪੰਜ ਬੰਦੇ ਸਾਂ। ਸ: ਪ੍ਰਤਾਪ ਸਿੰਘ, ਮੁਸਾਫ਼ਿਰ, ਫੇਰੂਮਾਨ, ਪੰ: ਮੰਗਲਦਾਸ ਤੇ ਮੈਂ। ਅਖ਼ੀਰ ਜਦੋਂ ਵਾਰਡਰ ਦੇ ਆਉਣ ਦੀ ਆਸ ਬਿਲਕੁਲ

Digitized by Panjab Digital Library | www.panjabdigilib.org

ਹੀ ਲਹਿ ਗਈ ਤਾਂ ਅਚਾਨਕ ਪ੍ਰਤਾਪ ਸਿੰਘ ਉਠ ਕੇ ਖੜਾ ਹੋ ਗਿਆ ਤੇ ਸਾਨੂੰ ਸਾਰਿਆ ਨੂੰ ਖੜਾ ਹੋਣ ਲਈ ਕਿਹਾ। ਜਦੋਂ ਅਸੀਂ ਖਲੋ ਗਏ ਤਾਂ ਪ੍ਰਤਾਪ ਸਿੰਘ ਨੇ ਅਰਦਾਸ ਸ਼ੁਰੂ ਕੀਤੀ ਤੇ ਕਿਹਾ "ਹੇ ਵਾਹਿਗੁਰੂ ਮੈਂ ਤੇਰੇ ਅੱਗੇ ਅੱਜ ਇਕ ਅਰਦਾਸ ਕਰਨ ਲੱਗਾ ਹਾਂ। ਮੈਂ ਜਾਣਦਾ ਹਾਂ ਕਿ ਇਹ ਅਰਦਾਸ ਸਿੱਖੀ ਅਸੂਲਾਂ ਦੇ ਖ਼ਿਲਾਫ ਹੈ, ਮੈਨੂੰ ਇਹ ਵੀ ਪਤਾ ਹੈ ਕਿ ਇਹ ਗਾਂਧੀ ਜੀ ਦੇ ਆਸ਼ੇ ਅਨੁਸਾਰ ਵੀ ਨਹੀਂ, ਪਰ ਕੋਈ ਗੱਲ ਨਹੀਂ ਇਸ ਪਾਪ ਲਈ ਤੂੰ ਮੈਨੂੰ ਸਜ਼ਾ ਦੇ ਦੇਈਂ। ਮੈਨੂੰ ਨਰਕ ਦੇ ਦੇਈਂ ਪਰ ਕ੍ਰਿਪਾ ਕਰਕੇ ਮੇਰੀ ਅਰਦਾਸ ਜ਼ਰੂਰ ਕਬੂਲ ਕਰ ਲਈਂ। ਅਰਦਾਸ ਇਹ ਹੈ ਕਿ ਜੇ ਵਕਤ ਦੇ ਸੰਘਰਸ਼ ਦੌਰਾਨ ਬਾਪੂ ਗਾਂਧੀ ਨੂੰ ਕੁਝ ਹੋ ਗਿਆ ਤਾਂ ਮੈਨੂੰ ਸਮੱਰਥਾ ਦੇਈਂ ਕਿ ਮੈਂ ਅੰਗਰੇਜ਼ ਦੇ ਲਹੂ ਦੇ ਦੋ ਘੁਟ ਭਰ ਸਕਾਂ ਤੇ ਹੋਰ ਲੋਕਾਂ ਵਿਚ ਵੰਡ ਸਕਾਂ।"

ਇਹ ਅਰਦਾਸ ਸੁਣ ਕੇ ਸਾਡੇ ਸਾਰਿਆਂ ਦੇ ਮਨ ਭਰ ਆਏ। ਉਸ ਦੇ ਇਸ ਅਮਲ ਨੇ ਦੇਸ਼ ਭਗਤੀ ਦੇ ਜਜ਼ਬੇ ਨੂੰ ਉਭਾਰ ਕੇ ਸਾਹਮਣੇ ਲਿਆਂਦਾ ਤੇ ਮੇਰੇ ਮਨ ਵਿਚ ਉਸ ਦਾ ਬਿੰਬ ਬਹੁਤ ਉੱਚਾ ਹੋ ਗਿਆ। ਜਦੋਂ ਅਸੀਂ ਜੇਲ੍ਹ ਵਿਚ ਆਏ ਸਾਂ, ਅਸੀਂ ਸਾਰੇ ਅਕਾਲੀ ਗਰੁੱਪ ਵਿਚ ਹੀ ਸਾ। ਉਸ ਵੇਲੇ ਅਕਾਲੀ, ਸੋਸ਼ਲਿਸਟ, ਕਮਿਉਨਿਸਟ, ਸਭ ਪਾਰਟੀਆਂ, ਇੰਡੀਅਨ ਨੈਸ਼ਨਲ ਕਾਂਗਰਸ ਦਾ ਅੰਗ ਹੀ ਸਨ। ਸਾਡੇ ਪਿੱਛੋਂ ਅਕਾਲੀ ਪਾਰਟੀ ਦੇ ਲੀਡਰ ਮਾ: ਤਾਰਾ ਸਿੰਘ ਨੇ ਕਝ ਅੰਗਰੇਜ਼ ਪੱਖੀ ਅਨਸਰ ਦੇ ਅਸਰ ਹੇਠ ਆ ਕੇ "ਖ਼ਾਲਸਾ ਡੀਫੈਂਸ ਆਫ਼ ਇੰਡੀਆ ਲੀਗ" ਬਣਾ ਲਈ ਤੇ ਸਿੱਖਾਂ ਨੂੰ ਫੌਜ ਵਿਚ ਭਰਤੀ ਹੋਣ ਦੀ ਪ੍ਰੇਰਨਾ ਕੀਤੀ। ਇਸ ਗੱਲ ਤੋਂ ਸਾਡੇ ਰਸਤੇ ਅੱਡ ਅੱਡ ਹੋ ਗਏ ਤੇ ਪ੍ਰਤਾਪ ਸਿੰਘ, ਮੁਸਾਫ਼ਿਰ, ਫੇਰੂਮਾਨ ਤੇ ਮੈਂ ਮੁੜ ਕੇ ਅਕਾਲੀ ਗਰੁੱਪ ਵਿਚ ਨਾ ਗਏ। ਅਸੀਂ ਸਿੱਧੇ ਕਾਂਗਰਸ ਵਿਚ ਹੀ ਕੰਮ ਕਰਦੇ ਰਹੇ।

ਅਸੀਂ ਇਹ ਫੈਸਲਾ ਵੀ ਸਿਆਲਕੋਟ ਜੇਲ੍ਹ ਵਿਚ ਹੀ ਕੀਤਾ ਸੀ ਕਿ ਬਾਹਰ ਨਿਕਲ ਕੇ ਪ੍ਰਤਾਪ ਸਿੰਘ ਨੂੰ ਪੰਜਾਬ ਦਾ ਨੇਤਾ ਬਨਾਉਣਾ ਹੈ ਤੇ ਉਸਦੀ ਕਮਾਂਡ ਹੇਠਾਂ ਕੰਮ ਕਰਨਾ ਹੈ।

ਆਜ਼ਾਦੀ ਹਾਸਲ ਹੋ ਜਾਣ ਤੋਂ ਬਾਅਦ ਜਦੋਂ ਅਸੀਂ ਸਾਰੇ ਪੂਰਬੀ ਪੰਜਾਬ ਵੱਲ ਵਾਪਸ ਆ ਗਏ ਤਾਂ ਉਜੜੇ ਹੋਏ ਲੋਕਾਂ ਨੂੰ ਮੁੜ ਵਸਾਉਣ, ਪੰਜਾਬ

Digitized by Panjab Digital Library | www.panjabdigilib.org

ਦੀ ਆਰਥਕ ਦਸ਼ਾ ਨੂੰ ਸੁਧਾਰਨ, ਗਰੀਬ ਅਤੇ ਪਛੜੇ ਹੋਏ ਲੋਕਾਂ ਦੀ ਹਾਲਤ ਸੰਵਾਰਨ ਵਾਲਾ ਪ੍ਰਤਾਪ ਸਿੰਘ ਦਾ ਜਜ਼ਬਾ ਹੋਰ ਉਭਰ ਕੇ ਤੇ ਉੱਜਲ ਕੇ ਸਾਡੇ ਸਾਹਮਣੇ ਆਇਆ ਤੇ ਆਪ ਨੇ ਆਪਣੀ ਵਜ਼ਾਰਤ ਦੇ ਸਮੇਂ ਵਿਚ ਜੰਗੀ ਆਧਾਰ ਤੇ ਸਿਰ ਫਿਰਿਆਂ ਦੀ ਤਰ੍ਹਾਂ ਕੰਮ ਕੀਤਾ। ਉਸ ਦੇ ਕੰਮ ਨੇ ਉਸਨੂੰ ਲੋਕਾਂ ਵਿਚ ਹੋਰ ਹਰਮਨ ਪਿਆਰਾ ਬਣਾਇਆ ਤੇ ਪੰਜਾਬ ਦਾ ਕਿਸਾਨ ਮਜ਼ਦੂਰ ਤੇ ਕਾਂਗਰਸੀ ਵਰਕਰ ਸਭ ਆਪ ਵੱਲ ਵੇਖਣ ਲੱਗ ਗਏ। ਆਪ ਦੇ ਚੇਹਰੇ 'ਤੇ ਰੋਸ਼ਨੀ ਦੀ ਕਿਰਨ ਨਜ਼ਰ ਆਈ ਅਤੇ ਆਪ ਉੱਤੇ ਆਸਾਂ ਤੇ ਉਮੀਦਾਂ ਬੱਝੀਆਂ।

ਸਿਆਸਤ ਬੜੀ ਟੇਢੀ ਖ਼ੀਰ ਹੈ ਇਸ ਵਿਚ ਚੰਗਾ ਕੰਮ ਤੇ ਪ੍ਰਸਿੱਧਤਾ ਵੀ ਹਸਦ ਨੂੰ ਜਨਮ ਦੇਂਦੇ ਹਨ। ਇਸ ਲਈ ਕਈਆਂ ਨੂੰ ਪ੍ਰਤਾਪ ਸਿੰਘ ਦੀ ਇਹ ਸ਼ੁਹਰਤ ਚੰਗੀ ਨਾ ਲੱਗੀ ਤੇ ਉਹ ਇਸ ਦੀਆਂ ਲੱਤਾਂ ਖਿੱਚਣ ਲਗ ਗਏ। ਜਦੋਂ ਇਕ ਸਾਜਿਜ਼ ਦੇ ਤਹਿਤ ਡਾਕਟਰ ਗੋਪੀ ਚੰਦ ਨੇ ਉਸਨੂੰ ਆਪਣੀ ਵਜ਼ਾਰਤ 'ਚੋਂ ਕੱਢਿਆ ਤੇ ਜਦੋਂ ਜਲੰਧਰ ਮੇਰੇ ਘਰ ਆ ਕੇ ਮੈਨੂੰ ਮਿਲਿਆ ਤਾਂ ਉਹ ਇਕ ਬਿਫਰੇ ਸ਼ੇਰ ਵਾਂਗ ਸੀ। ਖੱਦਰ ਦਾ ਕੁਰਤਾ-ਪਜਾਮਾ ਤੇ ਉੱਤੇ ਇਕ ਖੇਸੀ ਦੀ ਬੁੱਕਲ ਵਿਚ ਐਉਂ ਲਗਦਾ ਸੀ ਕਿ ਹੁਣੇ ਹੀ ਕਿਸੇ ਖੇਤ ਦੀ ਗੁਡਾਈ ਕਰਦਾ ਆਇਆ ਹੈ। ਇਹ ਕਿ ਉਹ ਪੰਜਾਬ ਦਾ ਵਜ਼ੀਰ ਰਿਹਾ ਹੈ, ਦਾ ਕੋਈ ਚਿੰਨ੍ਹ ਨਜ਼ਰ ਨਹੀਂ ਸੀ ਆਉਂਦਾ। ਇੰਨਾ ਚਿਰ ਵਜ਼ੀਰ ਰਹਿ ਕੇ ਵੀ ਉਸ ਦੀ ਜੇਬ ਵਿਚ ਕੋਈ ਪੈਸਾ ਨਹੀਂ ਸੀ। ਵਜ਼ਾਰਤ ਵਿਚ ਉਸ ਨੇ ਦਿਆਨਤਦਾਰੀ ਦਾ ਇਕ ਨਮੂਨਾ ਪੇਸ਼ ਕੀਤਾ। ਪਰ ਇਹ ਕਿ ਉਸ ਨੇ ਹੁਣ ਕਿਤਨੇ ਜ਼ੋਰ ਨਾਲ ਕੰਮ ਕਰਨਾ ਹੈ, ਦਾ ਅਨੁਭਵ ਉਸ ਦੇ ਸਾਹਮਣੇ ਸੀ। ਮਨ ਵਿਚ ਦ੍ਰਿੜ ਸੰਕਲਪ ਤੇ ਇਰਾਦਾ ਸੀ, ਆਪਣਾ ਰਾਹ ਆਪ ਬਣਾ ਕੇ ਅੱਗੇ ਵਧਣ ਦਾ। ਪਿਛੋਂ ਦੇ ਹਾਲਾਤ ਦਾ ਜਾਇਜ਼ਾ ਲੈਣ ਤੋਂ ਬਾਅਦ ਮੈਂ ਇਹ ਯਕੀਨ ਨਾਲ ਕਹਿ ਸਕਦਾ ਹਾਂ ਕਿ ਡਾ: ਗੋਪੀ ਚੰਦ ਦੀ ਉਹ ਵਧੀਕੀ ਜਾਂ ਗਲਤੀ ਤੇ ਉਸ ਵੇਲੇ ਉਸ ਜ਼ਖ਼ਮੀ ਸ਼ੇਰ ਦੀ ਮਾਨਸਕ ਅਵਸਥਾ ਹੀ ਪਿਛੋਂ ਡਾਕਟਰ ਗੋਪੀ ਚੰਦ ਦੇ ਪਤਨ ਦਾ ਕਾਰਨ ਸਾਬਤ ਹੋਈ। ਪ੍ਰਤਾਪ ਸਿੰਘ ਡਾਕਟਰ ਗੋਪੀ ਚੰਦ ਦੇ ਗਰੁੱਪ ਦਾ ਸੀ ਪਰ ਡਾਕਟਰ ਸ: ਬਲਦੇਵ ਸਿੰਘ ਅਤੇ ਗਿ: ਕਰਤਾਰ ਸਿੰਘ ਦੀ ਸਾਜਿਸ਼ ਵਿਚ ਆ ਗਿਆ ਜੋ ਪਿੱਛੋਂ ਉਸ ਨੂੰ ਬਹੁਤ

Digitized by Panjab Digital Library | www.panjabdigilib.org

ਮਹਿੰਗੀ ਪਈ।

ਮੁੱਖ ਮੰਤਰੀ ਬਣਨ ਤੋਂ ਬਾਅਦ ਪ੍ਰਤਾਪ ਸਿੰਘ ਨੇ ਸੂਬੇ ਦੀ ਭਲਾਈ ਲਈ ਹੋਰ ਵੀ ਜ਼ੋਰ ਨਾਲ ਕੰਮ ਕੀਤਾ। ਉਹ ਇਹ ਸੋਚਦਾ ਰਹਿੰਦਾ ਸੀ ਕਿ ਕਿਸ ਤਰ੍ਹਾਂ ਪਛੜੇ ਹੋਏ ਇਲਾਕੇ ਤੇ ਪਛੜੇ ਹੋਏ ਲੋਕਾਂ ਲਈ ਕੋਈ ਕਦਮ ਉਠਾਏ ਜਾਣ ਤਾਂ ਜੋ ਉਨ੍ਹਾਂ ਦੀ ਹਾਲਤ ਸੁਧਰ ਸਕੇ।

ਇਕ ਵਾਰੀ ਰਾਜਪੁਰਾ ਹਲਕੇ ਵਿਚ ਉਸ ਨੂੰ ਬੀਬੀ ਅਮਤੁਸ ਸਲਾਮ ਵਲੋਂ ਚਲਾਏ ਜਾ ਰਹੇ 'ਕਸਤੂਰਬਾ ਸੇਵਾ ਆਸ਼ਰਮ' ਨੂੰ ਵੇਖਣ ਦਾ ਇਤਫ਼ਾਕ ਹੋਇਆ। ਆਸ਼ਰਮ ਵਿਚ ਘਰੇਲੂ ਦਸਤਕਾਰੀਆਂ ਤੇ ਉਨ੍ਹਾਂ ਵਿਚ ਕੰਮ ਕਰਦੀਆਂ ਔਰਤਾਂ ਤੇ ਮਜ਼ਦੂਰਾਂ ਨੂੰ ਵੇਖ ਕੇ ਉਸ ਉੱਤੇ ਬੜਾ ਅਸਰ ਹੋਇਆ ਕਿ ਕਿਸ ਤਰ੍ਹਾਂ ਬੇ-ਰੁਜ਼ਗਾਰ ਲੋਕ ਸਾਬਣ, ਕਪੜਾ, ਤੇਲ ਤੇ ਬਰਤਨ ਆਦਿ ਤਿਆਰ ਕਰਕੇ ਆਪਣੀ ਰੋਟੀ ਕਮਾ ਲੈਂਦੇ ਹਨ। ਉਥੇ ਹੀ ਉਸਨੇ ਨਿਸ਼ਚਾ ਕਰ ਲਿਆ ਕਿ ਇਹ ਸਾਰਾ ਕੁਝ ਹੁਣ ਕਾਂਗੜਾ ਜਿਲ੍ਹੇ ਵਿਚ ਵੀ ਸ਼ੁਰੂ ਕਰਵਾਇਆ ਜਾਵੇਗਾ। ਪਛੜਿਆ ਹੋਇਆ ਕਾਂਗੜਾ ਤੇ ਉਥੋਂ ਦੇ ਲੋਕਾਂ ਦੀ ਗ਼ਰੀਬੀ ਉਸ ਦੀਆਂ ਅੱਖਾਂ ਦੇ ਸਾਹਮਣੇ ਸੀ। ਜਦੋਂ ਕਸ਼ਮੀਰ ਵਿਚ ਉਸਨੇ ਸਫੈਦੇ ਦੇ ਬੂਟੇ ਵੇਖੇ ਤੇ ਉਨ੍ਹਾਂ ਤੋਂ ਹੋਣ ਵਾਲੇ ਆਰਥਕ ਲਾਭ ਦਾ ਅੰਦਾਜ਼ਾ ਲਾਇਆ ਤਾਂ ਉਸਨੇ ਇਹ ਦਰਖ਼ਤ ਆਪਣੇ ਪੰਜਾਬ ਵਿਚ ਲਗਵਾਉਣ ਦਾ ਫੈਸਲਾ ਕੀਤਾ ਜੋ ਅੱਜ ਇਸ ਸੂਬੇ ਦੀ ਆਰਥਕ-ਦਸ਼ਾ ਵਿਚ ਸਹਾਈ ਹੋ ਰਹੇ ਹਨ।

ਕਿਸਾਨ ਤੇ ਮਜ਼ਦੂਰ ਦਾ ਪੱਖ ਕਦੇ ਉਸਦੀਆਂ ਅੱਖਾਂ ਤੋਂ ਉਹਲੇ ਨਹੀਂ ਸੀ ਰਿਹਾ। ਜਦੋਂ ਕੇਂਦਰ ਦੇ ਜ਼ੋਰ ਦੇਣ ਤੇ ਪੰਜਾਬ ਵਿਚ ਭੂਮੀ ਸੁਧਾਰ ਦਾ ਬਿਲ ਪਾਸ ਕਰਨਾ ਪਿਆ ਤਾਂ ਉਹ ਸੋਚਦਾ ਰਿਹਾ ਕਿ ਕਿਵੇਂ ਪੰਜਾਬ ਦੇ ਕਿਸਾਨ ਦੀ ਜ਼ਮੀਨ ਬਚਾਈ ਜਾ ਸਕਦੀ ਹੈ। ਉਸ ਨੇ ਕੋਈ ਚਰਚਾ ਕਰੇ ਬਗੈਰ ਕੇਂਦਰ ਨੂੰ ਮਨਾ ਲਿਆ ਕਿ ਜੇ ਕੋਈ ਜ਼ਿਮੀਦਾਰ ਬਾਗ਼ ਲਗਾ ਲਏ ਤਾਂ ਉਸਦੀ ਦਸ ਏਕੜ ਧਰਤੀ ਇਸ ਮੰਤਵ ਲਈ ਮੁਕਤ ਕਰ ਦਿੱਤੀ ਜਾਏਗੀ। ਉਸ ਨੇ ਇਹ ਰਖ਼ਨਾ ਰੱਖ ਲਿਆ ਤੇ ਇਸ ਤਰ੍ਹਾਂ ਬਹੁਤ ਲੋਕਾਂ ਨੇ ਲਾਭ ਉਠਾਇਆ। ਜਦੋਂ ਭੂਮੀ ਸੁਧਾਰ ਕਾਨੂੰਨ ਬਣਾਏ ਜਾਣ ਦੀ ਖ਼ਬਰ ਹੀ ਨਿਕਲੀ ਤਾਂ ਜ਼ਿਮੀ ਦਾਰ ਬੜੇ ਤਰਲੋ ਮੱਛ ਹੋਏ। ਮੈਂ ਸ: ਪ੍ਰਤਾਪ ਸਿੰਘ ਨਾਲ ਪੰਜਾਬ ਦੇ ਕਿਸੇ ਰੈਸਟ ਹਾਊਸ ਵਿਚ

Digitized by Panjab Digital Library | www.panjabdigilib.org

ਬੈਠਾ ਸੀ ਕਿ ਉੱਥੇ ਕਈ ਸਾਰੇ ਜਵਾਨ ਮੁੰਡੇ ਆਏ ਤੇ ਕਹਿਣ ਲੱਗੇ, ਭਾਊ ਹੁਣ ਤੋਂ ਸਾਡੀਆਂ ਜ਼ਮੀਨਾਂ ਵੀ ਖੋਹ ਲੈਣੀਆਂ ਹਨ। (ਭਾਊ, ਪ੍ਰਤਾਪ ਦਾ ਤਕੀਆ ਕਲਾਮ ਸੀ, ਉਹ ਜਦੋਂ ਵੀ ਕਿਸੇ ਨੂੰ ਜਫ਼ੀ ਪਾ ਕੇ ਮਿਲਦਾ ਤਾਂ ਕਹਿੰਦਾ, ਸੁਣਾ ਭਾਊ ਕੀ ਹਾਲ ਹੈ, ਤੇ ਫਿਰ ਲੋਕ ਵੀ ਉਸ ਨੂੰ ਭਾਊ ਬੁਲਾਉਣ ਲੱਗ ਪਏ) ਤਾਂ ਸ: ਪ੍ਰਤਾਪ ਸਿੰਘ ਨੇ ਕਿਹਾ, ਮੇਰੇ ਵੀਰੋ, ਮੈਂ ਬਹੁਤੀਆਂ ਜ਼ਮੀਨਾਂ ਨਹੀਂ ਰਹਿਣ ਦੇਣੀਆਂ, ਬੇਜ਼ਮੀਨਿਆਂ ਨੂੰ ਜ਼ਮੀਨਾਂ ਦੇਣੀਆਂ ਹਨ। ਬਾਗ਼ ਲਾ ਲਉ, ਬਾਗ਼ ਸੰਗਤਰਿਆਂ ਦੇ, ਮਾਲਟਿਆਂ ਦੇ। ਇਸ ਢੰਗ ਨਾਲ ਉਹ ਲੋਕਾਂ ਨੂੰ ਸਮਝਾਈ ਗਿਆ ਕਿ ਬਾਗ਼ ਦੇ ਬਹਾਨੇ ਆਪਣੀ ਧਰਤੀ ਬਚਾ ਲਉ। ਜਦੋਂ ਉਹ ਚਲੇ ਗਏ ਤਾਂ ਮੈਨੂੰ ਦੱਸਣ ਲੱਗਾ, ਪ੍ਰੇਮ ਲੋਕਾਂ ਦੀਆਂ ਜਮੀਨਾਂ ਬਚਾਉਣੀਆਂ ਵੀ ਤਾਂ ਹਨ।

ਪ੍ਰਤਾਪ ਸਿੰਘ ਇਕ ਸ੍ਰੇਸ਼ਠ ਬੁੱਧੀ ਵਾਲਾ ਮਾਨਵ ਸੀ ਤੇ ਆਪਣੇ ਮਿਲਣ ਵਾਲੇ ਲੋਕਾਂ ਦਾ ਸਹੀ ਅਨੁਮਾਨ ਲਗਾਉਣ ਲਈ ਇਕ ਉਕਾਬ-ਬੀਨ ਨਜ਼ਰ ਰੱਖਦਾ ਸੀ। ਉਹ ਇਕ ਕਟੱੜ ਦੇਸ਼-ਭਗਤ ਸੈਕੂਲਰ, ਕਾਮਯਾਬ ਸ਼ਾਸ਼ਕ, ਅਣਥੱਕ ਵਰਕਰ, ਦਲੇਰ ਤੇ ਫੈਸਲਾਕੁਨ ਇਨਸਾਨ, ਚੰਗਾ ਮਿੱਤਰ ਤੇ ਡਾਹਢਾ ਦੁਸ਼ਮਣ ਸੀ। ਉਸ ਦੀ ਅਖ਼ੀਰਲੀ ਸਿਫ਼ਤ ਨੂੰ ਲਿਖਣ ਲੱਗਿਆਂ ਮੈਨੂੰ ਮੁਸਾਫ਼ਿਰ ਦੀਆਂ ਇਹ ਪੰਕਤੀਆਂ ਯਾਦ ਆਉਂਦੀਆਂ ਹਨ ਜੋ ਉਸ ਨੇ ਮਹਾਰਾਜਾ ਰਣਜੀਤ ਸਿੰਘ ਬਾਰੇ ਲਿਖੀਆਂ ਸਨ ਤੇ ਜੋ ਪ੍ਰਤਾਪ ਸਿੰਘ 'ਤੇ ਐਨ ਢੁੱਕਦੀਆਂ ਹਨ।

ਮਿੱਤਰਾਂ ਨੂੰ ਹੌਸਲੇ ਭਰੋਸਾ ਰਿਹਾ ਆਤਰਾਂ ਨੂੰ<br>
ਵੈਰੀਆਂ ਦੀ ਜਿੰਦ ਜਾਨ ਸਦਾ ਭੈ-ਭੀਤ ਰਹੀ<br>
ਸਦਾ ਰਣਜੀਤ ਤੇਰੀ ਸਦਾ ਰਣ ਜੀਤ ਰਹੀ

ਵੈਸੇ ਤਾਂ ਪ੍ਰਤਾਪ ਸਿੰਘ ਹਮੇਸ਼ਾਂ ਹੀ ਚੜ੍ਹਦੀਆਂ ਕਲਾ ਵਿਚ ਰਹਿੰਦਾ। ਪਰ ਸੰਕਟ ਦੇ ਸਮੇਂ ਉਸ ਦਾ ਜਲਾਲ ਹੋਰ ਵੀ ਹੁੰਦਾ ਸੀ। ਜਿਸ ਦ੍ਰਿੜਤਾ ਤੇ ਮੁਸਤਕਿਲ ਮਿਜ਼ਾਜੀ ਨਾਲ ਉਸ ਨੇ ਹਿੰਦੀ ਰਖਿਆ, ਪੰਜਾਬੀ ਸੂਬਾ, ਭਲਾਈ ਟੈਕਸ ਤੇ ਚੀਨ ਦੇ ਹਮਲੇ ਵੇਲੇ ਮੁਕਾਬਲਾ ਕੀਤਾ, ਉਹ ਉਸ ਦਾ ਹੀ ਹਿਸਾ ਸੀ। ਚੀਨ ਦੇ ਹਮਲੇ ਵੇਲੇ ਜੋ ਮੁਹਿੰਮ ਉਸ ਨੇ ਚਲਾਈ, ਜਵਾਨਾਂ ਲਈ ਸਾਮਾਨ ਇਕੱਠਾ ਕੀਤਾ, ਜੰਗੀ ਫੰਡ ਤੇ ਬਹੁਤ ਸਾਰਾ ਸੋਨਾ ਜਵਾਹਰ ਲਾਲ ਨੂੰ ਜਾ ਕੇ ਭੇਟ ਕੀਤਾ, ਪਿੰਡ ਪਿੰਡ ਤੇ ਸ਼ਹਿਰ ਸ਼ਹਿਰ ਲੋਕਾਂ ਦੀ ਹੁਬ-ਉਲ-ਵਤਨੀ ਨੂੰ ਉਭਾਰਿਆ,

Digitized by Panjab Digital Library | www.panjabdigilib.org

ਫੌਜੀ ਮੁਹਾਜ਼ ਤੇ ਜਾ ਕੇ ਜਵਾਨਾਂ ਦੇ ਹੌਂਸਲੇ ਬੁਲੰਦ ਕੀਤੇ ਤਾਂ ਆਪ ਦੀ ਸ਼ੋਭਾ ਭਾਰਤ ਦੇ ਕੋਨੇ-ਕੋਨੇ ਵਿਚ ਫੈਲ ਗਈ । ਮੈਂ ਦਖਣ ਦੇ ਕਿਸੇ ਸ਼ਹਿਰ ਵਿਚ ਸੀ ਕਿ ਉਥੇ ਕੁਝ ਉਥੋਂ ਦੇ ਆਦਮੀ ਮਿਲੇ ਤਾਂ ਇਕ ਨੇ ਮੇਰੇ ਤੇ ਸਵਾਲ ਕੀਤਾ ਕਿ ਸਰਦਾਰ ਸਾਹਿਬ "ਕਿਆ ਸ: ਪ੍ਰਤਾਪ ਸਿੰਘ ਹਮੇ ਭੀ ਬਚਾਏਗਾ ਕਿ ਨਹੀ" ਇਸ ਤਰ੍ਹਾਂ ਦੇਸ਼ ਦੇ ਆਮ ਲੋਕਾਂ ਵਿਚ ਉਹ ਇਕ ਨਜਾਤ ਦਹਿੰਦਾ ਦੀ ਸ਼ਕਲ ਵਿਚ ਸਾਹਮਣੇ ਆਇਆ ।

ਸਿਆਸਤ ਵਿਚ ਬਹੁਤ ਵਾਰੀ ਬਿਨਾਂ ਕਸੂਰ ਵੀ ਦੁਸ਼ਮਣ ਪੈਦਾ ਹੋ ਜਾਂਦੇ ਹਨ । ਤਾਕਤ ਦੀ ਲੜਾਈ ਵਿਚ ਚੂੰਕਿ ਅਗਲੇ ਨੂੰ ਪਿਛਾਂਹ ਕਰਕੇ ਆਪ ਅੱਗੇ ਲੰਘਣਾ ਹੁੰਦਾ ਹੈ, ਇਸ ਲਈ ਸਿਆਸਤਦਾਨ ਹਰ ਜ਼ਾਇਜ-ਨਾਜ਼ਾਇਜ ਤਰੀਕੇ ਨਾਲ ਆਪਣੇ ਵਿਰੋਧੀ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕਰਦਾ ਹੈ । ਪ੍ਰਤਾਪ ਸਿੰਘ ਨੇ ਬੜੇ ਮਿੱਤਰ ਤੇ ਹਮਦਰਦ ਬਣਾਏ ਪਰ ਡਾਹਢਾ ਤੇ ਲੜਾਕਾ ਹੋਣ ਕਰਕੇ ਉਸ ਦੇ ਦੁਸ਼ਮਣਾਂ ਦੀ ਗਿਣਤੀ ਵੀ ਕੋਈ ਘੱਟ ਨਹੀਂ ਸੀ । ਜਿਸ ਨਾਲ ਇਕ ਵਾਰੀ ਨਾਰਾਜ਼ ਹੋ ਜਾਏ, ਉਸ ਨੂੰ ਘੱਟ ਹੀ ਮੁਆਫ਼ ਕਰਦਾ ਸੀ । ਖੋਰੀ ਇਤਨਾ ਸੀ ਕਿ ਜਿਸਦਾ ਵੈਰੀ ਬਣ ਜਾਏ, ਉਸ ਵਿਰੁੱਧ ਤਾਕਤ ਦੀ ਪੂਰੀ ਵਰਤੋਂ ਕਰਕੇ ਉਸ ਨੂੰ ਵੱਟੋ ਵੱਟ ਪਾਈ ਰੱਖਦਾ ਸੀ ।

ਪ੍ਰਤਾਪ ਸਿੰਘ ਜਿਥੇ ਉਪਰ ਦੱਸੀਆਂ ਗਈਆਂ ਗੱਲਾਂ ਕਰਕੇ ਸ਼ੋਭਾ ਦਾ ਪਾਤਰ ਸੀ ਉਥੇ ਇਕ ਬੜਾ ਭਾਰਾ ਵਿਵਾਦ ਪੂਰਨ ਵਿਅਕਤੀ ਵੀ ਸੀ । ਮੁੱਖ ਮੰਤਰੀ ਦਾ ਸਮੱਰਥਾ ਭਰਪੂਰ ਅਹੁਦਾ ਉਸ ਪਾਸ ਹੋਣ ਕਰਕੇ ਇਹ ਕਿਸੇ ਹੱਦ ਤਕ ਕੁਦਰਤੀ ਵੀ ਸੀ । ਕੁਝ ਅਖੀਰ ਵਿਚ ਆ ਕੇ ਉਸ ਦੇ ਸਬੰਧੀਆਂ ਵਲੋਂ ਕੀਤੇ ਕੰਮ ਉਸ ਦੀ ਚਿੱਟੀ ਚਾਦਰ ਨੂੰ ਵੀ ਦਾਗ਼ਦਾਰ ਕਰ ਗਏ । ਭਾਵੇਂ ਸ਼ੁਰੂ ਵਿਚ ਉਸ ਦਾ ਇਸ ਤਰ੍ਹਾਂ ਦੇ ਕੰਮਾਂ ਵਿਚ ਕੋਈ ਹੱਥ ਨਹੀਂ ਸੀ ਪਰ ਹੌਲੀ-ਹੌਲੀ ਉਨ੍ਹਾਂ ਵੱਲ ਘੇਸਲ ਤੇ ਚਸ਼ਮਪੋਸ਼ੀ ਤੇ ਫ਼ਿਰ ਅੰਦਰਖ਼ਾਤੇ ਸੰਮਤੀ ਨੇ ਉਸ ਦਾ ਉੱਚਾ ਬਿੰਬ ਤੇ ਮੁਨਾਰਾ ਢਾਹ ਦਿੱਤਾ । ਇਹ ਚਸ਼ਮਪੋਸ਼ੀ ਤੇ ਸੰਮਤੀ ਉਸ ਨੂੰ ਕਿਹੜੇ ਪਿਆਰ, ਮਜਬੂਰੀ ਜਾਂ ਲਾਲਚ ਹੇਠਾਂ ਕਰਨੀ ਪਈ ਇਸ ਜ਼ਿਕਰ ਤੋਂ ਗੁਰੇਜ਼ ਕਰਨਾ ਹੀ ਮੁਨਾਸਬ ਸਮਝਦਾ ਹਾਂ । ਪਰ ਉਸ ਦੀ ਇਹ ਅਵਸਥਾ ਜਦੋਂ ਮੇਰੇ ਸਾਹਮਣੇ ਆ ਜਾਂਦੀ ਹੈ ਤਾਂ ਮੈਨੂੰ ਬਹੁਤ ਅਫ਼ਸੋਸ ਹੁੰਦਾ ਹੈ ਕਿ ਇਤਨੇ ਵੱਡੇ ਦੇਸ਼ ਭਗਤ ਦਾ ਅੰਤ ਚੰਗਾ ਨਹੀਂ ਹੋਇਆ ।

Digitized by Panjab Digital Library | www.panjabdigilib.org

ਦੇਸ਼ ਦੇ ਮਹਿਬੂਬ ਨੇਤਾ ਤੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ, ਪ੍ਰਤਾਪ ਸਿੰਘ ਉਤੇ ਖ਼ਾਸ ਮੇਹਰਬਾਨ ਸਨ। ਪੰਡਤ ਨਹਿਰੂ ਕੰਮ ਕਰਨ ਵਾਲੇ ਇਨਸਾਨ ਦੀ ਬੜੀ ਕਦਰ ਸੀ ਤੇ ਇਸ ਸਬੰਧ ਵਿਚ ਉਹ ਕਈ ਵਾਰੀ ਉਸ ਦੀਆਂ ਕਮੀਆਂ ਵੀ ਨਜ਼ਰ ਅੰਦਾਜ਼ ਕਰ ਜਾਂਦੇ ਸਨ।

1958 ਵਿਚ ਪ੍ਰਤਾਪ ਸਿੰਘ ਨੂੰ ਜਦੋਂ ਹਾਈ ਕਮਾਂਡ ਨੇ ਇਹ ਕਿਹਾ ਹੈ ਕਿ ਉਹ ਕਾਂਗਰਸ ਅਸੈਂਬਲੀ ਪਾਰਟੀ ਤੋਂ ਭਰੋਸੇ ਦਾ ਮਤਾ ਪਾਸ ਕਰਵਾਏ ਤਾਂ ਉਸ ਸਮੇਂ ਮੁਸਾਫ਼ਿਰ ਜੀ ਤੇ ਅਸੀ ਉਸ ਦੀਆਂ ਕੁਝ ਗਲਤੀਆਂ ਕਰਕੇ ਉਸ ਨਾਲ ਨਾਰਾਜ਼ ਸੀ। ਅਸੀਂ ਉਸ ਦੀ ਵਿਰੋਧਤਾ ਦਾ ਫੈਸਲਾ ਕੀਤਾ। ਜਵਾਹਰ ਲਾਲ ਜੀ ਕਾਂਗਰਸ ਵਿਚ ਗਰੁੱਪ ਨਹੀਂ ਸਨ ਬਣਾਉਂਦੇ। ਉਨ੍ਹਾਂ ਨੂੰ ਲੋੜ ਵੀ ਕੀ ਸੀ ਜਦੋਂ ਸਾਰਾ ਦੇਸ਼ ਹੀ ਉਨ੍ਹਾਂ ਦੇ ਪਿਛੇ ਸੀ। ਆਮ ਤੌਰ ਤੇ ਉਹ ਕਾਂਗਰਸ ਦੀਆਂ ਲੜਾਈਆਂ ਵਿਚ ਨਿਰਪੱਖ ਰਹਿੰਦੇ ਸਨ। ਜਦੋਂ ਹੋਰ ਕਈ ਆਗੂਆਂ ਨਾਲ ਮੁਸਾਫ਼ਿਰ ਵੀ ਪ੍ਰਤਾਪ ਸਿੰਘ ਨਾਲ ਨਾਰਾਜ਼ ਹੋ ਗਿਆ ਤਾਂ ਪ੍ਰਤਾਪ ਸਿੰਘ ਜਵਾਹਰ ਲਾਲ ਪਾਸ ਜਾ ਕੇ ਰੋਇਆ। ਜਵਾਹਰ ਲਾਲ ਜੀ ਦੇ ਮੁਸਾਫ਼ਿਰ ਨਾਲ ਸਬੰਧ ਬਹੁਤ ਹੀ ਨੇੜੇ ਦੇ ਸਨ ਤੇ ਆਪਸ ਵਿਚ ਬੇ-ਤਕਲਫ਼ੀ ਸੀ। ਮੈਂ ਤੇ ਮੁਸਾਫ਼ਿਰ ਜੀ ਡੇਹਰਾਦੂਨ ਸਾਂ ਕਿ ਸਾਨੂੰ ਸ੍ਰੀ ਮਾਨ ਨਰਾਇਣ ਦਾ ਸੁਨੇਹਾ ਮਿਲਿਆ ਕਿ ਪੰਡਤ ਜੀ ਮੁਸਾਫ਼ਿਰ ਸਾਹਿਬ ਨੂੰ ਯਾਦ ਕਰਦੇ ਹਨ। ਅਸੀਂ ਮੰਸੂਰੀ ਜਾਣਾ ਸੀ ਪਰ ਸੁਨੇਹਾ ਮਿਲਣ ਤੇ ਵਾਪਸ ਦਿੱਲੀ ਆ ਗਏ। ਪੰਡਤ ਜੀ ਨੇ ਮੁਸਾਫ਼ਿਰ ਜੀ ਨੂੰ ਕਿਹਾ ਕਿ ਪ੍ਰਤਾਪ ਸਿੰਘ ਦੀ ਮਦਦ ਕਰਨੀ ਹੈ। ਮੁਸਾਫ਼ਿਰ ਜੀ ਨੇ ਕਿਹਾ, ਪੰਡਤ ਜੀ ਤੁਸੀ ਪਹਿਲੇ ਕਿਉਂ ਨਹੀਂ ਦਸਿਆ, ਮੇਰੇ ਆਦਮੀ ਉਸ ਦੇ ਖ਼ਿਲਾਫ਼ ਹੋ ਰਹੇ ਹਨ। ਪੰਡਤ ਜੀ ਦੇ ਪੁੱਛਣ ਤੇ ਕਿ ਕੌਣ ਆਦਮੀ? ਤਾਂ ਮੁਸਾਫ਼ਿਰ ਜੀ ਨੇ ਜ਼ੈਲ ਸਿੰਘ ਦਾ ਤੇ ਮੇਰਾ ਨਾਂ ਲਿਆ। ਪੰਡਤ ਜੀ ਨੇ ਕਿਹਾ, "ਚੰਗਾ, ਪ੍ਰੇਮ ਸਿੰਘ ਕੋ ਮੇਰੇ ਪਾਸ ਭੇਜ ਦੋ।" ਪੰਡਤ ਜੀ ਮੇਰੇ ਨਾਲ ਪੈਪਸੂ ਵਿਚ ਕੰਮ ਕਰਨ ਕਰਕੇ ਬੜੇ ਖ਼ੁਸ਼ ਸਨ ਤੇ ਮੇਹਰਬਾਨ ਵੀ। ਮੈਨੂੰ ਵੀ ਉਨ੍ਹਾਂ ਇਹੋ ਗੱਲ ਕਹੀ। ਜਦੋਂ ਮੈਂ ਉਸ ਦੀਆਂ ਗਲਤੀਆਂ ਤੇ ਖਾਮੀਆਂ ਦਾ ਜ਼ਿਕਰ ਕੀਤਾ ਤਾਂ ਕਹਿਣ ਲੱਗੇ, "ਸਭ ਠੀਕ ਹੈ ਪਰ ਕਾਮ ਤੋ ਕਰ ਰਹਾ ਹੈ ਨਾ। ਅਗਰ ਉਸ ਕੇ ਲੜਕੇ ਇਸ ਤਰ੍ਹਾਂ ਕੇ ਕਾਮ ਨਾ ਕਰਤੇ ਤੋ ਕੋਈ ਬਿਰਲਾ ਟਾਟਾ ਕਰ ਲੇਤੇ। ਯੇਹ ਨਹੀਂ ਕਿ ਮੈਂ ਉਨ ਕੇ ਇਸ ਅਮਲ ਕੇ ਹੱਕ ਮੇਂ ਹੂੰ ਪ੍ਰੰਤੂ ਪ੍ਰਤਾਪ ਸਿੰਘ ਕਾਮ ਤੋਂ ਜ਼ੋਰ ਸੇ ਕਰ ਰਹਾ ਹੈ। ਅਬ ਰਾਜਾ ਜੀ ਮੇਰੇ ਸਾਥ

Digitized by Panjab Digital Library | www.panjabdigilib.org

ਨਾਰਾਜ਼ ਹੈ ਕਿ ਮੈਨੇ ਏਕ ਅਨਪੜ੍ਹ ਕਾਮਰਾਜ ਕੋ ਮੁੱਖ ਮੰਤਰੀ ਬਨਾ ਦੀਆ ਹੈ, ਮੈਂ ਨੇ ਕਹਾਂ ਬਨਾਇਆ ਹੈ, ਉਸ ਨੇ ਕਾਮ ਸੰਭਾਲ ਲੀਆ ਹੈ ਤੋ ਮੈਂ ਕਿਆ ਕਰ ਸਕਤਾ ਹੂੰ।"

ਖ਼ੈਰ! ਅਸੀਂ ਤਾਂ ਜਵਾਹਰ ਲਾਲ ਦਾ ਹੁਕਮ ਮੰਨ ਕੇ ਉਸ ਦੀ ਇੱਛਾ ਤੇ ਫੁਲ ਚੜ੍ਹਾ ਦਿੱਤੇ।

ਪ੍ਰਤਾਪ ਸਿੰਘ ਚਤਰ ਦਿਮਾਗ਼ ਤੇ ਹਾਸ ਵਿਲਾਸ ਵਾਲੀ ਰੁਚੀ ਦਾ ਮਾਲਕ ਸੀ। ਜਦੋਂ ਉਹ ਰਉਂ ਵਿਚ ਹੋਵੇ ਤਾਂ ਉਸ ਦੇ ਸਾਥ ਵਿਚ ਬੜਾ ਮਜ਼ਾ ਆਉਂਦਾ ਸੀ।

ਹੇਠਾਂ ਉਸ ਦੀਆਂ ਸਿਫ਼ਤਾਂ ਤੇ ਉਸ ਨਾਲ ਸਬੰਧਿਤ ਚੁਟਕਲਿਆਂ ਦਾ ਜ਼ਿਕਰ ਜ਼ਰੂਰ ਦਿਲਚਸਪੀ ਦਾ ਕਾਰਨ ਬਣੇਗਾ। ਪਹਿਲਾਂ ਪਹਿਲ ਪ੍ਰਤਾਪ ਸਿੰਘ ਨੂੰ ਟ੍ਰਾਂਸਪੋਰਟ ਦਾ ਮਹਿਕਮਾ ਮਿਲਿਆ। ਲੋਕ ਤਾਜ਼ੇ-ਤਾਜ਼ੇ ਉੱਜੜ ਕੇ ਆਏ ਸਨ ਤੇ ਨਾਲ ਹੀ ਕਿਤਨੇ ਸਾਰੇ ਵਰਕਰ ਵੀ ਬੇ-ਰੁਜ਼ਗਾਰ ਫਿਰਦੇ ਸਨ। ਪ੍ਰਤਾਪ ਸਿੰਘ ਦੀ ਦੂਰ ਦ੍ਰਿਸ਼ਟੀ ਨੇ ਉਸ ਨੂੰ ਸੁਝਾਇਆ ਕਿ ਕਿਸ ਤਰ੍ਹਾਂ ਵਰਕਰਾਂ ਤੇ ਉੱਜੜੇ ਹੋਏ ਲੋਕਾਂ ਨੂੰ ਮੁੜ ਵਸਾਉਣ ਵਿਚ ਮਦਦ ਕੀਤੀ ਜਾ ਸਕਦੀ ਹੈ।

ਪ੍ਰਤਾਪ ਸਿੰਘ ਬੁਲਾਰਾ ਬੜਾ ਚੰਗਾ ਸੀ। ਕਿਸਾਨਾਂ ਦੀ ਹਮਦਰਦੀ ਵੀ ਉਸ ਵਿਚ ਕੁੱਟ-ਕੁੱਟ ਕੇ ਭਰੀ ਹੋਈ ਸੀ। ਇਕ ਜਲਸੇ ਵਿਚ ਤਕਰੀਰ ਕਰਦੇ ਕਰਦੇ ਜਦੋਂ ਕਿਸਾਨ ਦੇ ਖੇਤਾਂ ਵਿਚ ਪਾਣੀ ਦਾ ਜ਼ਿਕਰ ਕਰ ਰਿਹਾ ਸੀ ਤਾਂ ਕਹਿਣ ਲੱਗਾ, 'ਮੈਂ ਬੱਦਲਾਂ ਵਲ ਵੇਖਦਾ ਰਹਿੰਦਾ ਹਾਂ ਕਿ ਹੁਣ ਵਸਣਗੇ ਤੇ ਖੇਤਾਂ ਵਿਚ ਪਾਣੀ ਭਰ ਦੇਣਗੇ। ਪਰ ਇਹ ਸੌਹਰੇ ਤਾਂਹ ਦੇ ਤਾਂਹ ਹੀ ਚਲੇ ਜਾਂਦੇ ਨੇ। ਮੈਂ ਤੁਹਾਨੂੰ ਆਪਣਾ ਦਿਲ ਚੀਰ ਕੇ ਵਿਖਾਵਾਂ। ਦਿਲ ਕਰਦਾ ਹੈ ਕਿ ਸਾਇੰਸ ਦੀ ਕਿਸੇ ਨਵੀਂ ਕਾਢ ਅਨੁਸਾਰ ਜਦੋਂ ਚਾਹੀਏ ਮੀਂਹ ਵਰ੍ਹਸਾ ਲਈਏ ਤਾਂ ਜੋ ਮੇਰੇ ਕਿਸਾਨ ਵੀਰਾਂ ਨੂੰ ਇਨ੍ਹਾਂ ਬੱਦਲਾਂ ਦੀ ਝਾਕ ਨਾ ਰਵ੍ਹੇ।"

ਅਸੀਂ ਸਿਆਲਕੋਟ ਜੇਲ੍ਹ ਵਿਚ ਸੀ। ਮੈਂ ਤੇ ਪ੍ਰਤਾਪ ਸਿੰਘ ਅਕਸਰ ਸ਼ਤਰੰਜ ਖੇਡਦੇ ਸਾਂ। ਇਕ ਦਿਨ ਸਵੇਰੇ ਨਾਸ਼ਤਾ ਕਰਕੇ ਬੈਠੇ ਤੇ ਜਦੋਂ ਇਕ ਵਜੇ ਰੋਟੀ ਲਈ ਘੰਟੀ ਵੱਜੀ ਤਾਂ ਸਾਡੀ ਪਹਿਲੀ ਬਾਜ਼ੀ ਅਜੇ ਖ਼ਤਮ ਨਹੀਂ ਸੀ ਹੋਈ। ਪ੍ਰਤਾਪ ਸਿੰਘ ਕਹਿਣ ਲੱਗਾ, "ਪ੍ਰੇਮ ਬਸ ਇਹੋ ਸਿਆਸਤ ਹੈ। ਜੇਹੜਾ ਦੋ

Digitized by Panjab Digital Library | www.panjabdigilib.org

ਚਾਲਾਂ ਸੋਚ ਕੇ ਚੱਲੇਗਾ: ਆਪਣਾ ਵਜ਼ੀਰ ਮਰਵਾ ਲਏਗਾ ਤੇ ਜਿਹਾ ਸਤ ਚਾਲਾਂ ਸੋਚ ਕੇ ਚੱਲੇਗਾ ਉਹ ਬਾਜ਼ੀ ਜਿੱਤ ਜਾਏਗਾ।

ਮੁੱਖ ਮੰਤਰੀ ਹੱਟਣ ਤੋਂ ਬਾਅਦ ਪ੍ਰਤਾਪ ਸਿੰਘ ਬਹੁਤਾ ਚਿਰ ਜੀਅ ਨਾ ਸਕਿਆ। ਇਹ ਨਹੀਂ ਕਿ ਉਹ ਢਹਿੰਦੀਆਂ ਕਲਾਂ ਵਿਚ ਹੋ ਗਿਆ ਸੀ —ਸਗੋਂ ਦਿੱਲੀ ਤੋਂ ਆਉਂਦਿਆਂ ਰਾਈ ਦੇ ਕੋਲ ਕਰਕੇ ਉਸ ਦਾ ਕਤਲ ਕਰ ਦਿੱਤਾ ਗਿਆ ਸੀ।

ਉਸ ਦੇ ਸੰਸਕਾਰ 'ਤੇ ਭੋਗ ਤੇ ਪਿੰਡ ਕੈਰੋਂ ਵਿਚ ਲੋਕਾਂ ਦਾ ਇਕ-ਬੇਪਨਾਹ ਹਜੂਮ ਸੀ ਜੋ ਉਸ ਦੀ ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਲਈ ਆਏ ਹੋਏ ਸਨ। ਕੇਂਦਰ ਤੋਂ ਸ਼੍ਰੀ ਮਤੀ ਇੰਦਰਾ ਗਾਂਧੀ ਤੇ ਬਾਬੂ ਜਗਜੀਵਨ ਰਾਮ ਜੀ ਨੇ ਆ ਕੇ ਪ੍ਰਤਾਪ ਸਿੰਘ ਨੂੰ ਸ਼ਰਧਾਂਜਲੀ ਭੇਂਟ ਕੀਤੀ।

ਪ੍ਰਤਾਪ ਸਿੰਘ ਦਾ ਜੀਵਨ ਤੇ ਕਾਰਨਾਮੇ ਹਮੇਸ਼ਾਂ-ਹਮੇਸ਼ਾਂ ਲਈ ਪੰਜਾਬ ਦੇ ਇਤਿਹਾਸ ਦਾ ਹਿੱਸਾ ਰਹਿਣਗੇ ਤੇ ਆਉਂਦੀਆਂ ਪੀੜ੍ਹੀਆਂ ਵਿਚ ਚਰਚਾ ਰਹੇਗੀ ਕਿ ਪੰਜਾਬ ਵਿਚ ਕਿਸੇ ਸਮੇਂ ਇਕ ਸ਼ੇਰ-ਮਰਦ ਪੈਦਾ ਹੋਇਆ ਸੀ ਜਿਸਨੇ ਹਿੰਮਤ, ਲਗਨ ਤੇ ਕੋਸ਼ਿਸ਼ ਨਾਲ ਪੰਜਾਬ ਦੇ ਵਿਕਾਸ ਦਾ ਮੂੰਹ ਮੱਥਾ ਸੰਵਾਰਿਆ ਸੀ।

Digitized by Panjab Digital Library | www.panjabdigilib.org

# ਲਾਲ ਬਹਾਦਰ ਸ਼ਾਸਤਰੀ

ਇਕ ਅਤਿ ਗਰੀਬੜੇ ਘਰ ਦਾ ਪਤਲਾ, ਸੁੱਕਾ ਜਿਹਾ, ਠਿੰਗਣਾ ਜਿਹਾ ਆਦਮੀ ਜਿਹੜਾ ਇਕ ਵੱਡੇ ਓਵਰਕੋਟ ਦੀ ਜੇਬ ਵਿਚ ਆ ਜਾਂਦਾ ਹੋਵੇ, ਕੇਵਲ ਆਪਣੀ ਲਿਆਕਤ, ਸ਼ਰਾਫਤ, ਸੱਚਾਈ, ਦਿਆਨਤਦਾਰੀ, ਖਲੂਸ-ਦਿਲੀ ਤੇ ਖੁਸ਼ਖ਼ਲਕੀ ਨਾਲ ਉਭਰ ਕੇ ਭਾਰਤ ਬਲਕਿ ਵਿਸ਼ਵ ਦੀ ਇਕ ਮਹਾਨ ਸਖਸ਼ੀਅਤ ਸਾਬਤ ਹੋਇਆ, ਉਹ ਸਾਡਾ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸ਼ਤਰੀ ਸੀ। ਲਾਲ ਬਹਾਦਰ ਦਾ ਜਨਮ 2 ਅਕਤੂਬਰ 1904 ਨੂੰ ਸ਼ਾਰਦਾ ਪ੍ਰਸ਼ਾਦ ਅਧਿਆਪਕ ਦੇ ਘਰ ਪਿੰਡ ਰਾਮ ਨਗਰ (ਯੂ. ਪੀ.) ਵਿਚ ਹੋਇਆ। ਆਪ ਕੇਵਲ ਡੇਢ ਸਾਲ ਦੇ ਸਨ ਜਦੋਂ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ। ਬਚਪਨ ਵਿਚ ਆਪ ਨੂੰ 'ਨੰਨੇ' ਕਰਕੇ ਸੱਦਿਆ ਜਾਂਦਾ ਸੀ। ਆਪ ਦੀ ਮਾਤਾ ਰਾਮ ਦੁਲਾਰੀ ਆਪ ਨੂੰ ਪਿਆਰ ਨਾਲ 'ਬਚਵਾ' ਕਰਕੇ ਬੁਲਾਂਦੀ ਸੀ। ਪਿਤਾ ਜੀ ਦੀ ਸਰਪ੍ਰਸਤੀ ਉਠ ਜਾਣ ਦੇ ਕਾਰਨ ਆਪ ਨੇ ਆਪਣਾ ਬਚਪਨ ਆਪਣੇ ਨਾਨਕੇ ਘਰ ਗੁਜ਼ਾਰਿਆ, ਜਿਥੇ ਆਪ ਦੀ ਮਾਤਾ ਨੇ ਜਾ ਕੇ ਪਨਾਹ ਲਈ। ਆਪ ਦੇ ਪਿਤਾ ਦੀ ਮੌਤ ਸਮੇਂ , ਰਾਮ ਦੁਲਾਰੀ ਦੀ ਉਮਰ ਕੋਈ 25-26 ਸਾਲ ਦੀ ਸੀ ਤੇ ਜਿਸ ਔਖ, ਬੁਰਦਬਾਰੀ ਤੇ ਦ੍ਰਿੜਤਾ ਨਾਲ ਆਪ ਨੇ ਆਪਣੀਆਂ ਦੋ ਬੇਟੀਆਂ ਤੇ ਬੇਟੇ ਦੀ ਪਾਲਨਾ ਪੋਸਨਾ ਕੀਤੀ ਉਹ ਇਕ ਬੜੀ ਦਰਦਨਾਕ ਤੇ ਕੌੜੀ ਕਹਾਣੀ ਹੈ ਅਤੇ ਜਿਸ ਤਰ੍ਹਾਂ ਲਾਲ ਬਹਾਦਰ ਨੇ ਇਕ ਦੂਰ ਦੇ ਰਿਸ਼ਤੇਦਾਰ ਦੇ ਘਰ ਇਕ ਘਰੇਲੂ ਨੌਕਰ ਦੀ ਤਰ੍ਹਾਂ ਰਹਿ ਕੇ ਆਪਣੀ ਤਾਲੀਮ ਹਾਸਲ ਕੀਤੀ, ਉਹ ਵੀ ਉਸ ਦੇ ਵਡੱਪਨ ਤੇ ਪ੍ਰਗਤੀ ਦਾ ਪੇਸ਼ਖੇਮਾ ਅਥਵਾ ਅਗੇਤਰੇ ਚਿਹਨ ਚਕਰ ਸਨ। ਵਿਸਥਾਰਪੂਰਵਕ ਜ਼ਿਕਰ ਇਸ ਮਜ਼ਮੂਨ ਨੂੰ ਬਹੁਤ ਲੰਮਾ ਕਰ ਦੇਵੇਗਾ ਪਰ ਇਕ ਗੱਲ ਜਦੋਂ ਉਸ ਟੱਬਰ ਨੇ ਆਪ ਪਰ੍ਹਾਂ ਰਹਿ ਕੇ ਇਕ ਹੈਜ਼ੇ ਦੇ ਬੀਮਾਰ ਦੀ ਦੇਖਭਾਲ ਤੇ ਤੀਮਾਰਦਾਰੀ ਲਾਲ ਬਹਾਦਰ ਦੇ ਸਪੁਰਦ ਕੀਤੀ ਤੇ ਜਿਸ ਤਰ੍ਹਾਂ ਲਾਲ ਬਹਾਦਰ ਨੇ ਉਸ ਛੂਤ ਦੇ ਬੀਮਾਰ ਦੀ ਸੇਵਾ ਕੀਤੀ, ਉਸ ਦੇ ਮਰਨ ਉਪਰੰਤ ਉਸਦੇ ਕਪੜੇ ਧੋਤੇ ਤੇ ਉਸ ਨੂੰ ਨੁਹਾਇਆ, ਧੁਆਇਆ, ਆਪਣੇ ਆਪ

Digitized by Panjab Digital Library | www.panjabdigilib.org

ਵਿਚ ਇਨਸਾਨੀ ਉੱਚਤਾ ਦੀ ਇਕ ਲਾਸਾਨੀ ਮਿਸਾਲ ਹੈ ।

ਸਕੂਲ ਵਿਚ ਆਪ ਦੇ ਅਧਿਆਪਕ ਨਿਸ਼ਕਾਮੇਸ਼ਵਰ ਪ੍ਰਸ਼ਾਦ ਮਿਸ਼ਰਾ ਆਪ ਦੇ ਵਤੀਰੇ ਤੇ ਸ਼ਿਸ਼ਟਾਚਾਰ ਤੋਂ ਇਤਨੇ ਮੁੱਤਾਸਰ ਹੋਏ ਕਿ ਆਪ ਨੂੰ ਅਕਸਰ ਆਪਣੇ ਘਰ ਲੈ ਜਾਇਆ ਕਰਦੇ ਸਨ ਤੇ ਆਪਣੇ ਬੱਚਿਆਂ ਦੀ ਤਰ੍ਹਾਂ ਹੀ ਸਲੂਕ ਕਰਦੇ ਸਨ । ਜਦੋਂ ਭਾਬੋ (ਮਿਸ਼ਰਾ ਜੀ ਦੀ ਧਰਮ ਪਤਨੀ) ਨੇ ਆਪਣੇ ਬੱਚਿਆਂ ਨੂੰ ਟੀਊਸ਼ਨ ਪੜ੍ਹਾਉਣ ਦੇ ਬਦਲੇ ਲਾਲ ਬਹਾਦਰ ਨੂੰ ਸੇਵਾ ਫਲ ਵਜੋਂ ਪੈਸੇ ਪੇਸ਼ ਕੀਤੇ ਤਾਂ ਅਤਿ ਗ਼ਰੀਬ ਸ਼ਾਸ਼ਤਰੀ ਨੇ ਇਹ ਕਹਿ ਕੇ ਕਿ ਤੁਸੀ ਤਾਂ ਕਹਿੰਦੇ ਹੋ ਕਿ ਇਹ ਬੱਚੇ ਮੇਰੇ ਭਰਾ ਹਨ ਤੇ ਭਰਾਵਾਂ ਤੋਂ ਕਦੇ ਕਿਸੇ ਨੇ ਪੈਸੇ ਲਏ ਹਨ, ਇਨਕਾਰ ਕਰ ਦਿੱਤਾ । ਭਾਬੋ, ਆਪ ਨੂੰ ਦੱਸੇ ਬਿਨਾਂ ਉਹ ਪੈਸੇ ਜਮ੍ਹਾਂ ਕਰਦੀ ਰਹੀ ਜੇਹੜੇ ਲਾਲ ਬਹਾਦਰ ਦੀ ਭੈਣ ਦੀ ਸ਼ਾਦੀ ਸਮੇਂ ਉਸਨੇ, ਉਸਦੀ ਮਾਤਾ ਨੂੰ ਪੇਸ਼ ਕੀਤੇ । ਜਿਨ੍ਹਾਂ ਨੇ ਕਾਫ਼ੀ ਨਾਂਹ ਨੁਕਰ ਕਰਨ ਉਪਰੰਤ ਗੁਰਬਤ ਤੇ ਲੋੜ ਦੀ ਮਜਬੂਰੀ ਕਰਕੇ ਬੇਦਿਲਿਆਂ ਕਬੂਲ ਕੀਤੇ ।

ਲਾਲ ਬਹਾਦਰ ਕੇਵਲ ਯਾਰਾਂ ਸਾਲਾਂ ਦੇ ਸਨ ਜਦੋਂ ਪਹਿਲੇ-ਪਹਿਲ ਉਨ੍ਹਾਂ ਨੇ ਮਹਾਤਮਾ ਗਾਂਧੀ ਨੂੰ ਬਨਾਰਸ ਵਿਖੇ ਵੇਖਿਆ ਤੇ ਸੁਣਿਆ । ਬਾਪੂ ਗੁਲਾਮੀ ਦੀ ਲਾਅਨਤ ਦੇ ਖ਼ਿਲਾਫ਼ ਬੋਲੇ ਤੇ ਵਿਦੇਸ਼ੀ ਸਰਕਾਰ ਦੇ ਹੱਥ ਠੋਕੇ ਟੋਡੀਆਂ ਦੀ ਨਿੰਦਾ ਕੀਤੀ । ਬਾਪੂ ਦੀ ਮਿਕਨਾਤੀਸ਼ੀ ਕੱਸ਼ਸ਼ ਦਾ ਲਾਲ ਬਹਾਦਰ ਤੇ ਬਹੁਤ ਅਸਰ ਹੋਇਆ ਤੇ ਗਾਂਧੀ ਦੀ ਸ਼ਖਸ਼ੀਅਤ ਤੇ ਸੁਹਿਰਦਤਾ ਦੀ ਛਾਪ ਹਮੇਸ਼ਾ-ਹਮੇਸ਼ਾਂ ਵਾਸਤੇ ਉਨ੍ਹਾਂ ਦੇ ਮਨ ਤੇ ਬਹਿ ਗਈ । 1917 ਵਿਚ ਚੰਪਰਨ ਸਤਿਆਗ੍ਰਹਿ, 1918 ਦੀ ਟੈਕਸ ਨਾ ਦੇਣ ਦੀ ਮੁਹਿੰਮ ਤੇ 1919 ਵਿਚ ਜਲ੍ਹਿਆਂ ਵਾਲੇ ਬਾਗ਼ ਦੀ ਦੁਰਘਟਨਾ ਨੇ ਬਲਦੀ 'ਤੇ ਹੋਰ ਤੇਲ ਪਾਇਆ । ਚੁਨਾਂਚਿ 1920 ਵਿਚ ਜਦੋਂ ਬਾਪੂ ਨੇ ਸਿਵਲ ਨਾਫੁਰਮਾਨੀ ਤੇ ਨਾਮਿਲਵਰਤਨ ਦੀ ਆਵਾਜ਼ ਦੇਸ਼ ਨੂੰ ਦਿੱਤੀ ਤਾਂ 'ਨੰਨੇ' ਮਹਿਜ਼ 16 ਸਾਲ ਦੀ ਉਮਰ ਵਿਚ ਹੀ ਛਾਲ ਮਾਰ ਕੇ ਮੈਦਾਨ ਵਿਚ ਨਿਤਰ ਪਿਆ । 'ਨੰਨੇ' ਸਲਾਨਾ ਇਮਤਿਹਾਨ ਦੇਣ ਗਿਆ ਤੇ ਜਦੋਂ ਵੇਖਿਆ ਕਿ ਕੁਝ ਵਾਲੰਟੀਅਰ ਅਥਵਾ ਸਵੈ-ਸੇਵਕ ਇਮਤਿਹਾਨ ਦਾ ਬਾਈਕਾਟ ਕਰਨ ਲਈ ਧਰਨਾ ਦੇ ਰਹੇ ਹਨ ਤਾਂ ਇਮਤਿਹਾਨ ਵਿਚ ਬੈਠੇ ਬਿਨ ਵਾਪਿਸ ਆ ਗਿਆ । ਜਦੋਂ ਉਨ੍ਹਾਂ ਦੀ ਮਾਤਾ ਰਾਮ ਦੁਲਾਰੀ ਪਾਸ ਉਨ੍ਹਾਂ ਦੇ ਇਸ ਕਦਮ ਦੀ ਸ਼ਿਕਾਇਤ ਕੀਤੀ ਗਈ ਤਾਂ ਸੱਚੇ ਲਾਲ ਦੀ

Digitized by Panjab Digital Library | www.panjabdigilib.org

ਬਹਾਦਰ ਮਾਤਾ ਆਪਣੇ ਪਿਆਰੇ ਪੁੱਤਰ ਨੂੰ ਇਸ ਤਰ੍ਹਾਂ ਮੁਖ਼ਾਤਬ ਹੋਈ ;—

"ਬਚਵਾ ਬੇਟਾ, ਮੈਨੂੰ ਤੇਰੇ ਤੇ ਵਿਸ਼ਵਾਸ ਹੈ। ਮੈਨੂੰ ਇਹ ਭਰੋਸਾ ਹੈ ਕਿ ਜੋ ਵੀ ਕਦਮ ਤੂੰ ਉਠਾਏਂਗਾ ਪਹਿਲਾਂ ਪੂਰੀ ਤਰ੍ਹਾਂ ਸੋਚ ਵਿਚਾਰ ਕੇ ਉਠਾਏਂਗਾ। ਮੇਰੀ ਤੈਨੂੰ ਨਸੀਹਤ ਕੇਵਲ ਇਤਨੀ ਹੈ ਕਿ ਕੋਈ ਵੀ ਕਦਮ ਉਠਾਉਣ ਤੋਂ ਪਹਿਲਾਂ ਉਸ ਨੂੰ ਪੂਰੀ ਤਰ੍ਹਾਂ ਸੋਚ ਵਿਚਾਰ ਲੈ ਤੇ ਫਿਰ ਇਕ ਵਾਰੀ ਜੋ ਕਦਮ ਉਠਾਏਂ, ਉਸ ਤੋਂ ਪਿੱਛੇ ਨਾ ਹਟੀਂ।" ਚੁਨਾਂਚਿ ਲਾਲ ਬਹਾਦਰ ਉਸ ਅੰਦੋਲਨ ਵਿਚ ਸ਼ਾਮਿਲ ਹੋਏ ਤੇ 1921 ਵਿਚ ਪਹਿਲੀ ਵਾਰੀ ਗ੍ਰਿਫ਼ਤਾਰ ਹੋ ਗਏ।

ਰਿਹਾਈ ਤੋਂ ਬਾਅਦ ਆਪ ਕਾਂਸ਼ੀ ਵਿਦਿਆ ਪੀਠ ਵਿਚ ਦਾਖ਼ਲ ਹੋ ਗਏ। ਕਾਂਸ਼ੀ ਵਿਦਿਆ ਪੀਠ ਉਹ ਸੰਸਥਾ ਸੀ ਜੋ ਮਹਾਤਮਾ ਗਾਂਧੀ ਦੀ ਆਵਾਜ਼ ਉਤੇ ਸਕੂਲ ਕਾਲਜ ਛੱਡ ਕੇ ਆਏ ਵਿਦਿਆਰਥੀਆਂ ਲਈ ਕਾਇਮ ਕੀਤੀ ਗਈ ਸੀ। ਇਸ ਦੇ ਪ੍ਰਿੰਸੀਪਲ ਡਾ: ਭਗਵਾਨਦਾਸ ਸਨ ਤੇ ਪੜ੍ਹਾਉਣ ਵਾਲੇ ਸਟਾਫ਼ ਵਿਚ ਅਚਾਰੀਆ ਕ੍ਰਿਪਲਾਨੀ, ਆਚਾਰੀਆ ਨਰਿੰਦਰ ਦੇਵ, ਡਾ; ਸੰਪੂਰਨਾ ਨੰਦ ਤੇ ਸ੍ਰੀ ਪ੍ਰਕਾਸ਼ ਵਰਗੇ ਦੇਸ਼ ਭਗਤ ਸ਼ਾਮਿਲ ਸਨ ਜੋ ਪਿੱਛੋਂ ਦੇਸ਼ ਦੇ ਸਤਿਕਾਰਯੋਗ ਨੇਤਾ ਪ੍ਰਸਿੱਧ ਹੋਏ।

ਵਿਦਿਆਪੀਠ ਵਿਚ ਆਪ ਨਾਲ ਆਪ ਦੇ ਸਮਕਾਲੀ ਸ੍ਰੀ ਅਲਗੂ ਰਾਏ ਸ਼ਾਸ਼ਤਰੀ, ਟੀ. ਐਨ. ਸਿੰਘ, ਹਰਨਾਥ ਸ਼ਾਸ਼ਤਰੀ, ਬਾਲ ਕ੍ਰਿਸ਼ਨਾ ਕੇਸਕਰ, ਵਿਭੂਤੀ ਮਿਸ਼ਰਾ ਤੇ ਰਾਜ੍ਹਾ ਰਾਮ ਸ਼ਾਸ਼ਤਰੀ ਸਨ। ਲਾਲ ਬਹਾਦਰ ਜੀ ਨੂੰ ਪੜ੍ਹਨ ਦਾ ਸ਼ੌਕ ਸੀ। ਆਪ ਨੇ ਟਾਲਸਟਾਏ, ਲੈਨਿਨ, ਵਿਵੇਕਾਨੰਦ, ਰਾਮਾ ਕ੍ਰਿਸ਼ਨਾ, ਪਰਮਹੰਸਾ ਤੇ ਹੋਰ ਵੱਡੇ ਵੱਡੇ ਲੇਖਕ ਪੜ੍ਹੇ। ਆਪ ਗੰਢ ਜੋੜ ਵਿਚ ਦਿਲਚਸਪੀ ਨਾ ਰੱਖਣ ਵਾਲੇ ਤੇ ਵਾਦ-ਵਿਵਾਦ ਤੋਂ ਪਰੇ ਰਹਿਣ ਵਾਲੇ ਵਿਅਕਤੀ ਸਨ। ਪੜ੍ਹਾਈ ਦੇ ਨਾਲ ਨਾਲ ਲਾਲ ਬਹਾਦਰ ਨੂੰ ਆਪਣੀ ਮਾਂ ਦੀ ਗ਼ਰੀਬੀ ਤੇ ਜ਼ਿੰਮੇ-ਵਾਰੀਆਂ ਦਾ ਵੀ ਅਹਿਸਾਸ ਸੀ। ਇਸ ਲਈ ਕਾਲਜ ਸਮੇਂ ਤੋਂ ਪਿਛੋਂ ਆਪ ਖਾਦੀ ਭੰਡਾਰ ਵਿਚ ਕੰਮ ਕਰਕੇ ਪੈਸੇ ਵੀ ਕਮਾਂਦੇ ਰਹੇ ਤੇ ਆਪਣੇ ਖਰਚ 'ਚੋਂ ਬਚਾ ਕੇ ਮਾਤਾ ਨੂੰ ਵੀ ਭੇਜਦੇ ਰਹੇ। 1921 ਵਿਚ ਆਪ ਕੋਰਸ ਮੁਕੰਮਲ ਕਰਕੇ ਪਹਿਲੀ ਡਵੀਜ਼ਨ ਵਿਚ ਪਾਸ ਹੋਏ ਤੇ ਲਾਲ ਬਹਾਦਰ ਸ਼ਾਸਤਰੀ ਬਣਕੇ ਦੇਸ਼-ਸੇਵਾ ਦੇ ਮੈਦਾਨ ਵਿਚ ਜੁੱਟ ਗਏ।

Digitized by Panjab Digital Library | www.panjabdigilib.org

1926 ਵਿਚ ਹੀ ਆਪ ਲਾਲਾ ਲਾਜਪਤ ਰਾਏ ਵਾਲੀ ਸਥਾਪਤ ਕੀਤੀ ਗਈ 'ਸਰਵੇਂਟਸ ਆਫ਼ ਪੀਪਲ ਸੋਸਾਇਟੀ' ਦੇ ਮੈਂਬਰ ਬਣ ਗਏ। ਇਸ ਸੋਸਾਇਟੀ ਵਿਚ ਮੈਂਬਰ ਦੀ ਚੋਣ ਆਪਣੇ ਆਪ ਵਿਚ ਇਕ ਬੜੀ ਭਾਰੀ ਪ੍ਰਾਪਤੀ ਸੀ। ਹਰ ਕਸਵੱਟੀ ਤੇ ਪੂਰਾ ਉਤਰਨ ਵਾਲਾ ਇਨਸਾਨ ਹੀ ਇਸ ਵਿਚ ਸ਼ਾਮਿਲ ਕੀਤਾ ਜਾਂਦਾ ਸੀ। ਸੋਸਾਇਟੀ ਵਿਚ ਤੇ ਨਾਲ ਨਾਲ ਤਹਿਰੀਕ ਆਜ਼ਾਦੀ ਵਿਚ ਆਪ ਨੇ ਇਸ ਲਗਨ ਤੇ ਨਿਪੁੰਨਤਾ ਨਾਲ ਕੰਮ ਕੀਤਾ ਕਿ ਆਪ ਸਾਥੀਆਂ ਵਿਚ ਹਰਮਨ ਪਿਆਰੇ ਤੇ ਲੀਡਰਾਂ ਦੇ ਚਹੇਤੇ ਤੇ ਲਾਡਲੇ ਕਿਰਪਾ ਪਾਤਰ ਬਣ ਗਏ। ਜਵਾਹਰ ਲਾਲ ਨਹਿਰੂ ਤੇ ਰਿਸ਼ੀ ਪ੍ਰਸ਼ੋਤਮ ਦਾਸ ਟੰਡਨ ਵਿਚਕਾਰ ਹਮੇਸ਼ਾਂ ਮਤ-ਭੇਤ ਰਹਿੰਦਾ ਸੀ ਪਰ ਖ਼ੂਬੀ ਦੀ ਗੱਲ ਵੇਖੋ ਕਿ ਲਾਲ ਬਹਾਦਰ ਦੋਹਾਂ ਦਾ ਹੀ ਵਿਸ਼ਵਾਸ਼ ਪਾਤਰ ਸੀ। ਹਰ ਕਿਸਮ ਦੀ ਵਿਵਸਥਾ ਵਿਚ ਅਨੁਕੂਲਤਾ, ਲਾਲ ਬਹਾਦਰ ਦੀ ਖ਼ਾਸ ਖ਼ੂਬੀ ਸੀ। ਅਲਗੂ ਰਾਏ ਸ਼ਾਸਤਰੀ ਕਿਹਾ ਕਰਦੇ ਸਨ ਕਿ "ਲਾਲ ਬਹਾਦਰ ਇਕ ਪਿਆਜ਼ ਹੈ, ਜਿਹੜਾ ਹਰ ਤਰਕਾਰੀ ਵਿਚ ਕੰਮ ਆ ਜਾਂਦਾ ਹੈ।"

ਪਹਿਲੀ ਕੈਦ ਦੀ ਰਿਹਾਈ ਤੋਂ ਪਿਛੋਂ ਲਾਲ ਬਹਾਦਰ ਜੀ ਨੇ ਫਿਰ ਪੂਰੀ ਤਨਦੇਹੀ ਨਾਲ ਕੰਮ ਸ਼ੁਰੂ ਕਰ ਦਿੱਤਾ। ਆਪਦੇ ਪਹਿਲੇ ਬੱਚੇ ਦਾ ਜਨਮ ਵੀ ਉਦੋਂ ਹੋਇਆ ਜਦੋਂ ਆਪ ਜੇਲ੍ਹ ਵਿਚ ਸਨ। ਰਿਹਾਈ ਤੋਂ ਬਾਅਦ ਆਪ ਜ਼ਿਲਾ ਕਾਂਗਰਸ ਕਮੇਟੀ ਦੇ ਸਕੱਤਰ ਥਾਪੇ ਗਏ। ਅਲਾਹਾਬਾਦ ਨਗਰ ਪਾਲਿਕਾ ਦੇ ਮੈਂਬਰ ਚੁਣੇ ਗਏ ਤੇ ਇੰਪਰੂਵਮੈਂਟ ਟਰੱਸਟ ਦੇ ਮੈਂਬਰ ਨਾਮਜ਼ਦ ਹੋਏ।

1932-33 ਦੀ ਨਾ-ਮਿਲਵਰਤਣ ਲਹਿਰ ਵਿਚ ਆਪ ਫਿਰ ਗ੍ਰਿਫ਼ਤਾਰ ਹੋ ਗਏ। ਹੌਲੀ-ਹੌਲੀ ਆਪ ਦੀ ਧਰਮ ਪਤਨੀ ਲਲਿਤਾ ਦੇਵੀ ਵੀ ਮੈਦਾਨ ਵਿਚ ਆਏ ਤੇ ਵਿਜੈ ਲਖ਼ਸ਼ਮੀ ਪੰਡਤ ਦੀ ਅਗਵਾਈ ਹੇਠਾਂ ਵਿਦੇਸ਼ੀ ਕਪੜੇ ਦੀਆਂ ਦੁਕਾਨਾਂ ਅੱਗੇ ਪਿਕਟਿੰਗ ਵਿਚ ਸ਼ਾਮਿਲ ਹੋਏ।

ਲਾਲ ਬਹਾਦਰ ਦ੍ਰਿੜ ਇਰਾਦੇ ਦਾ ਇਨਸਾਨ ਸੀ। ਵੱਡੀ ਤੋਂ ਵੱਡੀ ਤਕਲੀਫ ਵੀ ਆਪ ਨੂੰ ਜ਼ਿੰਦਗੀ ਵਿਚ ਝੁਕਾ ਨਹੀਂ ਸਕੀ। ਆਪ ਦੇ ਲੜਕੇ ਦੀ ਬੀਮਾਰੀ ਸਮੇਂ ਆਪ ਨੂੰ ਪੈਰੋਲ ਤੇ ਰਿਹਾਅ ਕੀਤਾ ਗਿਆ। ਜਦੋਂ ਪੈਰੋਲ ਦੇ ਦਿਨ ਖ਼ਤਮ ਹੋ ਗਏ ਤਾਂ ਲੜਕੇ ਦੀ ਹਾਲਤ ਠੀਕ ਨਹੀਂ ਸੀ। ਉਸ ਨੂੰ 104

Digitized by Panjab Digital Library | www.panjabdigilib.org

ਡਿਗਰੀ ਬੁਖਾਰ ਸੀ। ਆਪ ਨੂੰ ਕਿਹਾ ਗਿਆ ਕਿ ਦੋ ਲਫਜ਼ ਪਛਤਾਵੇਂ ਵਜੋਂ ਲਿਖ ਦਿਉ ਤਾਂ ਪੈਰੋਲ ਦੀ ਮਿਆਦ ਵਧਾਈ ਜਾ ਸਕਦੀ ਹੈ। ਬੱਚੇ ਦੀ ਹਾਲਤ ਵੇਖ ਕੇ ਕਈ ਰਿਸ਼ਤੇਦਾਰਾਂ ਨੇ ਵੀ ਆਪ ਨੂੰ ਕਿਹਾ। ਬੱਚਾ ਆਪ ਤਰਲੇ ਲੈਂਦਾ ਰਿਹਾ ਕਿ ਬਾਬੂ ਜੀ ਰੁਕ ਜਾਉ, ਨਾ ਜਾਉ, ਪਰ ਆਪ ਭਰੀਆਂ ਅੱਖਾਂ ਨਾਲ, ਬੱਚੇ ਦੇ ਮੱਥੇ 'ਤੇ ਹੱਥ ਰੱਖ ਕੇ ਬਿਨਾਂ ਬੋਲੇ ਬਾਹਰ ਨਿਕਲ ਆਏ ਤੇ ਮੁੜ ਕੇ ਪਿਛਾਂਹ ਨਹੀਂ ਵੇਖਿਆ। ਪੁਲਿਸ ਦੀ ਵੈਨ ਆਪ ਨੂੰ ਜੇਲ੍ਹ ਲੈ ਗਈ।

1937 ਵਿਚ ਸੂਬਿਕ, ਖੁਦਮੁਖਤਾਰੀ ਦੇ ਕਾਨੂੰਨ ਹੇਠਾਂ ਜਦੋਂ ਚੋਣਾਂ ਹੋਈਆਂ ਤਾਂ ਆਪ ਯੂ: ਪੀ: ਅਸੈਂਬਲੀ ਦੇ ਮੈਂਬਰ ਚੁਣੇ ਗਏ।

1942 ਦੀ 'ਭਾਰਤ ਛੱਡੋ' (Quit India) ਤਹਿਰੀਕ ਵੇਲੇ ਜਿਸ ਦਿਨ ਆਲ ਇੰਡੀਆ ਕਾਂਗਰਸ ਕਮੇਟੀ ਨੇ ਮਤਾ ਪਾਸ ਕੀਤਾ, ਉਸੇ ਰਾਤ ਆਗੂਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਲਾਲ ਬਹਾਦਰ ਕਿਸੇ ਤਰ੍ਹਾਂ ਬੰਬਈ ਤੋਂ ਅਲਾਹਾ-ਬਾਦ ਆ ਗਏ ਤੇ ਛੁਪ ਕੇ ਕੰਮ ਕਰਦੇ ਰਹੇ। ਆਪ ਆਪਣੇ ਘਰ ਵੀ ਨਾ ਗਏ ਅਤੇ ਕਈ ਦਿਨ ਉਨ੍ਹਾਂ ਨੂੰ ਪਤਾ ਨਾ ਲੱਗਾ ਕਿ ਸ਼ਾਸ਼ਤਰੀ ਜੀ ਕਿਥੇ ਹਨ। ਉਸ ਸਮੇਂ ਸਰਕੂਲਰਾਂ ਤੇ ਪੋਸਟਰਾਂ ਰਾਹੀਂ ਤੇ ਪਿੰਡਾਂ ਵਿਚ ਲੋਕਾਂ ਨੂੰ ਮਿਲ ਮਿਲ ਕੇ ਤਹਿਰੀਕ ਲਈ ਤਿਆਰੀ ਕਰਦੇ ਰਹੇ। ਆਪ ਆਨੰਦ ਭਵਨ (ਜਵਾਹਰ ਲਾਲ ਨਹਿਰੂ ਦੀ ਰਿਹਾਇਸ਼) ਦੀ ਉਤਲੀ ਮੰਜ਼ਿਲ 'ਤੇ ਛੁਪੇ ਰਹੇ ਤੇ ਉਥੋਂ ਸਾਰੀ ਤਹਿਰੀਕ ਚਲਾਂਦੇ ਰਹੇ। ਇਕ ਦਿਨ ਉਨ੍ਹਾਂ ਨੇ ਘਰ ਸੁਨੇਹਾ ਭੇਜਿਆ ਤੇ ਦੱਸਿਆ ਕਿ ਹੁਣ ਮੈਂ ਗ੍ਰਿਫਤਾਰ ਹੋ ਜਾਣਾ ਹੈ। ਲਲਿਤਾ ਜੀ ਨੇ ਜਾਣ ਤੋਂ ਪਹਿਲਾਂ ਟੱਬਰ ਨੂੰ ਮਿਲ ਜਾਣ ਦੀ ਇੱਛਾ ਪ੍ਰਗਟ ਕੀਤੀ। ਆਪ ਮਿਲਣ ਗਏ ਤੇ ਉਸ ਤੋਂ ਬਾਅਦ ਜਲਸੇ ਵਿਚ ਜਿਥੇ ਉਨ੍ਹਾਂ ਗ੍ਰਿਫਤਾਰੀ ਦੇਣੀ ਸੀ, ਚਲੇ ਗਏ। ਆਪ ਦੇ ਟੱਬਰ ਦੇ ਬੰਦੇ ਵੀ ਆਪ ਨਾਲ ਗਏ। ਆਪ ਟਾਂਗੇ ਵਿਚ ਬੈਠਣ ਸਾਰ ਹੀ ਤਕਰੀਰ ਕਰਨ ਲੱਗ ਗਏ। ਅਜੇ ਬੋਲਣਾ ਸ਼ੁਰੂ ਹੀ ਕੀਤਾ ਸੀ ਕਿ ਪੁਲਿਸ ਨੇ ਆਪ ਨੂੰ ਗ੍ਰਿਫਤਾਰ ਕਰ ਲਿਆ।

1946 ਦੀ ਚੋਣ ਵਿਚ ਆਪ ਫਿਰ ਅਸੈਂਬਲੀ ਦੇ ਮੈਂਬਰ ਚੁਣੇ ਗਏ ਤੇ ਪਹਿਲਾਂ ਪਾਰਲੀਮੈਂਟਰੀ ਸੈਕਟਰੀ ਤੇ ਫਿਰ ਪੁਲਿਸ ਤੇ ਟ੍ਰਾਂਸਪੋਰਟ ਮੰਤਰੀ ਥਾਪੇ ਗਏ। ਮੁਲਕ ਦੀ ਆਜ਼ਾਦੀ ਤੋਂ ਬਾਅਦ 1952 ਦੀਆਂ ਪਹਿਲੀਆਂ ਚੋਣਾਂ

Digitized by Panjab Digital Library | www.panjabdigilib.org

ਆਈਆਂ । ਏਡੇ ਵੱਡੇ ਮੁਲਕ ਵਿਚ ਚੋਣ ਇਕ ਚੰਗੀ ਤਕੜੀ ਮੁਹਿੰਮ ਦਿਸਦੀ ਸੀ । ਕਾਂਗਰਸ ਦੇ ਕੇਂਦਰੀ ਦਫ਼ਤਰ ਨੂੰ ਜਥੇਬੰਦ ਕਰਨਾ, ਸਾਰੇ ਸੂਬਿਆਂ ਵਿਚ ਟਿਕਟਾਂ ਦੇਣ ਲਈ ਬੰਦੇ ਚੁਣਨੇ ਤੇ ਚੋਣਾਂ ਲੜਾਣੀਆਂ । ਇਕ ਕਠਿਨ, ਅਤਿਪ੍ਰਬਲ ਤੇ ਅਤਿ-ਪ੍ਰਾਕ੍ਰਮੀ ਕੰਮ ਸੀ ।

ਦੇਸ਼ ਦੇ ਨੇਤਾ ਜਵਾਹਰ ਲਾਲ ਦੀ ਉਕਾਬ ਬੀਨ ਨਜ਼ਰ ਆਪ ’ਤੇ ਪਈ ਤੇ ਆਪ ਨੂੰ ਸਰਬ ਹਿੰਦ ਕਾਂਗਰਸ ਦਾ ਜਨਰਲ ਸਕੱਤਰ ਬਣਾ ਕੇ ਦਿੱਲੀ ਲੈ ਆਏ । ਜਿਸ ਸੂਝ, ਸਿਆਣਪ ਤੇ ਦੂਰ ਅੰਦੇਸ਼ੀ ਨਾਲ ਆਪ ਨੇ ਇਸ ਕੰਮ ਨੂੰ ਨੇਪਰੇ ਚਾੜ੍ਹਿਆ ਉਸ ਦਾ ਅਹਿਸਾਸ ਹੀ ਕੀਤਾ ਜਾ ਸਕਦਾ ਹੈ, ਵਰਨਣ ਸੰਭਵ ਨਹੀਂ । ਆਪ ਨੇ ਸਾਰੇ ਦੇਸ਼ ਵਿਚ ਚੋਣਾਂ ਲੜਾਈਆਂ, ਆਪ ਨਹੀਂ ਲੜੇ । ਪਰ ਜਦੋਂ ਜਵਾਹਰ ਲਾਲ ਜੀ ਨੇ ਚੋਣਾਂ ਪਿਛੋਂ ਪਹਿਲੀ ਕੇਂਦਰੀ ਵਜ਼ਾਰਤ ਬਣਾਈ ਤਾਂ ਆਪ ਨੂੰ ਕੇਂਦਰ ਦੀ ਵਜ਼ਾਰਤ ਵਿਚ ਲੈ ਲਿਆ । ਉਪਰੰਤ ਆਖ਼ਰੀ ਦਮ ਤਕ ਆਪ ਨੇ ਕਈ ਮਹਿਕਮਿਆਂ ਦਾ ਇੰਚਾਰਜ਼ ਰਹਿ ਕੇ ਬੜੀ ਖ਼ੂਬੀ ਤੇ ਕਾਮਯਾਬੀ ਨਾਲ ਕੰਮ ਕੀਤਾ । ਆਪ ਕਾਮਰਸ, ਆਵਾਜਾਈ, ਟ੍ਰਾਂਸਪੋਰਟ, ਰੇਲਵੇ, ਹੋਮ ਤੇ ਹੋਰ ਮਹਿਕਮਿਆਂ ਦੇ ਵਜ਼ੀਰ ਰਹੇ । ਲੋਕਾਂ ਸਾਥੀਆਂ ਤੇ ਅਫ਼ਸਰਾਂ ਦਾ ਦ੍ਰਿਸ਼ਟੀਕੋਣ ਸਬਰ ਨਾਲ ਸੁਣਨ, ਸਮਝਣ ਤੇ ਉਸਨੂੰ ਮੁਨਾਸਬ ਵਜ਼ਨ ਦੇਣ ਦੇ ਅਮਲ ਨੇ ਆਪ ਦੇ ਕੰਮ ਦੀ ਪੂਰਤੀ ਨੂੰ ਸੁਖਾਲਾ ਕੀਤਾ । ਆਪ ਨਹਿਰੂ ਦੀਆਂ ਸਮਾਜਵਾਦੀ ਲੀਹਾਂ ’ਤੇ ਚਲਦੇ ਹੋਏ ਹਰ ਖੇਤਰ ਵਿਚ ਮਕਬੂਲ ਵਿਅਕਤੀ ਸਨ । ਇਕ ਬੜੇ ਵੱਡੇ ਕਾਰਖਾਨੇਦਾਰ ਤੇ ਵਪਾਰੀ ਨੇ ਇਕ ਵਾਰੀ ਕਿਹਾ ਕਿ ਮੈਨੂੰ ਪਤਾ ਨਹੀਂ, ਲਾਲ ਬਹਾਦਰ ਖੱਬੂ ਹੈ ਕਿ ਸੱਜੂ, ਪਰ ਉਹ ਇਕ ਸਾਫ ਤੇ ਦਿਆਨਤਦਾਰ ਵਜ਼ੀਰ ਹੈ । ਵਜ਼ਾਰਤ ਦੇ ਦੌਰਾਨ ਵੀ ਆਪ ਪਾਰਟੀ ਦਾ ਕੰਮ ਪੂਰੀ ਮਿਹਨਤ ਨਾਲ ਕਰਦੇ ਰਹੇ ਜਿਸਦਾ ਅਸਰ ਆਪ ਦੀ ਸਿਹਤ ’ਤੇ ਹੋਇਆ । 1959 ਵਿਚ ਆਪ ਨੂੰ ਪਹਿਲੀ ਵਾਰੀ ਮਾਮੂਲੀ ਜਿਹਾ ਦਿਲ ਦਾ ਦੌਰਾ ਪਿਆ । ਜਿਸ ਕਰਕੇ ਆਪ ਇਲਾਹਾਬਾਦ ਹਸਪਤਾਲ ਵਿਚ ਦਾਖ਼ਲ ਰਹੇ । 1952 ਦੀਆਂ ਚੋਣਾਂ ਤੋਂ ਪਿਛੋਂ ਪੈਪਸੂ ਦੀ ਕਾਂਗਰਸ ਸਰਕਾਰ ਟੁੱਟ ਗਈ । ਅਕਾਲੀ ਪ੍ਰਭੁਤਾ ਹੇਠ ਬਣੇ ਯੂਨਾਇਟਡ ਫਰੰਟ ਦੀ ਸਰਕਾਰ ਬਣੀ ਤੇ ਕਾਂਗਰਸ ਦੀ ਜਥੇਬੰਦੀ ਇਕ ਵਾਰੀ ਤਾਂ ਖੇਰੂੰ ਖੇਰੂੰ ਹੋ ਗਈ । ਮੈਂ ਉਸ ਵੇਲੇ ਕਾਂਗਰਸ

Digitized by Panjab Digital Library | www.panjabdigilib.org

ਅਸੈਂਬਲੀ ਪਾਰਟੀ ਦਾ ਸਕੱਤਰਸਾਂ ਤੇ ਪਿਛੋਂ ਪੈਪਸੂ ਪ੍ਰਦੇਸ਼ ਕਾਂਗਰਸ ਦਾ ਜਨਰਲ ਸਕੱਤਰ ਰਿਹਾ। ਲਾਲ ਬਹਾਦਰ ਜੀ ਆਲ ਇੰਡੀਆ ਕਾਂਗਰਸ ਦੇ ਜਨਰਲ ਸਕੱਤਰ ਸਨ। ਮੈਂ ਪੈਪਸੂ ਵਿਚ ਕਾਂਗਰਸ ਨੂੰ ਮੁੜ ਕੇ ਜਥੇਬੰਦ ਕਰਨ ਲਈ ਸਿਰਤੋੜ ਮਿਹਨਤ ਕੀਤੀ ਤੇ ਇਨ੍ਹਾਂ ਫਰਜ਼ਾਂ ਦੀ ਅਦਾਇਗੀ ਦੌਰਾਨ ਸ਼ਾਸ਼ਤਰੀ ਜੀ ਨਾਲ ਅਕਸਰ ਸੰਪਰਕ ਵਿਚ ਆਇਆ। ਮੇਰੇ ਕੰਮ 'ਤੇ ਆਪ ਅਤੇ ਪੰਡਤ ਨਹਿਰੂ ਬਹੁਤ ਖੁਸ਼ ਹੋਏ। ਉਨ੍ਹਾਂ ਦੇ ਆਪਣੇ ਬੱਚਿਆਂ ਦੀ ਤਰ੍ਹਾਂ ਮੈਂ ਵੀ ਉਨ੍ਹਾਂ ਨੂੰ ਬਾਬੂ ਜੀ ਕਰਕੇ ਬੁਲਾਉਂਦਾ ਸੀ। ਆਪ ਹਰ ਵਾਰੀ ਚੋਣ ਸਮੇਂ ਮੇਰੇ ਹਲਕੇ ਵਿਚ ਤਕਰੀਰ ਕਰਨ ਆਉਂਦੇ ਰਹੇ। ਇਕ ਵਾਰੀ ਦੀ ਚੋਣ ਵਿਚ ਆਪ ਨੇ ਜਿਹੜੀ ਤਕਰੀਰ ਕੀਤੀ ਉਸ ਦੀ ਇਕ ਟੂਕ ਦਾ ਇਥੇ ਜ਼ਿਕਰ ਦਿਲਚਸਪ ਸਾਬਤ ਹੋਵੇਗਾ। ਆਪ ਨੇ ਬੋਲਦਿਆਂ-ਬੋਲਦਿਆਂ ਕਿਹਾ ਕਿ "ਪ੍ਰੇਮ ਸਿੰਘ ਕੇ ਬਾਰੇ ਮੇਂ ਕਿਆ ਕਹੂੰ, ਯੇਹ ਏਕ ਸੱਚੇ ਸੁੱਚੇ ਕਾਂਗਰਸੀ ਹੈਂ। ਇਨ ਜੈਸਾ ਨੈਸ਼ਨਲਿਸਟ ਸਿੱਖ ਮੈਨੇ ਕੋਈ ਨਹੀਂ ਦੇਖਾ! ਔਰ ਹਿੰਦੂਓਂ ਸੇ ਮੈਂ ਯੇਹ ਕਹਿਤਾ ਹੂੰ ਕਿ ਅਗਰ ਵੋਹ ਅਪਨੇ ਹਕੂਕ ਕੀ ਪੁੜੀਆ ਬਨਾ ਕਰ, ਇਨਕੀ ਜੇਬ ਮੇਂ ਡਾਲ ਦੇਂਗੇ ਤੋਂ ਵੋਹ ਮਹਿਫੂਜ਼ ਰਹੇਗੀ।"

ਪ੍ਰਧਾਨ ਮੰਤਰੀ ਬਨਣ ਤੋਂ ਫੌਰਨ ਬਾਅਦ ਆਪ ਨੂੰ ਫਿਰ ਦਿਲ ਦਾ ਦੌਰਾ ਪਿਆ। ਠੀਕ ਹੋਣ ਤੋਂ ਬਾਅਦ ਉਸੇ ਤਰ੍ਹਾਂ ਕੰਮ ਵਿਚ ਰੁੱਝ ਗਏ। ਕੰਮ ਘਟਾਉਣ ਤੇ ਆਰਾਮ ਕਰਨ ਦੀ ਸਲਾਹ ਦੇਣ ਵਾਲਿਆਂ ਨੂੰ ਉਹ ਅਕਸਰ ਇਹ ਕਹਿ ਕੇ ਚੁੱਪ ਕਰਵਾ ਦਿੰਦੇ ਸਨ, 'ਪ੍ਰਧਾਨ ਮੰਤਰੀ ਦਿਨ ਵਿਚ 16-17 ਘੰਟਿਆਂ ਤੋਂ ਘਟ ਕੰਮ ਕਰਕੇ ਗੁਜ਼ਾਰਾ ਨਹੀਂ ਕਰ ਸਕਦਾ।" ਇਸ ਤਰ੍ਹਾਂ ਸਰਕਾਰ ਤੇ ਪਾਰਟੀ ਦਾ ਕੰਮ ਕਰਦੇ ਉਹ ਆਪਣੀ ਜ਼ਿੰਦਗੀ ਨਾਲ ਖੇਡਦੇ ਰਹੇ।

ਇਕ ਵਾਰੀ ਜਦੋਂ ਉਹ ਰੇਲ ਮੰਤਰੀ ਸਨ, ਇਕ ਰੇਲ ਦਾ ਹਾਦਸਾ ਹੋ ਜਾਣ ਕਰਕੇ, ਜਿਸ ਨਾਲ ਆਪ ਦੀ ਜ਼ਾਤ ਦਾ ਕੋਈ ਸੰਬੰਧ ਨਹੀਂ ਸੀ, ਆਪ ਨੇ ਵਜ਼ਾਰਤ ਤੋਂ ਅਸਤੀਫਾ ਦੇ ਦਿੱਤਾ ਤੇ ਇਸ ਤਰ੍ਹਾਂ ਭਾਰਤ ਦੇ ਜਮਹੂਰੀ ਨਿਜ਼ਾਮ ਵਿਚ ਇਕ ਤੰਦਰੁਸਤ ਮਰਯਾਦਾ ਕਾਇਮ ਕੀਤੀ। ਦੂਜੀ ਵਾਰੀ ਆਪ ਨੇ ਵਜ਼ਾਰਤ ਤੋਂ ਅਸਤੀਫਾ ਕਾਮਰਾਜ ਪਲਾਨ ਵੇਲੇ ਦਿੱਤਾ ਹਾਲਾਂਕਿ ਪੰਡਤ ਨਹਿਰੂ ਨਹੀਂ ਸਨ ਚਾਹੁੰਦੇ ਕਿ ਲਾਲ ਬਹਾਦਰ ਜੀ ਵਜ਼ਾਰਤ ਤੋਂ ਬਾਹਰ ਰਹਿਣ ਪਰ ਆਪ ਨੇ ਪੰਡਤ ਜੀ ਨੂੰ ਇਹ ਕਹਿ ਕੇ ਮਨਾ ਲਿਆ ਕਿ ਇਸ ਤਰ੍ਹਾਂ ਹੋਰ ਸੀਨੀਅਰ

Digitized by Panjab Digital Library | www.panjabdigilib.org

ਲੀਡਰ ਜੋ ਬਾਹਰ ਜਾ ਰਹੇ ਹਨ, ਮਹਿਸੂਸ ਕਰਨਗੇ ਪਰ ਬੋੜੇ ਚਿਰ ਪਿਛੋਂ ਹੀ ਆਪ ਨੂੰ ਫਿਰ ਵਜ਼ਾਰਤ ਵਿਚ ਸ਼ਾਮਲ ਹੋਣਾ ਪਿਆ । ਪੰਡਤ ਜੀ ਦੀ ਸੇਹਤ ਖਰਾਬ ਰਹਿਣ ਲਗ ਪਈ ਸੀ ਤੇ ਉਨ੍ਹਾਂ ਨੇ ਆਪਣਾ ਬੋਝ ਆਪਣੇ ਇਸ ਵਿਸ਼ਵਾਸ਼ ਪਾਤਰ ਨੂੰ ਵੰਡਾਉਣ ਲਈ ਕਿਹਾ । ਆਪ ਫਿਰ ਕੇਂਦਰ ਦੇ ਬੇ-ਮਹਿਕਮਾ ਵਜ਼ੀਰ ਬਣ ਗਏ ਅਤੇ ਪੰਡਤ ਜੀ ਦੇ ਕੰਮ ਨੂੰ ਸੂਝ ਤੇ ਸਿਆਣਪ ਨਾਲ ਸੰਭਾਲਦੇ ਰਹੇ ।

ਭੁਬਨੇਸ਼ਵਰ ਕਾਂਗਰਸ ਸ਼ੈਸ਼ਨ ਸਮੇਂ ਪੰਡਤ ਜੀ ਬੀਮਾਰ ਹੋ ਗਏ ਤੇ ਉਥੇ ਪਹੁੰਚਣ ਦੇ ਬਾਵਜੂਦ ਡਾਕਟਰੀ ਹਦਾਇਤ ਦੇ ਅਨੁਸਾਰ ਸ਼ੈਸ਼ਨ ਵਿਚ ਸ਼ਾਮਿਲ ਨਾ ਹੋ ਸਕੇ । ਸਮਾਜਵਾਦ ਦਾ ਮਹੱਤਵਪੂਰਨ ਮਤਾ ਜਿਹੜਾ ਪੰਡਤ ਜੀ ਨੇ ਪੇਸ਼ ਕਰਨਾ ਸੀ, ਸ਼ਾਸ਼ਤਰੀ ਜੀ ਨੂੰ ਪੇਸ਼ ਕਰਨਾ ਪਿਆ । ਆਪ ਉਸ ਵੇਲੇ ਵਜ਼ੀਰ ਨਹੀਂ ਸਨ । ਪਰ ਦਿੱਲੀ ਪਹੁੰਚ ਕੇ ਪੰਡਤ ਜੀ ਨੇ ਲੋੜ ਮਹਿਸੂਸ ਕੀਤੀ ਤੇ ਆਪ ਨੂੰ ਫਿਰ ਵਜ਼ਾਰਤ ਵਿਚ ਸ਼ਾਮਲ ਕਰ ਲਿਆ ।

ਆਲ ਇੰਡੀਆ ਕਾਂਗਰਸ ਕਮੇਟੀ ਦੇ ਬੰਬਈ ਇਜਲਾਸ ਵਿਚ ਪੰਡਤ ਜੀ ਨੂੰ ਕੁਰਸੀ ਤੇ ਬੈਠੇ-ਬੈਠੇ ਤਕਰੀਰ ਕਰਨ ਲਈ ਬਿਨੈ ਕੀਤੀ ਗਈ । ਪਰ ਉਹ ਆਪਣੀ ਵਜ਼ਾ ਅਥਵਾ ਸਾਖ਼ਤ ਦੇ ਆਦਮੀ ਸਨ ਤੇ ਜਦੋਂ ਤਕਰੀਰ ਕਰਨ ਲਈ ਉੱਠੇ ਤਾਂ ਲੜਖੜਾ ਗਏ । ਉਸ ਗੱਲ ਦਾ ਜ਼ਿਕਰ ਤੇ ਫੋਟੋ, ਅਖਬਾਰਾਂ ਵਿਚ ਆ ਗਈ ਤੇ ਦੇਸ਼ ਭਰ ਅਤੇ ਦੁਨੀਆਂ ਵਿਚ ਪੰਡਤ ਜੀ ਦੀ ਸੇਹਤ ਬਾਰੇ ਫਿਕਰ ਹੋਇਆ । ਵਾਪਸੀ ਤੇ ਲਾਲ ਬਹਾਦਰ ਜੀ ਜਿਸ ਹਵਾਈ ਜਹਾਜ਼ ਵਿਚ ਸਨ, ਮੈਂ ਵੀ ਉਸ ਵਿਚ ਸੀ । ਮੈਂ ਉਨ੍ਹਾਂ ਦੀ ਕੈਬਿਨ ਵਿਚ ਜਾ ਕੇ ਪੰਡਤ ਜੀ ਬਾਰੇ ਗੱਲ ਕੀਤੀ ਤੇ ਆਪਣਾ ਤੌਖਲਾ ਜ਼ਾਹਿਰ ਕੀਤਾ । ਆਪ ਵੀ ਬੜੇ ਫਿਕਰਮੰਦ ਸਨ । ਕਾਂਗਰਸ ਦੇ ਵੱਡੇ ਲੀਡਰਾਂ ਨੇ ਵੀ ਇਸ ਦਾ ਅਨੁਭਵ ਕੀਤਾ ਤੇ ਤ੍ਰਿਪਤੀ ਦੇ ਪਵਿੱਤਰ ਮੰਦਰ ਵਿਚ ਇਕ ਗੁਪਤ ਮੀਟਿੰਗ ਕਰਕੇ ਫੈਸਲਾ ਲਿਆ ਕਿ ਜੇ ਪੰਡਤ ਜੀ ਦਾ ਸਾਇਆ ਭਾਰਤ ਦੇ ਸਿਰ ਤੋਂ ਉਠ ਜਾਏ ਤਾਂ ਇਨ੍ਹਾਂ ਵਿਚੋਂ ਕਿਹੜਾ ਵਿਅਕਤੀ ਯੋਗ ਹੋਵੇਗਾ ਜੋ ਇਹ ਕੰਮ ਸੰਭਾਲ ਸਕੇਗਾ । ਉਨ੍ਹਾਂ ਸਾਰਿਆਂ ਦਾ ਕੁਣਾ ਸ਼ਾਸ਼ਤਰੀ ਜੀ ਤੇ ਪਿਆ । ਦਿੱਲੀ ਪਹੁੰਚ ਕੇ ਪੰਡਤ ਜੀ ਆਰਾਮ ਵਾਸਤੇ ਕੁਝ ਦਿਨਾਂ ਲਈ ਡੇਹਰਾਦੂਨ ਗਏ ਤੇ ਉਥੋਂ ਵਾਪਸ ਆ ਕੇ ਸਦੀਵੀ ਵਿਛੋੜਾ ਦੇ ਕੇ ਸਾਰੇ ਦੇਸ਼ ਨੂੰ ਰੋਂਦੇ ਕੁਰਲਾਉਂਦੇ ਛੱਡ ਗਏ । ਤ੍ਰਿਪਤੀ ਮੀਟਿੰਗ ਦੇ ਫੈਸਲੇ ਅਨੁਸਾਰ ਕਾਂਗਰਸ ਪ੍ਰਧਾਨ ਕਾਮਰਾਜ ਨੇ Consensus ਮਵਾਫ਼ਕਤ, ਅਥਵਾ ਮਨਾਂ

Digitized by Panjab Digital Library | www.panjabdigilib.org

ਦੀ ਸਹਿਮਤੀ ਦਾ ਰਸਤਾ ਕੱਢ ਕੇ ਸਰਬ ਸੰਮਤੀ ਨਾਲ ਫੈਸਲਾ ਕਰਵਾਇਆ ਕਿ ਪੰਡਤ ਜੀ ਤੋਂ ਪਿਛੋਂ ਲਾਲ ਬਹਾਦਰ ਹੀ ਐਸੇ ਵਿਅਕਤੀ ਹਨ ਜੋ ਪ੍ਰਧਾਨ ਮੰਤਰੀ ਦੀ ਜ਼ਿੰਮੇਵਾਰੀ ਨੂੰ ਸਫਲਤਾ ਨਾਲ ਸੰਭਾਲ ਸਕਦੇ ਹਨ।

ਪ੍ਰਧਾਨ ਮੰਤਰੀ ਚੁਣੇ ਜਾਣ ਤੋਂ ਬਾਅਦ ਆਪ ਨੇ ਆਪਣੀ ਪਾਲਸੀ ਦਾ ਐਲਾਨ ਕੀਤਾ ਤੇ ਦੱਸਿਆ :

"ਭਾਰਤ ਨੂੰ ਅਮਲੀ ਸਮਾਜਵਾਦ ਦੀ ਲੋੜ ਹੈ। ਮਹੱਤਵਪੂਰਨ ਚੀਜ਼ ਇਹ ਹੈ ਕਿ ਅਸੀਂ ਅਵਾਮ ਲਈ ਕੁੱਲੀ, ਗੁੱਲੀ ਜੁਲੀ, ਡਾਕਟਰੀ ਸਹਾਇਤਾ ਤੇ ਰੁਜ਼ਗਾਰ ਸਬੰਧੀ ਕੀ ਕੁਝ ਕਰ ਸਕਦੇ ਹਾਂ। ਜਿਤਨੀ ਵਧੇਰੇ ਅਸੀਂ ਇਨ੍ਹਾਂ ਕੰਮਾਂ ਵਿਚ ਸਫ਼ਲਤਾ ਹਾਸਲ ਕਰਾਂਗੇ, ਉਤਨਾ ਹੀ ਅਸੀਂ ਸਮਜਵਾਦ ਦੇ ਨੇੜੇ ਪੁਜਾਂਗੇ। ਅਮੀਰ ਤੇ ਗ਼ਰੀਬ ਵਿਚਕਾਰ ਜੋ ਐਡਾ ਵੱਡਾ ਪਾੜ ਹੈ, ਉਸਨੂੰ ਦੂਰ ਕਰਨਾ ਹੈ। ਕੇਵਲ ਇਸ ਤਰ੍ਹਾਂ ਨਾਲ ਅਸੀਂ ਭੁਬਨੇਸ਼ਵਰ ਦੇ ਸਮਾਜਵਾਦੀ ਮਤੇ ਦੀ ਪੂਰਤੀ ਕਰ ਸਕਦੇ ਹਾਂ।"

ਪ੍ਰਧਾਨ ਮੰਤਰੀ ਬਣਨ ਤੋਂ ਝੱਟ ਹੀ ਪਿਛੋਂ ਸ਼ਾਸ਼ਤਰੀ ਜੀ ਨੂੰ ਇਕ ਝਟਕਾ ਜਿਹਾ ਲੱਗਾ, ਜਿਸ ਕਰਕੇ ਕਈ ਲੋਕਾਂ ਵਿਚ ਉਨ੍ਹਾਂ ਦੀ ਇਸ ਨਵੀਂ ਜ਼ਿੰਮੇਵਾਰੀ ਦੀ ਸਮੱਰਥਾ ਬਾਰੇ ਕਾਨਾਫੂਸੀ ਤੇ ਘੁਸਰ-ਮੁਸਰ ਸ਼ੁਰੂ ਹੋ ਗਈ। ਆਪ ਨੂੰ ਫਿਰ ਦਿਲ ਦਾ ਦੌਰਾ ਪੈ ਗਿਆ ਜਿਹੜਾ ਲੋਕਾਂ ਤੋਂ ਭਾਵੇਂ ਛੁਪਾ ਕੇ ਰੱਖਿਆ ਗਿਆ ਪਰ ਹਾਲਾਤ ਤੋਂ ਉਨ੍ਹਾਂ ਦੀ ਪਕੜ ਕੁਝ ਢਿੱਲੀ ਜਿਹੀ ਹੋ ਗਈ। ਆਪ ਕਾਮਨ-ਵੈਲਥ ਪ੍ਰਧਾਨ ਮੰਤਰੀਆਂ ਦੀ ਕਾਨਫਰੰਸ 'ਤੇ ਵੀ ਨਾ ਜਾ ਸਕੇ। ਪ੍ਰੈੱਸ ਵਿਚ ਤੇ ਇਧਰ ਉਧਰ ਇਸ ਤਰ੍ਹਾਂ ਦੀ ਚਰਚਾ ਹੋਈ ਜਿਸ ਨਾਲ ਲਾਲ ਬਹਾਦਰ ਜੀ ਦੇ ਹਰ ਦਿਲ ਅਜ਼ੀਜ਼ੀ ਨੂੰ ਕੁਝ ਢਾਹ ਲੱਗੀ। ਪਰ ਛੇਤੀ ਹੀ ਠੀਕ ਹੋ ਜਾਣ ਤੋਂ ਬਾਅਦ ਸ਼ਾਸ਼ਤਰੀ ਜੀ ਮੁੜ ਆਪਣੇ-ਆਪ ਵਿਚ ਆਏ ਤੇ ਆ ਕੇ ਸਾਰੀ ਅਵਸਥਾ 'ਤੇ ਕਾਬੂ ਪਾ ਲਿਆ। ਮੁੜ ਕੇ ਲੋਕਾਂ ਵਿਚ ਇਹ ਪ੍ਰਭਾਵ ਚਲਾ ਗਿਆ ਕਿ ਲਾਲ ਬਹਾਦਰ ਆਪਣੇ ਫੈਸਲੇ, ਆਪਣੀ ਮਰਜ਼ੀ ਨਾਲ ਲੈਂਦੇ ਹਨ ਤੇ ਕਿਸੇ ਦੀ ਕੋਈ ਚੜ੍ਹਤ ਆਪ 'ਤੇ ਨਹੀਂ। ਹਾਂ, ਰਾਏ ਆਪ ਲੋੜ ਅਨੁਸਾਰ ਸਭ ਦੀ ਲੈ ਲੈਂਦੇ ਸਨ। ਆਪ ਵਿਦੇਸ਼ ਵਿਚ ਜਿਥੇ ਗਏ ਆਪਣੀ ਸ਼ਖਸੀਅਤ ਦਾ ਅਸਰ ਛੱਡ

Digitized by Panjab Digital Library | www.panjabdigilib.org

ਕੇ ਆਏ । ਕਾਹਿਰਾ ਨਿਰਪੱਖਤਾ ਕਾਨਫਰੰਸ ਤੇ ਆਪ ਨੇ ਅਮਨ ਕਾਇਮ ਕਰਨ ਲਈ ਠੋਸ ਪ੍ਰੋਗਰਾਮ ਲਈ ਪੰਜ ਨੁਕਤੇ ਪੇਸ਼ ਕੀਤੇ । (1) ਨੀਊਕਲੀਅਰ ਸ਼ਸਤਰ-ਹੀਨਤਾ । (2) ਸਰਹੱਦੀ ਝਗੜਿਆਂ ਦਾ ਪਰਸਪਰ ਨਿਪਟਾਰਾ । (3) ਵਿਦੇਸ਼ੀ ਪ੍ਰਧਾਨਤਾ, ਵਧੀਕੀ ਦਖਲ ਅੰਦਾਜ਼ੀ ਤੇ ਕੌਮੀ ਵਿਤਕਰੇ ਤੋਂ ਸੁਤੰਤਰਤਾ । (4) ਕੌਮਾਤਰੀ ਮਿਲਵਰਤਨ ਵਾਲੇ ਆਰਥਿਕ ਵਿਕਾਸ । (5) ਇਤਹਾਦੀ ਸਭਾ ਦੇ ਪ੍ਰੋਗਰਾਮ ਦੀ ਪੂਰੀ-ਪੂਰੀ ਸਹਾਇਤਾ । ਸਾਸ਼ਤਰੀ ਜੀ ਦੀ ਤਕਰੀਰ ਦਾ ਬੜਾ ਅਸਰ ਹੋਇਆ ਤੇ ਕਾਨਫਰੰਸ ਦਾ ਵਿਸ਼ੇਸ਼ ਮਤਾ ਇਨ੍ਹਾਂ ਨੁਕਤਿਆਂ ਅਨੁਸਾਰ ਪਾਸ ਕੀਤਾ ਗਿਆ ।

ਇਸ ਤੋਂ ਬਾਅਦ ਆਪ ਨੇ ਰੂਸ ਤੇ ਕੈਨੇਡਾ ਦਾ ਚੱਕਰ ਲਾਇਆ ਤੇ ਦੂਹਾਂ ਥਾਂਵਾਂ ਤੇ ਆਪਣੀ ਸ਼ਖਸੀਅਤ ਦਾ ਸਿੱਕਾ ਬਿਠਾ ਕੇ ਆਏ ।

ਸਭ ਤੋਂ ਵੱਧ ਮਹੱਤਤਾ ਆਪ ਨੂੰ ਪਾਕਿਸਤਾਨ ਨਾਲ ਹੋਈ ਲੜਾਈ ਵਿਚ ਮਿਲੀ । ਇਸ ਲੜਾਈ ਵਿਚ ਲਾਹੌਰ ਦਾ ਦੂਸਰਾ ਫਰੰਟ ਖੋਲ੍ਹ ਕੇ ਸ਼ਾਸ਼ਤਰੀ ਜੀ ਨੇ ਲੜਾਈ ਦਾ ਰੁਖ ਮੋੜ ਦਿੱਤਾ ਤੇ ਪਾਕਿਸਤਾਨ ਨੂੰ ਲੈਣੇ ਦੇ ਦੇਣੇ ਪੈ ਗਏ । ਸਾਡੀਆਂ ਫੌਜਾਂ ਲਾਹੌਰ ਦੀ ਸਰਹੱਦ ਵਿਚ ਦਾਖਲ ਹੋ ਗਈਆਂ । ਇਸ ਲੜਾਈ ਦੀ ਜਿੱਤ ਹਾਸਲ ਕਰਕੇ ਲਾਲ ਬਹਾਦਰ ਦੇਸ਼ ਦਾ ਭਾਗਸ਼ਾਲੀ ਨੇਤਾ ਉੱਭਰ ਕੇ ਸਾਹਮਣੇ ਆਇਆ । ਪੰਜਾਬ ਵਿਚ ਪਿੰਡਾਂ ਦੇ ਲੋਕਾਂ ਨੇ ਇਹ ਕਹਿਣਾ ਸ਼ੁਰੂ ਕੀਤਾ ਕਿ "ਲਾਲ ਬਹਾਦਰ ਹੈ ਤਾਂ ਪਊਆ ਸੀ ਪਰ ਨਸ਼ਾ ਬੋਤਲ ਜਿੰਨਾ ਆ ਗਿਆ ਹੈ" ਇਸ਼ਾਰਾ ਆਪ ਦੇ ਛੋਟੇ ਕੱਦ ਤੇ ਵੱਡੀ ਪ੍ਰਾਪਤੀ ਵੱਲ ਸੀ । ਲੜਾਈ ਵਿਚ ਜਿੱਤ ਨਾਲ ਲਾਲ ਬਹਾਦਰ ਦੀ ਗੁੱਡੀ ਬਹੁਤ ਉੱਚੀ ਚੜ੍ਹ ਗਈ । ਸ਼ਾਸ਼ਤਰੀ ਜੀ ਨੇ ਮਜ਼ਾਕ ਮਜ਼ਾਕ ਵਿਚ ਆਪ ਵੀ ਇਸ ਦਾ ਜ਼ਿਕਰ ਕੀਤਾ । ਤਾਸ਼ਕੰਦ ਜਾਣ ਤੋਂ ਪਹਿਲਾਂ ਦਿੱਲੀ ਵਿਚ ਰਹਿਣ ਵਾਲੇ ਮੇਰੇ ਕੁਝ ਪੰਜਾਬੀ ਦੋਸਤਾਂ ਨੇ ਇੱਛਾ ਜ਼ਾਹਿਰ ਕੀਤੀ ਕਿ ਜੇ ਪ੍ਰਧਾਨ ਮੰਤਰੀ ਜੀ ਸਾਡੀ ਮਾਰਕੀਟ ਵਿਚ ਦਰਸ਼ਨ ਦੇਣੇ ਕਬੂਲ ਕਰਨ ਤਾਂ ਅਸੀਂ ਇਕ ਲੱਖ ਰੁਪਏ ਦੀ ਥੈਲੀ ਪੇਸ਼ ਕਰਾਂਗੇ । ਮੈਂ ਬਾਬੂ ਜੀ ਪਾਸ ਗਿਆ ਤਾਂ ਹੱਸ ਕੇ ਕਹਿਣ ਲੱਗੇ, ਮੈਂ ਇਕ ਲੱਖ ਰੁਪਏ ਦੀ ਖ਼ਾਤਰ ਨਹੀਂ ਜਾਂਦਾ ਮੈਨੂੰ ਸੋਨਾ ਵੀ ਚਾਹੀਦਾ ਹੈ । ਮੋਟਰ ਡੀਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਮੇਰੇ ਨਾਲ ਹੀ ਸਨ, ਉਨ੍ਹਾਂ ਨੇ ਝੱਟ ਕਹਿ ਦਿੱਤਾ ਕਿ ਅਸੀਂ ਇਕ ਲੱਖ ਦਾ ਸੋਨਾ

Digitized by Panjab Digital Library | www.panjabdigilib.org

ਵੀ ਪੇਸ਼ ਕਰਾਂਗੇ । ਚੁਨਾਂਚਿ ਤਰੀਕ ਮਿੱਥੀ ਗਈ । ਸ਼ਾਸਤਰੀ ਜੀ ਨੇ ਆਪਣੀ ਤਕਰੀਰ ਵਿਚ ਕਿਹਾ ਕਿ ਜਦੋਂ ਪ੍ਰੇਮ ਸਿੰਘ ਨੇ ਇਕ ਲੱਖ ਰੁਪਏ ਦੀ ਗੱਲ ਕੀਤੀ ਤਾਂ ਮੈਂ ਕਿਹਾ ਕਿ ਮੇਰੀ ਕੀਮਤ ਵੱਧ ਗਈ ਹੈ, ਮੈਨੂੰ ਸੋਨਾ ਵੀ ਚਾਹੀਦਾ ਹੈ । ਆਪ ਨੇ ਇਹ ਗੱਲ ਐਸੇ ਅੰਦਾਜ਼ ਵਿਚ ਕਹੀ ਕਿ ਸਾਰੇ ਲੋਕ ਹੱਸ ਪਏ । ਉਸ ਤੋਂ ਤੀਸਰੇ ਦਿਨ ਆਪ ਤਾਸ਼ਕੰਦ ਰਵਾਨਾ ਹੋ ਗਏ ਤੇ ਦੋਹਾਂ ਮੁਲਕਾਂ ਵਿਚਕਾਰ ਅਮਨ ਦਾ ਹੱਲ ਕੱਢਕੇ ਆਪਣਾ ਬਲੀਦਾਨ ਦੇ ਗਏ ਤੇ ਉਨ੍ਹਾਂ ਦੇ ਦੇਸ਼ ਵਾਸੀ ਜਿਹੜੇ ਉਨ੍ਹਾਂ ਦੀ ਸਫਲਤਾ 'ਤੇ ਉਨ੍ਹਾਂ ਦਾ ਸ਼ਾਹਾਨਾ ਸੁਆਗਤ ਕਰਨ ਦੀ ਤਿਆਰੀ ਵਿਚ ਸਨ, ਦੇ ਇਰਾਦੇ ਧਰੇ ਧਰਾਏ ਰਹਿ ਗਏ ਅਤੇ ਇਹਦੇ ਉਲਟ ਉਨ੍ਹਾਂ ਨੂੰ ਰੋਂਦੀਆਂ ਅੱਖਾਂ, ਕੁਰਲਾਉਂਦੇ ਮਨ ਤੇ ਦੁਖਦੇ ਹਿਰਦਿਆਂ ਨਾਲ ਵਿਜੇਈ ਲਾਲ ਬਹਾਦਰ ਦਾ ਮ੍ਰਿਤਕ ਸਰੀਰ ਮਿਲਿਆ ।

ਤਾਸ਼ਕੰਦ ਕਾਨਫਰੰਸ ਵਿਚ ਸ਼ਾਸ਼ਤਰੀ ਜੀ ਨੇ ਜਿਸ ਸੁਹਿਰਦਤਾ, ਜੁਗਤੀ ਤੇ ਨਿਪੁੰਨਤਾ ਨਾਲ ਆਪਣਾ ਹਿੱਸਾ ਪਾਇਆ, ਉਸ ਦੀ ਸ਼ਲਾਘਾ ਚੌ-ਤਰਫੀ ਹੋਈ । ਰੂਸ ਦੇ ਪ੍ਰਧਾਨ ਮੰਤਰੀ ਕੋਸੀਗਿਨ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਲਾਲ ਬਹਾਦਰ ਇਕ ਬੜਾ ਭਾਰਾ ਨੀਤੀਵਾਨ, ਬੁੱਧੀਮਾਨ, ਸੁਚੱਜਾ ਤੇ ਦੂਰ ਦ੍ਰਿਸ਼ਟੀ ਵਾਲਾ ਮਹਾਨ ਇਨਸਾਨ ਸੀ ।

ਸਾਸ਼ਤਰੀ ਜੀ ਦੀ ਮੌਤ ਤੋਂ ਪਿਛੋਂ ਉਨ੍ਹਾਂ ਦੀ ਮੌਤ ਬਾਰੇ ਕੁਝ ਸ਼ੰਕੇ ਪ੍ਰਗਟ ਕੀਤੇ ਗਏ । ਕਈ ਇਕ ਲਿਖਾਰੀਆਂ ਨੇ ਲਿਖਿਆ ਕਿ ਸ਼ਾਸ਼ਤਰੀ ਜੀ ਦੀ ਮੌਤ ਕੁਦਰਤੀ ਨਹੀਂ ਸੀ । ਪਾਰਲੀਮੈਂਟ ਵਿਚ ਵੀ ਸਵਾਲ ਉਠਾਇਆ ਗਿਆ ਤੇ ਉਸਦੇ ਜਵਾਬ ਵਿਚ ਸਰਕਾਰ ਨੇ ਇਕ ਵਾਈਟ ਪੇਪਰ ਵੀ ਸਦਨ ਦੀ ਮੇਜ਼ 'ਤੇ ਰੱਖਿਆ । ਇਕ ਲਿਖਾਰੀ ਨੇ ਤਾਂ ਇਹ ਵੀ ਦਾਅਵਾ ਕੀਤਾ ਕਿ ਜੇ ਪੜਤਾਲ ਲਈ ਕੋਈ ਉੱਚ ਅਧਿਕਾਰੀ ਕਮੇਟੀ ਸਥਾਪਿਤ ਕੀਤੀ ਜਾਵੇ ਤਾਂ ਇਹ ਸਾਬਤ ਕੀਤਾ ਜਾ ਸਕਦਾ ਹੈ ਕਿ ਸ਼ਾਸਤਰੀ ਜੀ ਦੀ ਮੌਤ ਕੁਦਰਤੀ ਨਹੀਂ ਸੀ ਬਲਕਿ ਉਸ ਵਿਚ ਕੁਝ ਕਾਲਾ ਸੀ । ਹੁਣ ਇਸ ਵਾਦ-ਵਿਵਾਦ ਵਿਚ ਜਾਣ ਦੀ ਲੋੜ ਨਹੀਂ ਪਰ ਇਤਨਾ ਕਿਹਾ ਜਾ ਸਕਦਾ ਹੈ ਕਿ ਇਸ ਗੱਲ ਦਾ ਹੁਣ ਤਕ ਕੋਈ ਨਿਰਣਾ ਨਹੀਂ ਹੋ ਸਕਿਆ ।

ਲਾਲ ਬਹਾਦਰ ਦੀ ਜ਼ਿੰਦਗੀ ਦਾ ਇਕ ਹੋਰ ਪਹਿਲੂ ਖ਼ਾਸ ਤੌਰ ਤੇ ਵਰਨਣ ਯੋਗ ਹੈ । ਉਹ ਆਪ ਦੀ ਗਰੀਬੀ ਨਾਲ ਸਬੰਧ ਰੱਖਦਾ ਹੈ । ਆਪ ਸਾਰੀ ਉਮਰ ਗ਼ਰੀਬ ਰਹੇ । ਜਿਤਨਾ ਚਿਰ ਆਪ ਸੰਘਰਸ਼ ਵਿਚ ਰਹੇ ਆਪ ਦੇ ਟੱਬਰ ਦਾ ਗੁਜ਼ਾਰਾ ਆਪ ਦੀ ਧਰਮ ਪਤਨੀ ਲਲਿਤਾ ਦੇਵੀ, ਇਕ ਸੱਚੀ ਤੇ ਸੁੱਚੀ ਹਿੰਦੂ ਇਸਤਰੀ ਦੀ ਤਰ੍ਹਾਂ ਕਰਦੀ ਸੀ । ਕਈ ਵਾਰੀ ਆਪ ਦੇ ਘਰ ਆਟਾ ਨਹੀਂ ਹੋਇਆ ਤੇ ਅਕਸਰ

Digitized by Panjab Digital Library | www.panjabdigilib.org

ਲਲਿਤਾ ਨੂੰ ਮੋਟਰ ਦਾ ਕਿਰਾਇਆ ਨਹੀਂ ਜੁੜਿਆ ਕਿ ਉਹ ਜੇਲ੍ਹ ਵਿਚ ਜਾ ਪਤੀ ਨਾਲ ਮੁਲਾਕਾਤ ਤਕ ਕਰ ਸਕੇ । ਲਾਲ ਬਹਾਦਰ ਜੀ ਦੀ ਜੀਵਨ ਕਥਾ ਵਿਚ ਇਕ ਥਾਂ ਲਿਖਿਆ ਹੈ ਕਿ "ਬੱਚਿਆਂ ਨੂੰ ਦੁੱਧ ਪੀਣਾ ਉਦੋਂ ਨਸੀਬ ਹੋਇਆ ਜਦੋਂ ਪਾਰਲੀਮੈਂਟਰੀ ਸਕੱਤਰ ਬਣੇ ।" ਆਪ ਕੋਈ ਬੈਂਕ ਬੈਲੰਸ ਛੱਡ ਕੇ ਨਹੀਂ ਗਏ ਕਿਉਂਕਿ ਮਰਯਾਦਾ ਅਨੁਸਾਰ ਆਪ ਅਖ਼ੀਰ ਦਮ ਤਕ ਆਪਣੀ ਕਮਾਈ, "ਸਰਵੈਂਟਸ ਆਫ਼ ਦੀ ਪੀਪਲਜ਼ ਸੋਸਾਇਟੀ" ਨੂੰ ਦੇਂਦੇ ਰਹੇ ਤੇ ਗੁਜ਼ਾਰੇ ਮੁਤਾਬਕ ਖ਼ਰਚਾ ਲੈਂਦੇ ਰਹੇ । ਇਹ ਮਿਸਾਲ ਆਪਣੇ ਆਪ ਵਿਚ ਲਾਸਾਨੀ ਹੈ । ਦੁਨੀਆਂ ਦੇ ਕਿਸੇ ਪ੍ਰਧਾਨ ਮੰਤਰੀ ਵਿਚ ਤੁਸੀਂ ਐਸੀ ਗੱਲ ਨਹੀਂ ਵੇਖੋਗੇ । ਕਹਿੰਦੇ ਨੇ ਲਲਿਤਾ ਜੀ ਪਾਸ ਕੇਵਲ ਤਿੰਨ ਖੱਦਰ ਦੀਆਂ ਸਾੜ੍ਹੀਆਂ ਹੁੰਦੀਆਂ ਸਨ ਤੇ ਆਪਣੀਆਂ ਚੋਲੀਆਂ ਉਹ ਆਪਣੇ ਪਤੀ ਦੇ ਫਟੇ ਕੁਰਤਿਆਂ ਵਿਚੋਂ ਬਣਾ ਲੈਂਦੀ ਸੀ । ਖੂਬੀ ਦੀ ਗੱਲ ਇਹ ਹੈ ਕਿ ਲਾਲ ਬਹਾਦਰ ਜਾਂ ਲਲਿਤਾ ਦੇਵੀ ਦੇ ਮਨ ਤੇ ਦੇਸ਼ ਸੇਵਾ ਦੇ ਚਾਅ ਉਤੇ ਗੁਰਬਤ ਦਾ ਕਦੀ ਪ੍ਰਭਾਵ ਨਹੀਂ ਰਿਹਾ । ਉਨ੍ਹਾਂ ਨੇ ਗੁਰਬਤ ਨੂੰ ਆਪਣੇ ਦੇਸ਼ ਪ੍ਰੇਮ ਦੀ ਅਵਸਥਾ ਉਤੇ ਕਦੇ ਭਾਰੂ ਨਹੀਂ ਹੋਣ ਦਿੱਤਾ ।

ਲਾਲ ਬਹਾਦਰ ਬੁਨਿਆਦੀ ਤੌਰ 'ਤੇ ਅਮਨ ਪਸੰਦ ਆਦਮੀ ਤੇ ਮਹਾਤਮਾ ਗਾਂਧੀ ਦਾ ਸੱਚਾ ਸ਼ਿਸ਼ ਸੀ । ਪਰ ਜਦੋਂ ਫ਼ਰਜ਼ ਦੀ ਪੂਰਤੀ ਲਈ ਸਿਰ ਪਏ ਜੰਗ ਵਿਚ ਲੜਨਾ ਪੈ ਗਿਆ ਤਾਂ ਆਪ ਨੇ ਦ੍ਰਿੜ੍ਹ ਇਰਾਦੇ ਨਾਲ ਮੁਕਾਬਲਾ ਕੀਤਾ ਤੇ ਵਿਜੈ ਪ੍ਰਾਪਤ ਕੀਤੀ । ਅੰਗਰੇਜ਼ੀ ਦੇ ਇਕ ਲਿਖਾਰੀ ਨੇ ਆਪ ਨੂੰ ਮਹਾਂ ਭਾਰਤ ਦੇ ਅਰਜਨ ਨਾਲ ਤਸਬੀਹ ਦਿੱਤੀ ਜਿਹੜਾ ਆਪਣੇ ਹੀ ਰਿਸ਼ਤੇ ਦਾਰਾਂ ਤੇ ਸਬੰਧੀਆਂ ਦੀ ਜਾਨ ਲੈਣ ਲਈ ਤਿਆਰ ਨਹੀਂ ਸੀ ਪਰ ਜਿਹਨੂੰ ਭਗਵਾਨ ਕ੍ਰਿਸ਼ਨ ਨੇ ਲੜਾਈ ਦੇ ਮੈਦਾਨ ਵਿਚ ਇਸ ਤਰ੍ਹਾਂ ਦਾ ਉਪਦੇਸ਼ ਦਿੱਤਾ ਕਿ ਤੇਰਾ ਕਰਤੱਵ ਕਿਸੇ ਮੰਦ ਭਾਵਨਾ ਦਾ ਨਹੀਂ ਬਲਕਿ ਤੇਰੀ ਫ਼ਰਜ਼ ਸ਼ਨਾਸੀ ਦਾ ਚਿੰਨ੍ਹ ਹੋਵੇਗਾ ।

ਇਹ ਸੀ ਸਾਡਾ ਲਾਲ ਬਹਾਦਰ ਜਿਸ ਨੇ ਹਰ ਲੜਾਈ ਵਿਚ ਚਾਹੇ ਉਹ ਇੰਦਰੀਆਂ 'ਤੇ ਕਾਬੂ ਪਾਉਣ ਦੀ ਲੜਾਈ ਸੀ, ਫ਼ਰਜ਼ ਸ਼ਨਾਸੀ ਦੀ ਲੜਾਈ ਸੀ, ਆਚਰਨ ਦੀ ਲੜਾਈ ਸੀ, ਸਤਿਆ ਤੇ ਅਹਿੰਸਾ ਦੀ ਲੜਾਈ ਸੀ, ਜਾਂ ਫ਼ਰਜ਼ ਵਜੋਂ ਦੋ ਧਿਰਾਂ ਵਿਚਕਾਰ ਹਥਿਆਰਾਂ ਦੀ ਲੜਾਈ ਸੀ, ਵਿਜੈ ਪ੍ਰਾਪਤ ਕੀਤੀ । ਇਸੇ ਲਈ ਆਪ ਦੇ ਅੰਤਿਮ ਸੰਸਕਾਰ ਤੋਂ ਬਾਅਦ ਆਪ ਦੇ ਦੇਸ਼ ਵਾਸੀਆਂ ਨੇ ਆਪ ਦੀ ਸਮਾਧੀ ਦਾ ਨਾਂ ਵਿਜੈ ਘਾਟ ਰੱਖਿਆ ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1394

Digitized by Panjab Digital Library | www.panjabdigilib.org

Digitized by Panjab Digital Library | www.panjabdigilib.org